@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 13 April 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 13 ਅਪ੍ਰੈਲ 2024, 30 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 143, qpatrika@gmail.com ਫੋਨ : 9971359517 www.qaumipatrika.org

## ਦਹਾਕਿਆਂ ਬਾਅਦ ਜੰਮੂ ਕਸ਼ਮੀਰ 'ਚ ਅੱਤਵਾਦ, ਸਰਹੱਦ ਪਾਰ ਤੋਂ ਗੋਲੀਬਾਰੀ ਦੇ ਡਰ ਤੋਂ ਬਿਨਾਂ ਹੋ ਰਹੀਆਂ ਹਨ ਚੋਣਾਂ : ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਊਧਮਪੁਰ 12 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਜੰਮੂ ਕਸ਼ਮੀਰ 'ਚ ਅੱਤਵਾਦ, ਹੜਤਾਲ, ਪਥਰਾਅ ਅਤੇ ਸਰਹੱਦ ਪਾਰ ਤੋਂ ਗੋਲੀਬਾਰੀ ਦੇ ਡਰ ਦੇ ਬਿਨਾਂ ਹੋਣਗੀਆਂ। ਪ੍ਰਧਾਨ ਮੰਤਰੀ ਨੇ ਊਧਮਪੁਰ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਜੰਮੂ ਕਸ਼ਮੀਰ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੇ ਰਹੇ ਦੁੱਖ ਨੂੰ ਖਤਮ ਕਰਨ ਦਾ ਆਪਣਾ ਵਾਅਦਾ ਪੂਰਾ ਕੀਤਾ ਹੈ। ਪ੍ਰਧਾਨ ਮੰਤਰੀ ਦੇ ਨਾਲ ਹੀ ਕਾਂਗਰਸ ਅਤੇ ਹੋਰ ਵਿਰੋਧੀ ਦਲਾਂ ਨੂੰ ਸੰਵਿਧਾਨ ਦੀ ਧਆਰਾ 370 ਨੂੰ ਵਾਪਸ ਲਿਆਉਣ ਦੀ ਚੁਣੌਤੀ ਦਿੱਤੀ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਅਗਸਤ 2019 'ਚ ਧਾਰਾ 370 ਦੇ ਜ਼ਿਆਦਾਤਰ ਪ੍ਰਬੰਧਾਂ ਨੂੰ ਖਤਮ ਕਰ ਦਿੱਤਾ ਸੀ। ਇਹ ਰੈਲੀ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਦੇ ਸਮਰਥਨ 'ਚ ਜੰਮੂ ਕਸ਼ਮੀਰ ਰਾਸ਼ਟਰੀ ਰਾਜਮਾਰਗ 'ਤੇ ਮੋਦੀ ਮੈਦਾਨ 'ਚ ਆਯੋਜਿਤ ਕੀਤੀ ਗਈ। ਸਿੰਘ ਊਧਮਪੁਰ 'ਚ ਲੋਕ ਸਭਾ ਸੀਟ ਤੋਂ ਤੀਜੀ ਵਾਰ ਚੋਣ ਲੜ ਰਹੇ ਹਨ। ਊਧਮਪੁਰ 'ਚ 19 ਅਪ੍ਰੈਲ ਨੂੰ ਵੋਟਿੰਗ ਹੋਣੀ ਹੈ। ਕਾਂਗਰਸ ਨੇ ਇਸ ਸੀਟ ਤੋਂ ਚੌਧਰੀ ਲਾਲ ਸਿੰਘ ਨੂੰ ਮੈਦਾਨ 'ਚ ਉਤਾਰਿਆ ਹੈ ਅਤੇ ਡੈਮਕ੍ਰੇਟਿਕ ਪ੍ਰੋਗ੍ਰੇਸਿਵ ਆਜਾਦ ਪਾਰਟੀ



(ਡੀਪੀਏਪੀ) ਨੇ ਜੀ.ਐੱਮ. ਸਰੂਰੀ ਨੂੰ ਸੀਟ ਤੋਂ ਇੱਥੋਂ ਉਮੀਦਵਾਰ ਬਣਾਇਆ ਹੈ। ਉਨ੍ਹਾਂ ਨੇ ਆਪਣੇ ਸੰਬੋਧਨ 'ਚ ਕਿਹਾ,"ਮੈਂ ਪਿਛਲੇ 5 ਦਹਾਕਿਆਂ ਤੋਂ ਜੰਮੂ ਕਸ਼ਮੀਰ ਆ ਰਿਹਾ ਹਾਂ। ਮੈਨੂੰ 1992 'ਚ ਲਾਲ ਚੌਕ (ਸ਼੍ਰੀਨਗਰ) 'ਤੇ ਤਿਰੰਗਾ ਲਹਿਰਾਉਣ ਲਈ ਕੱਢੀ ਗਈ ਏਕਤਾ ਯਾਤਰਾ ਯਾਦ ਹੈ। ਸਾਡਾ ਸ਼ਾਨਦਾਰ ਸੁਆਗਤ ਹੋਇਆ ਸੀ। ਸਾਲ 2014 'ਚ ਵੈਸ਼ਣੋ ਦੇਵੀ ਮੰਦਰ 'ਚ ਪੂਜਾ ਕਰਨ ਤੋਂ ਬਾਅਦ ਮੈਂ ਇਸੇ ਸਥਾਨ 'ਤੇ ਇਕ ਸਭਾ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਲੋਕਾਂ ਨੂੰ ਮੁਕਤੀ ਦਿਵਾਉਣ ਦੀ ਗਾਰੰਟੀ ਦਿੱਤੀ ਸੀ, ਜੋ ਪੀੜ੍ਹੀਆਂ ਤੋਂ (ਅੱਤਵਾਦ ਕਾਰਨ) ਪੀੜਤ ਸਨ।" ਪ੍ਰਧਾਨ ਮੰਤਰੀ ਨੇ ਕਿਹਾ,"ਅੱਜ ਤੁਹਾਡੇ ਆਸ਼ੀਰਵਾਦ ਨਾਲ, ਮੋਦੀ ਨੇ ਇਸ ਗਾਰੰਟੀ ਨੂੰ ਪੂਰਾ ਕੀਤਾ ਹੈ। ਦਹਾਕੇ ਬਾਅਦ ਇਹ ਚੋਣਾਂ ਅੱਤਵਾਦ, ਵੱਖਵਾਦ, ਪਥਰਾਅ, ਹੜਤਾਲ ਅਤੇ ਸਰਹੱਦ ਪਾਰ ਅੱਤਵਾਦ ਦੇ ਡਰ ਦੇ ਬਿਨਾਂ ਹੋ ਰਹੀਆਂ ਹਨ, ਜੋ ਹੁਣ ਚੋਣ ਮੁੱਦੇ ਨਹੀਂ ਹਨ। ਪਹਿਲੇ ਹੁੰਦਾ ਸੀ ਵੈਸ਼ਣੋ ਦੇਵੀ ਅਤੇ ਅਮਰਨਾਥ ਤੀਰਥ ਯਾਤਰਾ ਦੀ ਸੁਰੱਖਿਆ ਲੈ ਕੇ ਚਿੰਤਾ ਰਹਿੰਦੀ ਸੀ ਪਰ ਸਥਿਤੀ (ਸੁਰੱਖਿਆ) ਬਿਲਕੁੱਲ ਬਦਲ ਗਈ ਹੈ। ਜੰਮੂ ਕਸ਼ਮੀਰ 'ਚ ਵਿਕਾਸ ਹੋ ਰਿਹਾ ਹੈ ਅਤੇ ਸਰਕਾਰ 'ਚ ਲੋਕਾਂ ਦਾ ਵਿਸ਼ਵਾਸ ਮਜਬੂਤ ਹੋ ਰਿਹਾ ਹੈ।" ਧਾਰਾ 370 ਨੂੰ ਰੱਦ ਕਰਨ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਕਾਂਗਰਸ ਅਤੇ ਹੋਰ ਵਿਰੋਧੀ ਦਲਾਂ ਨੂੰ ਵਿਵਾਦਿਤ ਸੰਵਿਧਾਨਕ ਪ੍ਰਬੰਧ ਵਾਪਸ ਲੈਣ ਦੀ ਚੁਣੌਤੀ ਦਿੱਤੀ ਅਤੇ ਕਿਹਾ ਕਿ ਉਹ ਅਜਿਹਾ ਨਹੀਂ ਕਰ ਸਕਣਗੇ।

## ਬਸਪਾ ਸੰਸਦ ਮੈਂਬਰ ਦੀ ਜਾਇਦਾਦ 250 ਕਰੋੜ, ਟਿਕਟ ਨਹੀਂ ਮਿਲੀ ਤਾਂ ਛੱਡ ਦਿੱਤੀ ਪਾਰਟੀ

ਬਿਜਨੌਰ 12 ਅਪ੍ਰੈਲ। ਬਹੁਜਨ ਸਮਾਜ ਪਾਰਟੀ ਵਲੋਂ ਬਿਜਨੌਰ ਤੋਂ ਆਪਣੇ ਜਿਸ ਸਾਬਕਾ ਸੰਸਦ ਮੈਂਬਰ ਮਲੂਕ ਨਾਗਰ ਦੀ ਟਿਕਟ ਕੱਟੀ ਗਈ ਹੈ, ਉਹ ਉੱਤਰ ਪ੍ਰਦੇਸ਼ ਦੇ ਸਭ ਤੋਂ ਅਮੀਰ ਸੰਸਦ ਮੈਂਬਰਾਂ 'ਚੋਂ ਇਕ ਹਨ। ਸਾਲ 2019 ਦੀਆਂ ਲੋਕ ਸਭਾ ਚੋਣਾਂ 'ਚ ਦਿੱਤੇ ਗਏ ਹਲਫਨਾਮੇ ਅਨੁਸਾਰ ਮਲੂਕ ਨਾਗਰ ਦੀ ਕੁੱਲ ਜਾਇਦਾਦ ਲਗਭਗ 250 ਕਰੋੜ ਰੁਪਏ ਹੈ। ਉਨ੍ਹਾਂ 'ਤੇ ਬੈਂਕਾਂ ਦਾ 101.61 ਕਰੋੜ ਰੁਪਏ ਬਕਾਇਆ ਹੈ। ਸਟੇਟ ਬੈਂਕ ਆਫ ਇੰਡੀਆ ਨੇ ਮਲੂਕ ਨਾਗਰ ਅਤੇ ਉਨ੍ਹਾਂ ਦੇ ਭਰਾ ਵਿਰੁੱਧ 54 ਕਰੋੜ ਰੁਪਏ ਦੀ ਵਸੂਲੀ



ਦਾ ਵੀ ਨੋਟਿਸ ਜਾਰੀ ਕੀਤਾ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਕੁਝ ਟਿਕਾਣਿਆਂ 'ਤੇ ਆਮਦਨ ਕਰ ਵਿਭਾਗ ਦੀ ਰੇਡ ਵੀ ਹੋਈ ਸੀ। ਟਿਕਟ ਕੱਟੇ ਜਾਣ ਤੋਂ ਬਾਅਦ ਮਲੂਕ ਨੇ ਮਾਇਆਵਤੀ ਦਾ ਸਾਥ ਛੱਡ ਦਿੱਤਾ ਹੈ। ਹੁਣ ਉਹ ਰਾਸ਼ਟਰੀ ਲੋਕ ਦਲ ਦਾ ਹਿੱਸਾ ਹੋ ਗਏ ਹਨ। ਨਾਗਰ ਦੇ ਰਾਲੋਦ 'ਚ ਸ਼ਾਮਲ ਹੋਣ ਤੋਂ ਮੰਨਿਆ ਜਾ ਰਿਹਾ ਹੈ ਕਿ ਪੱਛਮੀ ਉੱਤਰ ਪ੍ਰਦੇਸ਼ 'ਚ ਪਾਰਟੀ ਨੂੰ ਕਾਫੀ ਫਾਇਦਾ ਹੋਵੇਗਾ। ਮਲੂਕ ਨਾਗਰ ਦੀ ਬਿਜਨੌਰ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕੇ 'ਚ ਕਾਫੀ ਚੰਗੀ ਪਕੜ ਮੰਨੀ ਜਾਂਦੀ ਹੈ। ਕੀ ਆਜਾਦ ਉਮੀਦਵਾਰ ਦੇ ਤੌਰ 'ਤੇ ਚੁਣਿਆ ਗਿਆ ਸੰਸਦ ਮੈਂਬਰ ਕਿਸੇ ਪਾਰਟੀ ਦੀ ਮੈਂਬਰਸ਼ਿਪ ਹਾਸਲ ਕਰ ਸਕਦਾ ਹੈ? ਅਜਿਹਾ ਕਰਨ 'ਚ ਕਾਨੂੰਨੀ ਰੁਕਾਵਟ ਨਹੀਂ ਹੈ ਪਰ ਅਜਿਹੀ ਸਥਿਤੀ 'ਚ ਉਸ ਦੀ ਚੋਣ ਰੱਦ ਹੋ ਜਾਵੇਗੀ ਅਤੇ ਉਹ ਸੰਸਦ ਤੋਂ ਡਿਸਕੁਆਲੀਫਾਈ ਹੋ ਜਾਵੇਗਾ।

## ਕੁਝ ਸਾਲਾਂ 'ਚ ਡਾਇਨਾਸੋਰ ਦੀ ਤਰ੍ਹਾਂ ਅਲੋਪ ਹੋ ਜਾਵੇਗੀ ਕਾਂਗਰਸ : ਰਾਜਨਾਥ ਸਿੰਘ

ਗੌਚਰ 12 ਅਪ੍ਰੈਲ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਕਾਂਗਰਸ ਕੁਝ ਸਾਲਾਂ 'ਚ ਡਾਇਨਾਸੋਰ ਦੀ ਤਰ੍ਹਾਂ ਅਲੋਪ ਹੋ ਜਾਵੇਗੀ। ਰਾਜਨਾਥ ਸਿੰਘ ਨੇ ਕਾਂਗਰਸ ਦੇ ਅੰਦਰ ਚੱਲ ਰਹੀ ਗੁਟਬਾਜੀ ਨੂੰ ਟੈਲੀਵਿਜਨ ਦੇ ਰਿਐਲਿਟੀ ਸ਼ੋਅ 'ਬਿਗ ਬੌਸ' ਦੇ ਘਰ 'ਚ ਹੋਣ ਵਾਲੀ ਲੜਾਈ ਨਾਲ ਤੁਲਨਾ ਕਰਦੇ ਹੋਏ ਕਿਹਾ ਕਿ ਪਾਰਟੀ ਦੇ ਨੇਤਾ ਰੋਜਾਨਾ ਇਕ-ਦੂਜੇ ਦੇ ਕੱਪੜੇ ਪਾੜ ਰਹੇ ਹਨ। ਉਨ੍ਹਾਂ ਕਿਹਾ,"ਕਾਂਗਰਸ ਤੋਂ ਨੇਤਾਵਾਂ ਦਾ ਬਾਹਰ ਨਿਕਲਣਾ ਜਾਰੀ ਹੈ। ਇਕ ਤੋਂ ਬਾਅਦ ਇਕ ਨੇਤਾ ਪਾਰਟੀ ਛੱਡ ਰਹੇ ਹਨ ਅਤੇ ਭਾਜਪਾ 'ਚ ਸ਼ਾਮਲ ਹੋ ਰਹੇ ਹਨ। ਮੈਨੂੰ ਡਰ ਹੈ ਕਿ ਅੱਜ ਤੋਂ ਕੁਝ ਸਾਲਾਂ 'ਚ ਕਾਂਗਰਸ ਡਾਇਨਾਸੋਰ ਦੀ ਤਰ੍ਹਾਂ ਅਲੋਪ ਨਾ ਹੋ ਜਾਵੇ।" 19 ਅਪ੍ਰੈਲ ਨੂੰ ਹੋਣ ਵਾਲੀ ਵੋਟਿੰਗ ਤੋਂ ਪਹਿਲਾਂ ਪੌੜੀ ਲੋਕ ਸਭਾ ਸੀਟ 'ਤੇ ਭਾਜਪਾ ਉਮੀਦਵਾਰ ਅਨਿਲ ਬਲੂਨੀ ਦੇ ਪੱਖ 'ਚ ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਰਾਜਨਾਥ ਸਿੰਘ ਨੇ ਕਿਹਾ,"2024 ਤੋਂ ਬਾਅਦ ਕੁਝ ਸਾਲਾਂ 'ਚ ਜੇਕਰ ਅਸੀਂ ਕਾਂਗਰਸ ਦਾ ਨਾਂ ਲਵਾਂਗੇ ਤਾਂ ਬੱਚੇ ਪੁੱਛਣਗੇ ਕਿ ਕੌਣ?" ਉਨ੍ਹਾਂ ਕਿਹਾ,"ਉਹ (ਕਾਂਗਰਸ ਨੇਤਾ) ਹਰ ਦਿਨ ਇਕ-ਦੂਜੇ ਨਾਲ ਲੜ ਰਹੇ ਹਨ।

## ਇਹ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਦੀਆਂ ਚੋਣਾਂ ਹਨ : ਰਾਹੁਲ ਗਾਂਧੀ

**ਏਜੰਸੀਆਂ**

ਜੈਪੁਰ 12 ਅਪ੍ਰੈਲ। ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਦੇਸ਼ ਦੇ ਸਾਹਮਣੇ ਦੋ ਸਭ ਤੋਂ ਵੱਡੇ ਮੁੱਦੇ ਬੇਰੁਜਗਾਰੀ ਅਤੇ ਮਹਿੰਗਾਈ ਹਨ ਪਰ ਕਿਤੇ ਕੋਈ ਸੁਣਵਾਈ ਨਹੀਂ ਹੋ ਰਹੀ। ਨਾਲ ਹੀ ਉਨ੍ਹਾਂ ਕਿਹਾ ਕਿ ਇਹ ਆਮ ਚੋਣਾਂ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਦੀਆਂ ਚੋਣਾਂ ਹਨ। ਰਾਹੁਲ ਗਾਂਧੀ ਸਰਹੱਦੀ ਸਹਿਰ ਅਨੂਪਗੜ੍ਹ ਵਿੱਚ ਕਾਂਗਰਸ ਦੀ ਚੋਣ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਰਾਹੁਲ ਨੇ ਕਿਹਾ ਕਿ ਇਹ ਚੋਣ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਦੀ ਚੋਣ ਹੈ। ਇਹ ਚੋਣ 90 ਫੀਸਦੀ ਲੋਕਾਂ ਦੀ ਚੋਣ ਹੈ...ਪੱਛੜੇ ਲੋਕਾਂ, ਦਲਿਤਾਂ, ਆਦਿਵਾਸੀਆਂ, ਗਰੀਬ ਆਮ ਜਾਤੀ ਦੇ ਲੋਕਾਂ ਦੀ। ਇੱਕ ਪਾਸੇ ਅਡਾਨੀ ਜੀ ਅਤੇ ਭਾਰਤ ਦੇ ਵੱਡੇ ਅਰਬਪਤੀ... ਸਾਰੀ ਦੌਲਤ ਉਨ੍ਹਾਂ ਦੇ ਹੱਥਾਂ ਵਿੱਚ ਹੈ। ਬੀਕਾਨੇਰ ਤੋਂ ਕਾਂਗਰਸ ਦੇ ਉਮੀਦਵਾਰ ਗੋਵਿੰਦ ਰਾਮ ਮੇਘਵਾਲ ਅਤੇ ਗੰਗਾਨਗਰ ਤੋਂ ਕੁਲਦੀਪ ਇੰਦੌਰਾ ਦੇ ਸਮਰਥਨ ਵਿੱਚ ਕੀਤੀ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਆਗੂ ਨੇ ਕਿਹਾ ਕਿ ਬੈਂਕ ਕਾਂਗਰਸ ਪਾਰਟੀ ਦੇ ਖਾਤੇ ਬੰਦ ਕਰ ਦਿੱਤੇ ਗਏ ਹਨ। ਉਨ੍ਹਾਂ ਕੇਂਦਰ ਦੀ ਸੱਤਾਧਾਰੀ ਭਾਜਪਾ 'ਤੇ ਦੋਸ ਲਾਉਂਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਨੇ ਭਾਰਤ ਦੇ ਵੱਡੇ ਉਦਯੋਗਪਤੀਆਂ ਤੋਂ ਚੋਣ ਬਾਂਡ ਅਤੇ ਲਾਬਿੰਗ ਰਾਹੀਂ



ਦਬਾਅ ਬਣਾ ਕੇ ਪੈਸੇ ਲਏ ਹਨ। ਉਨ੍ਹਾਂ ਕਿਹਾ ਕਿ ਇਹ ਚੋਣ ਦੇਸ ਦੇ ਗਰੀਬਾਂ ਅਤੇ 22-25 ਅਰਬਪਤੀਆਂ ਵਿਚਕਾਰ ਚੋਣ ਹੈ। ਭਾਜਪਾ ਦੀ ਕੇਂਦਰ ਸਰਕਾਰ 'ਤੇ ਕੁਝ ਵੱਡੇ ਉਦਯੋਗਪਤੀਆਂ ਦੇ ਕਰਜੇ ਮੁਆਫ ਕਰਨ ਦਾ ਦੋਸ ਲਾਉਂਦਿਆਂ ਉਨ੍ਹਾਂ ਵਾਅਦਾ ਕੀਤਾ ਕਿ ਕਾਂਗਰਸ ਗਰੀਬਾਂ, ਪਛੜੇ ਵਰਗਾਂ, ਦਲਿਤਾਂ ਅਤੇ ਆਦਿਵਾਸੀਆਂ ਨੂੰ ਓਨਾ ਹੀ ਪੈਸਾ ਦੇਵੇਗੀ, ਜਿੰਨਾ ਅਰਬਪਤੀਆਂ ਨੂੰ ਦਿੱਤਾ ਹੈ। ਜੇਕਰ ਨਰਿੰਦਰ ਮੋਦੀ ਵੱਡੇ ਉਦਯੋਗਪਤੀਆਂ ਦੇ ਕਰਜੇ ਮੁਆਫ ਕਰ ਸਕਦੇ ਹਨ ਤਾਂ ਕਾਂਗਰਸ ਪਾਰਟੀ ਮੁੜ ਕਿਸਾਨਾਂ ਦੇ ਕਰਜੇ ਮੁਆਫ ਕਰਕੇ ਦਿਖਾਵੇਗੀ। ਜਿੰਨਾ ਪੈਸਾ ਉਨ੍ਹਾਂ ਨੇ 20-25 ਲੋਕਾਂ ਨੂੰ ਦਿੱਤਾ, ਅਸੀਂ ਭਾਰਤ ਦੇ ਕਰੋੜਾਂ ਲੋਕਾਂ ਨੂੰ ਦੇਵਾਂਗੇ। ਰਾਹੁਲ ਨੇ ਕਿਹਾ ਕਿ ਦੇਸ ਦੇ ਸਾਹਮਣੇ ਦੋ ਸਭ ਤੋਂ ਵੱਡੇ ਮੁੱਦੇ ਬੇਰੁਜਗਾਰੀ ਅਤੇ ਮਹਿੰਗਾਈ ਹਨ ਪਰ ਮੀਡੀਆ ਵਿੱਚ ਇਨ੍ਹਾਂ ਦੀ ਚਰਚਾ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਕਰ ਰਹੇ ਹਨ, ਨੌਜਵਾਨ ਰੁਜਗਾਰ ਦੀ ਮੰਗ ਕਰ ਰਹੇ ਹਨ, ਔਰਤਾਂ ਮਹਿੰਗਾਈ ਤੋਂ ਬਚਣ ਦੀਆਂ ਮਿੰਨਤਾਂ ਕਰ ਰਹੀਆਂ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਇਹ ਵੀ ਕਿਹਾ ਕਿ ਮੋਦੀ ਸਰਕਾਰ ਵੱਲੋਂ ਭਾਰਤ ਦੇ 25-30 ਸਭ ਤੋਂ ਧਨਾਢ ਲੋਕਾਂ ਦਾ ਕਰਜਾ ਮੁਆਫੀ 24 ਸਾਲਾਂ ਤੋਂ ਮਨਰੇਗਾ ਮਜਦੂਰੀ ਦੇਣ ਲਈ ਵਰਤੀ ਜਾ ਸਕਦੀ ਸੀ।

## ਮੈਂ ਮੂੰਹ ਖੋਲ੍ਹਿਆ ਤਾਂ ਪਰਿਵਾਰ ਦੇ ਕੁਝ ਲੋਕ ਮੂੰਹ ਨਹੀਂ ਵਿਖਾ ਸਕਣਗੇ : ਅਜੀਤ ਪਵਾਰ

ਮਹਾਰਾਸ਼ਟਰ 12 ਅਪ੍ਰੈਲ। ਮਹਾਰਾਸ਼ਟਰ 'ਚ ਰਾਸ਼ਟਰਵਾਦੀ ਕਾਂਗਰਸ ਪਾਰਟੀ ਵਿਚ ਵਖਰੇਵੇਂ ਤੋਂ ਬਾਅਦ ਸ਼ਰਦ ਪਵਾਰ ਦੇ ਪਰਿਵਾਰ 'ਚ ਵੀ ਕੜਵਾਹਟ ਵਧਦੀ ਜਾ ਰਹੀ ਹੈ। ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ ਅਤੇ ਉਨ੍ਹਾਂ ਦੇ ਭਤੀਜੇ ਤੇ ਸੂਬੇ ਦੇ ਉਪ-ਮੁੱਖ ਮੰਤਰੀ ਅਜੀਤ ਪਵਾਰ ਲਈ ਬਾਰਾਮਤੀ ਸੀਟ ਇੱਜਤ ਦਾ ਸਵਾਲ ਬਣ ਗਈ ਹੈ। ਇਹ ਰਵਾਇਤੀ ਤੌਰ 'ਤੇ ਸ਼ਰਦ ਪਵਾਰ ਦੀ ਸੀਟ ਰਹੀ ਹੈ, ਜਿਸ 'ਤੇ ਸ਼ਰਦ ਪਵਾਰ ਦੀ ਬੇਟੀ ਸੁਪ੍ਰੀਆ ਸੁਲੇ ਤੇ ਅਜੀਤ ਪਵਾਰ ਦੀ ਪਤਨੀ ਸੁਨੇਤਰਾ ਪਵਾਰ ਮੈਦਾਨ ਵਿਚ ਹਨ। ਇੱਥੇ ਨਨਾਣ-ਭਰਜਾਈ ਵਿਚਾਲੇ ਸਿੱਧੀ ਟੱਕਰ ਹੋ ਰਹੀ ਹੈ। ਇਸ ਸੀਟ 'ਤੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਅਜੀਤ ਪਵਾਰ ਨੇ ਕਿਹਾ, "ਜੇ ਮੈਂ ਆਪਣਾ ਮੂੰਹ ਖੋਲ੍ਹਿਆ ਤਾਂ ਮੇਰੇ ਪਰਿਵਾਰ ਦੇ ਕੁਝ ਮੈਂਬਰ ਕਿਸੇ ਨੂੰ ਆਪਣਾ ਮੂੰਹ ਵਿਖਾਉਣ ਦੇ ਲਾਇਕ ਨਹੀਂ ਰਹਿਣਗੇ ਅਤੇ ਅੱਜਕੱਲ ਵਾਂਗ ਘੁੰਮ-ਫਿਰ ਨਹੀਂ ਸਕਣਗੇ।" ਐੱਨ. ਸੀ. ਪੀ. 'ਚ ਬਗਾਵਤ ਤੋਂ ਬਾਅਦ ਉਪ-ਮੁੱਖ ਮੰਤਰੀ ਅਜੀਤ ਪਵਾਰ ਦੀ ਚਾਚੇ ਸ਼ਰਦ ਪਵਾਰ, ਚਾਚੀ ਸਰੋਜ ਪਾਟਿਲ, ਭਤੀਜੇ ਯੁਗੇਂਦਰ ਤੇ ਰੋਹਿਤ ਪਵਾਰ ਨੇ ਆਲੋਚਨਾ ਕੀਤੀ ਹੈ,



ਜਦੋਂਕਿ ਪਵਾਰ ਪਰਿਵਾਰ ਦੇ ਜ਼ਿਆਦਾਤਰ ਮੈਂਬਰ 83 ਸਾਲਾ ਸ਼ਰਦ ਪਵਾਰ ਦੇ ਨਾਲ ਖੜ੍ਹੇ ਹਨ। ਅਜੀਤ ਪਵਾਰ ਨੇ ਕਿਹਾ, "ਮੈਂ ਹੁਣ ਤਕ ਸਿਆਸਤ ਵਿਚ ਮਰਿਆਦਾ ਬਣਾਈ ਰੱਖਣ ਲਈ ਆਪਣੇ ਪਰਿਵਾਰ ਦੇ ਕਿਸੇ ਵੀ ਮੈਂਬਰ ਬਾਰੇ ਗੱਲ ਨਹੀਂ ਕੀਤੀ। ਮੇਰੇ ਭਰਾਵਾਂ ਨੇ ਕਦੇ ਵੀ ਮੇਰੇ ਨਾਲ ਚੋਣਾਂ ਵਿਚ ਯਾਤਰਾ ਨਹੀਂ ਕੀਤੀ ਪਰ ਹੁਣ ਉਹ ਇੰਝ ਘੁੰਮ ਰਹੇ ਹਨ

## ਅਮਰੀਕਾ 'ਚ ਵਿਦਿਆਰਥੀਆਂ ਦੀਆਂ ਮੌਤਾਂ 'ਤੇ ਬੋਲਿਆ ਭਾਰਤ

ਨਵੀਂ ਦਿੱਲੀ 12 ਅਪ੍ਰੈਲ। ਭਾਰਤ ਨੇ ਅੱਜ ਕਿਹਾ ਕਿ ਅਮਰੀਕਾ ਵਿਚ 2 ਭਾਰਤੀ ਵਿਦਿਆਰਥੀਆਂ ਦੀ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਅਮਰੀਕੀ ਪ੍ਰਸਾਸਨ ਇਸ ਵਿਚ ਸਹਿਯੋਗ ਕਰ ਰਿਹਾ ਹੈ। ਵਿਦੇਸ ਮੰਤਰਾਲਾ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਅੱਜ ਇੱਥੇ ਇੱਕ ਨਿਯਮਤ ਬ੍ਰੀਫਿੰਗ ਵਿੱਚ ਕਿਹਾ ਕਿ ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਤ ਬਹੁਤ ਮੰਦਭਾਗੀ ਹੈ। ਦੋ ਵਿਦਿਆਰਥੀਆਂ ਦੀ ਮੌਤ ਹੋਈ ਹੈ ਅਤੇ ਦੋਵਾਂ ਵਿਦਿਆਰਥੀਆਂ ਦੀ ਮੌਤ ਦੀ ਜਾਂਚ ਕੀਤੀ ਜਾ ਰਹੀ ਹੈ। ਭਾਰਤੀ ਕੌਂਸਲੇਟ ਪੀੜਤ ਪੱਖ ਦੇ ਸੰਪਰਕ ਵਿੱਚ ਹੈ ਅਤੇ ਹਰ ਸੰਭਵ ਮਦਦ ਮੁਹੱਈਆ ਕਰਵਾਈ ਹੈ। ਉਨ੍ਹਾਂ ਕਿਹਾ, "ਉਮੀਦ ਹੈ, ਸਾਨੂੰ ਇਸਦੇ ਕਾਰਨਾਂ ਬਾਰੇ ਹੋਰ ਜਾਣਕਾਰੀ ਮਿਲੇਗੀ। ਇਕ ਮਾਮਲਾ ਕਤਲ ਦਾ ਸੀ ਜੋ ਇਕ ਅਜਿਹੇ ਵਿਅਕਤੀ ਖ਼ਿਲਾਫ ਦਰਜ ਕੀਤਾ ਗਿਆ ਸੀ ਜੋ ਅਵਾਰਾ ਸੀ...ਉਸ ਦੇ ਬਾਦਅ ਇਕ ਮਾਮਲਾ ਸੀ ਜਿਸ ਵਿਚ ਇਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ ਸੀ। ਇਹ 2 ਮਾਮਲੇ ਹਨ ਜਿਨ੍ਹਾਂ ਦੀ ਕਾਨੂੰਨ ਵਿਵਸਥਾ ਦੇ ਨਜਰੀਏ ਤੋਂ ਜਾਂਚ ਕੀਤੀ ਜਾ ਰਹੀ ਹੈ। ਸਾਡੇ ਕੌਂਸਲੇਟ ਅਤੇ ਅਮਰੀਕਾ ਵਿੱਚ ਸਾਡੇ ਮਿਸਨ ਨੇ ਆਪਣੇ ਵਿਦਿਆਰਥੀਆਂ ਨਾਲ ਸੰਪਰਕ ਅਤੇ ਸੰਚਾਰ ਨੂੰ ਮਜਬੂਤ ਕੀਤਾ ਹੈ ਤਾਂ ਜੋ ਉਹਨਾਂ ਨੂੰ ਦੱਸਿਆ ਜਾ ਸਕੇ ਕਿ ਖੁਦ ਦੀ ਦੇਖਭਾਲ ਕਿਵੇਂ ਕਰਨੀ ਹੈ। ਉਨ੍ਹਾਂ ਨੂੰ ਕੀ ਕਰਨ ਦੀ ਲੋੜ ਹੈ ਅਤੇ ਕੀ ਮਦਦ ਮਿਲੇਗੀ।

## ਮੁਰਾਦਾਬਾਦ ਦਾ ਹਰ ਬੱਚਾ ਕਸ਼ਮੀਰ ਲਈ ਆਪਣੀ ਜਾਨ ਦੇਣ ਲਈ ਤਿਆਰ

ਨੈਸ਼ਨਲ ਡੈਸਕ 12 ਅਪ੍ਰੈਲ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਬਾਰੇ ਕਾਂਗਰਸ ਪ੍ਰਧਾਨ ਮਲਿਕਾਅਰਜੁਨ ਖੜਗੇ ਦੇ ਤਾਜਾ ਬਿਆਨ ਨੂੰ ਲੈ ਕੇ ਸੁੱਕਰਵਾਰ ਨੂੰ ਕਾਂਗਰਸ 'ਤੇ ਨਿਸਾਨਾ ਸਾਧਿਆ। ਸਾਹ ਨੇ ਇੱਥੇ ਇੱਕ ਚੋਣ ਰੈਲੀ ਵਿੱਚ ਕਿਹਾ ਕਿ ਕਾਂਗਰਸ ਦੇ ਖੜਗੇ ਜੀ ਕਹਿੰਦੇ ਹਨ ਕਿ ਰਾਜਸਥਾਨ ਅਤੇ ਉੱਤਰ ਪ੍ਰਦੇਸ ਦੇ ਲੋਕਾਂ ਦਾ ਕਸਮੀਰ ਨਾਲ ਕੀ ਲੈਣਾ ਦੇਣਾ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੁਰਾਦਾਬਾਦ ਦਾ ਹਰ ਬੱਚਾ ਕਸਮੀਰ ਲਈ ਆਪਣੀ ਜਾਨ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ 70 ਸਾਲਾਂ ਤੱਕ ਕਾਂਗਰਸ ਧਾਰਾ 370 ਨੂੰ ਬੱਚੇ ਵਾਂਗ ਪਾਲਦੀ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕਸਮੀਰ ਨੂੰ ਹਮੇਸਾ ਲਈ ਭਾਰਤ ਵਿੱਚ ਮਿਲਾ ਦਿੱਤਾ ਗਿਆ ਹੈ। ਸਾਹ ਨੇ ਕਿਹਾ ਕਿ ਤੁਸੀਂ ਮੋਦੀ ਜੀ ਨੂੰ ਦੂਜੀ ਵਾਰ ਪ੍ਰਧਾਨ ਮੰਤਰੀ ਬਣਾਇਆ ਅਤੇ ਮੋਦੀ ਜੀ ਨੇ 5 ਅਗਸਤ 2019 ਨੂੰ ਧਾਰਾ 370 ਨੂੰ ਖਤਮ ਕਰ ਦਿੱਤਾ। ਅੱਜ ਸਾਡਾ ਤਿਰੰਗਾ ਉੱਥੇ ਮਾਣ ਨਾਲ ਲਹਿਰਾ ਰਿਹਾ ਹੈ। ਮੋਦੀ ਜੀ ਦੀ ਅਗਵਾਈ 'ਚ ਕਸਮੀਰ ਹਮੇਸਾ ਲਈ ਭਾਰਤ ਨਾਲ ਜੁੜ ਗਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਜੀ ਨੇ ਪੂਰੇ ਦੇਸ ਨੂੰ ਚਾਰ ਜਾਤਾਂ- ਔਰਤ, ਗਰੀਬ, ਨੌਜਵਾਨ ਅਤੇ ਕਿਸਾਨ ਵਿੱਚ ਵੰਡ ਦਿੱਤਾ ਹੈ। ਇਸ ਆਧਾਰ 'ਤੇ ਪੂਰੇ ਦੇਸ 'ਚ ਸਾਰਿਆਂ ਦੇ ਵਿਕਾਸ ਲਈ ਕੰਮ ਕੀਤਾ ਗਿਆ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸਮਾਜਵਾਦੀ ਪਾਰਟੀ ਦੇ ਐੱਸ.ਟੀ. ਹਸਨ ਮੁਰਾਦਾਬਾਦ ਤੋਂ ਜਿੱਤੇ ਸਨ।

## 16 ਮੰਜਿਲਾ ਇਮਾਰਤ ਤੋਂ ਬੀਬੀਏ ਦੀ ਵਿਦਿਆਰਥਣ ਨੇ ਛਾਲ ਮਾਰ ਕੀਤੀ ਖੁਦਕੁਸ਼ੀ

ਇੰਦੌਰ 12 ਅਪ੍ਰੈਲ। ਇੰਦੌਰ 'ਚ ਵੀਰਵਾਰ ਨੂੰ ਇਕ 22 ਸਾਲਾ ਬੀਬੀਏ ਵਿਦਿਆਰਥਣ ਨੇ 16 ਮੰਜ਼ਿਲਾ ਨਿਰਮਾਣ ਅਧੀਨ ਇਮਾਰਤ ਦੀ ਛੱਤ ਤੋਂ ਛਾਲ ਮਾਰ ਕੇ ਖੁਦਕੁਸੀ ਕਰ ਲਈ। ਇਕ ਪੁਲਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪੁਲਸ ਦੇ ਡਿਪਟੀ ਕਮਿਸਨਰ (ਡੀਸੀਪੀ) ਅਭਿਨਯ ਵਿਸਵਕਰਮਾ ਨੇ ਦੱਸਿਆ ਕਿ ਮੁਸਕਾਨ ਅਗਰਵਾਲ (22) ਨੇ ਲਸੂਦੀਆ ਥਾਣਾ ਖੇਤਰ ਵਿੱਚ ਇੱਕ 16 ਮੰਜ਼ਿਲਾ ਉਸਾਰੀ ਅਧੀਨ ਇਮਾਰਤ ਦੀ ਛੱਤ ਤੋਂ ਕਥਿਤ ਤੌਰ 'ਤੇ ਛਾਲ ਮਾਰ ਦਿੱਤੀ ਅਤੇ ਹੇਠਾਂ ਡਿੱਗਦੇ ਹੀ ਉਸਦੀ ਮੌਤ ਹੋ ਗਈ। ਉਨ੍ਹਾਂ ਨੇ ਕਿਹਾ, "ਸਾਨੂੰ ਅਜੇ ਤੱਕ ਮੁਸਕਾਨ ਦਾ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਪਹਿਲੀ ਨਜਰੇ ਇਹ ਖੁਦਕੁਸੀ ਦਾ ਮਾਮਲਾ ਜਾਪਦਾ ਹੈ। ਡੀਸੀਪੀ ਨੇ ਦੱਸਿਆ ਕਿ ਪੁਲਸ ਨੂੰ 16 ਮੰਜ਼ਿਲਾ ਇਮਾਰਤ ਦੀ ਛੱਤ ਤੋਂ ਮੁਸਕਾਨ ਦੀ ਐਨਕ ਅਤੇ ਮੋਬਾਈਲ ਫੋਨ ਮਿਲਿਆ ਹੈ। ਉਸ ਨੇ ਦੱਸਿਆ ਕਿ ਮੁਸਕਾਨ ਬਰਵਾਨੀ ਜ਼ਿਲ੍ਹੇ ਦੀ ਰਹਿਣ ਵਾਲੀ ਸੀ ਅਤੇ ਇੰਦੌਰ ਦੇ ਇੱਕ ਪ੍ਰਾਈਵੇਟ ਕਾਲਜ ਤੋਂ ਬੈਚਲਰ ਆਫ ਬਿਜਨਸ ਐਡਮਿਨਿਸਟ੍ਰੇਸਨ (ਬੀਬੀਏ) ਦੀ ਪੜ੍ਹਾਈ ਕਰ ਰਹੀ ਸੀ।

## ਮਨੀਸ਼ ਤਿਵਾੜੀ ਦੇ ਕਾਂਗਰਸ ਛੱਡਣ ਦੀਆਂ ਅਟਕਲਾਂ 'ਤੇ ਲੱਗੀ ਰੋਕ

**ਨਵਦੀਪ ਸਿੰਘ ਸਾਹਨੀ**

ਲੁਧਿਆਣਾ 12 ਅਪ੍ਰੈਲ। ਭਾਜਪਾ ਵੱਲੋਂ ਲੋਕ ਸਭਾ ਚੋਣਾਂ ਲਈ ਚੰਡੀਗੜ੍ਹ ਤੋਂ ਉਮੀਦਵਾਰ ਵਜੋਂ ਸਾਬਕਾ ਗਵਰਨਰ ਬਲਰਾਮ ਜੀ ਦਾਸ ਟੰਡਨ ਦੇ ਬੇਟੇ ਸੰਜੇ ਟੰਡਨ ਦੇ ਨਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਮਨੀਸ਼ ਤਿਵਾੜੀ ਦੇ ਕਾਂਗਰਸ ਛੱਡਣ ਦੀਆਂ ਅਟਕਲਾਂ 'ਤੇ ਰੋਕ ਲੱਗ ਗਈ ਹੈ ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਮੌਜੂਦਾ ਸੰਸਦ ਮੈਂਬਰ ਮਨੀਸ਼ ਤਿਵਾੜੀ ਸਬੰਧੀ ਇਹ ਚਰਚਾ ਸੁਣਨ ਨੂੰ ਮਿਲ ਰਹੀ ਸੀ ਕਿ ਉਹ ਚੰਡੀਗੜ੍ਹ ਤੋਂ ਕਾਂਗਰਸ ਦੀ ਟਿਕਟ ਦੀ ਮੰਗ ਕਰ ਰਹੇ ਹਨ ਅਤੇ ਕਾਂਗਰਸ ਦੀ ਟਿਕਟ ਨਾ ਮਿਲਣ 'ਤੇ ਉਹ ਭਾਜਪਾ 'ਚ ਸ਼ਾਮਲ ਹੋ ਸਕਦੇ ਹਨ। ਹਾਲਾਂਕਿ ਤਿਵਾੜੀ ਪਹਿਲੇ ਹੀ ਦਿਨ ਤੋਂ ਕਾਂਗਰਸ ਛੱਡਣ ਦੀਆਂ ਅਟਕਲਾਂ ਨੂੰ ਖਾਰਜ ਕਰ ਰਹੇ ਹਨ। ਫਿਰ ਉਨ੍ਹਾਂ ਦੇ ਲੁਧਿਆਣਾ ਤੋਂ ਭਾਜਪਾ 'ਚ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਵੀ ਜਤਾਈਆਂ ਜਾ ਰਹੀਆਂ ਸਨ, ਜਿਸ ਗੱਲ 'ਤੇ ਲੁਧਿਆਣਾ ਦੇ ਮੌਜੂਦਾ ਸੰਸਦ ਮੈਂਬਰ



ਰਵਨੀਤ ਬਿੱਟੂ ਵੱਲੋਂ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਰੋਕ ਲੱਗ ਗਈ ਅਤੇ ਹੁਣ ਭਾਜਪਾ ਵੱਲੋਂ ਚੰਡੀਗੜ੍ਹ ਤੋਂ ਉਮੀਦਵਾਰ ਦਾ ਐਲਾਨ ਕਰਨ ਤੋਂ ਬਾਅਦ ਮਨੀਸ਼ ਤਿਵਾੜੀ ਦੇ ਕਾਂਗਰਸ ਛੱਡਣ ਦੀਆਂ ਅਟਕਲਾਂ 'ਤੇ ਲਗਭਗ ਪੂਰੀ ਤਰ੍ਹਾਂ ਰੋਕ ਲੱਗ ਗਈ ਹੈ। ਲੁਧਿਆਣਾ ਅਤੇ ਚੰਡੀਗੜ੍ਹ 'ਚ ਭਾਜਪਾ ਦੇ ਉਮੀਦਵਾਰਾਂ ਦਾ ਐਲਾਨ ਹੋਣ ਤੋਂ ਬਾਅਦ ਹੁਣ ਨਜ਼ਰਾਂ ਲੁਧਿਆਣਾ ਸਬੰਧੀ ਕਾਂਗਰਸ ਦਾ ਫੈਸਲਾ ਹੋਣ 'ਤੇ ਲੱਗੀਆਂ ਹੋਈਆਂ ਹਨ ਕਿਉਂਕਿ ਪਹਿਲਾਂ ਇਹ ਚਰਚਾ ਸੁਣਨ ਨੂੰ ਮਿਲ ਰਹੀ ਸੀ ਕਿ ਲੁਧਿਆਣਾ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਕਾਂਗਰਸ ਸੰਸਦ ਮੈਂਬਰਾਂ ਰਵਨੀਤ ਬਿੱਟੂ ਅਤੇ ਮਨੀਸ਼ ਤਿਵਾੜੀ ਦੀ ਆਪਸ 'ਚ ਬਦਲੀ ਹੋ ਸਕਦੀ ਹੈ ਪਰ ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਜਿੱਥੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਲੁਧਿਆਣਾ ਤੋਂ ਕਾਂਗਰਸ ਦੀ ਟਿਕਟ ਦਾ ਸਭ ਤੋਂ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ, ਉੱਥੇ ਮੁਨੀਸ਼ ਤਿਵਾੜੀ ਨੂੰ ਵੀ ਲੁਧਿਆਣਾ 'ਚ ਭੇਜੇ ਜਾਣ ਦੀ ਸੰਭਾਵਨਾ ਅਜੇ ਵੀ ਬਰਕਰਾਰ ਹੈ।

## ਮਮਤਾ ਨੇ ਫਿਰ ਦੁਹਰਾਇਆ, 'ਸੀ. ਏ. ਏ. ਤੇ ਐੱਨ. ਆਰ. ਸੀ. ਸਾਨੂੰ ਮਨਜ਼ੂਰ ਨਹੀਂ'

ਕੋਲਕਾਤਾ, 12 ਅਪ੍ਰੈਲ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀਰਵਾਰ ਨੂੰ ਕਿਹਾ ਕਿ ਉਹ ਨਾਗਰਿਕਤਾ ਸੋਧ ਕਾਨੂੰਨ (ਸੀ. ਏ. ਏ.), ਰਾਸਟਰੀ ਨਾਗਰਿਕ ਰਜਿਸਟਰ (ਐੱਨ. ਆਰ. ਸੀ.) ਅਤੇ ਯੂਨੀਫਾਰਮ ਸਿਵਲ ਕੋਡ ਨੂੰ ਰਾਜ ਵਿਚ ਲਾਗੂ ਨਹੀਂ ਹੋਣ ਦੇਵੇਗੀ। ਇਥੇ ਈਦ-ਉਲ-ਫਿਤਰ ਮੌਕੇ 'ਰੈੱਡ ਰੋਡ' ਵਿਖੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਕੁਝ ਲੋਕ ਚੋਣਾਂ ਦੌਰਾਨ 'ਦੰਗੇ' ਕਰਵਾਉਣ ਦੀ ਕੋਸ਼ਿਸ ਕਰਨਗੇ। ਨਾਲ ਹੀ ਉਨ੍ਹਾਂ ਲੋਕਾਂ ਨੂੰ 'ਸਾਜ਼ਿਸ ਦਾ ਸ਼ਿਕਾਰ ਨਾ ਹੋਣ' ਦੀ ਵੀ ਅਪੀਲ ਕੀਤੀ। ਈਦ ਦਾ ਤਿਉਹਾਰ ਰਮਜਾਨ ਮਹੀਨੇ ਦੀ ਸਮਾਪਤੀ 'ਤੇ ਮਨਾਇਆ ਜਾਂਦਾ ਹੈ। ਬੈਨਰਜੀ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਸੀਂ ਸੋਧਿਆ ਨਾਗਰਿਕਤਾ ਐਕਟ, ਰਾਸਟਰੀ ਨਾਗਰਿਕ ਰਜਿਸਟਰ ਅਤੇ ਯੂਨੀਫਾਰਮ ਸਿਵਲ ਕੋਡ ਨੂੰ ਸਵੀਕਾਰ ਨਹੀਂ ਕਰਾਂਗੇ। ਮੈਨੂੰ ਲੋਕਾਂ ਨਾਲ ਨਫਰਤ ਕਰਨੀ ਨਹੀਂ ਆਉਂਦੀ। ਮੈਂ ਨਫਰਤ ਫੈਲਾਉਣ ਵਾਲੇ ਭਾਸਣ ਨਹੀਂ ਦਿੰਦੀ। ਮੈਂ ਚਾਹੁੰਦੀ ਹਾਂ ਕਿ ਹਰ ਕੋਈ ਸਾਂਤੀ ਅਤੇ ਸਦਭਾਵਨਾ ਨਾਲ ਭਰਾਵਾਂ ਵਾਂਗ ਰਹਿਣ।

## ਰੋਹਤਕ ਲੋਕ ਸਭਾ ਸੀਟ ਨੂੰ ਲੈ ਕੇ ਭੂਪੇਂਦਰ ਹੁੱਡਾ ਦੁਚਿੱਤੀ 'ਚ

**ਤੇਜਿੰਦਰ ਕੌਰ ਬੱਬਰ**

ਰੋਹਤਕ 12 ਅਪ੍ਰੈਲ। ਕਿਉਂਕਿ ਭੂਪੇਂਦਰ ਸਿੰਘ ਹੁੱਡਾ ਇਸ ਵਾਰ ਲੋਕ ਸਭਾ ਦੀ ਚੋਣ ਲੜਨ ਦੇ ਇੱਛੁਕ ਨਹੀਂ ਹਨ, ਇਸ ਲਈ ਹਾਈ ਕਮਾਨ ਇਸ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਕਿ ਉਨ੍ਹਾਂ ਦੇ ਸਪੁੱਤਰ ਨੂੰ ਰੋਹਤਕ ਤੋਂ ਚੋਣ ਮੈਦਾਨ 'ਚ ਉਤਾਰਿਆ ਜਾਏ ਜਾਂ ਨਹੀਂ? ਹੁੱਡਾ ਸੂਬਾਈ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਨ। ਇਸ ਸਾਲ ਦੇ ਅੰਤ 'ਚ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਪਿੱਛੋਂ ਮੁੱਖ ਮੰਤਰੀ ਬਣਨ ਲਈ ਉਹ ਸਭ ਤੋਂ ਅੱਗੇ ਹਨ। 2019 'ਚ ਰੋਹਤਕ ਤੋਂ ਲੋਕ ਸਭਾ ਦੀ ਚੋਣ ਹਾਰਨ ਤੋਂ ਬਾਅਦ ਉਨ੍ਹਾਂ ਦਾ ਬੇਟਾ ਦੀਪੇਂਦਰ ਹੁੱਡਾ ਅਪ੍ਰੈਲ 2020 'ਚ ਰਾਜ ਸਭਾ ਦਾ ਮੈਂਬਰ ਬਣਿਆ ਸੀ। ਜੇ ਦੀਪੇਂਦਰ ਜਿੱਤ ਜਾਂਦੇ ਹਨ ਤਾਂ ਪਾਰਟੀ ਰਾਜ ਸਭਾ ਦੀ ਇਕ ਸੀਟ ਗੁਆ ਦੇਵੇਗੀ। ਇਹ ਇਸ ਲਈ ਵੀ ਅਹਿਮ ਹੈ ਕਿਉਂਕਿ ਕਾਂਗਰਸ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਬਰਕਰਾਰ ਰੱਖਣਾ ਚਾਹੁੰਦੀ ਹੈ। ਉੱਥੇ ਉਨ੍ਹਾਂ ਦੀ ਗਿਣਤੀ ਘੱਟ ਰਹੀ ਹੈ। ਹੁੱਡਾ



ਕਿਸੇ ਨਵੇਂ ਚਿਹਰੇ ਦੀ ਭਾਲ ਕਰ ਰਹੇ ਹਨ ਜੋ ਰੋਹਤਕ ਲੋਕ ਸਭਾ ਸੀਟ ਤੋਂ ਚੋਣ ਲੜ ਸਕੇ। ਹੁੱਡਾ ਦੇ ਵਿਰੋਧੀਆਂ ਨੇ ਇਕਜੁੱਟ ਹੋ ਕੇ ਉਨ੍ਹਾਂ ਵਿਰੁੱਧ ਲੜਾਈ ਲੜੀ ਹੈ। ਇਨ੍ਹਾਂ 'ਚ ਸੈਲਜਾ ਤੇ ਰਣਦੀਪ ਸੁਰਜੇਵਾਲਾ ਦੇ ਨਾਲ-ਨਾਲ ਹਰਿਆਣਾ ਦੀ ਸਾਬਕਾ ਮੰਤਰੀ ਕਿਰਨ ਚੌਧਰੀ ਵੀ ਸਾਮਲ ਹਨ। ਭਾਵੇਂ ਹੁੱਡਾ ਦੇ ਵਿਰੋਧੀ ਇੱਕ ਦੂਜੇ ਨੂੰ ਬਹੁਤਾ ਪਸੰਦ ਨਹੀਂ ਕਰਦੇ ਪਰ ਹੁੱਡਾ ਨੂੰ ਟੱਕਰ ਦੇਣ ਲਈ ਉਹ ਆਪਸੀ ਮੱਤਭੇਦ ਭੁੱਲ ਗਏ ਹਨ। ਲਗਦਾ ਹੈ ਕਿ ਹੁੱਡਾ ਪਾਰਟੀ ਅੰਦਰੋਂ ਪੈ ਰਹੇ ਦਬਾਅ ਤੋਂ ਬੇਖਬਰ ਨਹੀਂ ਹਨ। ਉਹ ਤੂਫਾਨ ਦਾ ਸਾਹਮਣਾ ਕਰਨ ਦਾ ਰਾਹ ਲੱਭ ਰਹੇ ਹਨ। ਹਰਿਆਣਾ 'ਚ ਲੋਕ ਸਭਾ ਦੀਆਂ ਚੋਣਾਂ ਲਈ ਛੇਵੇਂ ਪੜਾਅ 'ਚ 25 ਮਈ ਨੂੰ ਵੋਟਾਂ ਪੈਣੀਆਂ ਹਨ, ਇਸ ਲਈ ਕਾਂਗਰਸ 'ਚ ਉਮੀਦਵਾਰਾਂ ਦੀ ਚੋਣ ਦਾ ਕੰਮ ਮੱਠੀ ਰਫਤਾਰ ਨਾਲ ਚੱਲ ਰਿਹਾ ਹੈ। ਖਬਰ ਹੈ ਕਿ ਹੁੱਡਾ ਪਰਿਵਾਰ ਭੂਪੇਂਦਰ ਹੁੱਡਾ ਦੀ ਪਤਨੀ ਆਸਾ ਹੁੱਡਾ ਦਾ ਨਾਂ ਸੁਝਾਅ ਸਕਦਾ ਹੈ ਪਰ ਇਸ ਨਾਲ ਟਕਰਾਅ ਪੈਦਾ ਹੋਵੇਗਾ। ਇਸ ਲਈ ਦੀਪੇਂਦਰ ਹੁੱਡਾ ਨੂੰ ਹੀ ਮੈਦਾਨ 'ਚ ਉਤਰਨਾ ਪੈ ਸਕਦਾ ਹੈ।

## ਰਾਜ ਠਾਕਰੇ ਦੇ ਰਾਜਗ ਨੂੰ ਸਮਰਥਨ ਨਾਲ ਪਾਰਟੀ 'ਚ ਫੁੱਟ

ਮੁੰਬਈ, 12 ਅਪ੍ਰੈਲ। ਮਹਾਰਾਸ਼ਟਰ ਨਵਨਿਰਮਾਣ ਸੈਨਾ (ਮਨਸੇ) ਦੇ ਕਈ ਅਹੁਦੇਦਾਰਾਂ ਨੇ ਮਨਸੇ ਮੁਖੀ ਰਾਜ ਠਾਕਰੇ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੂਬੇ ਵਿਚ ਭਾਜਪਾ ਦੀ ਅਗਵਾਈ ਵਾਲੇ ਮਹਾਯੁਤੀ ਗੱਠਜੋੜ ਨੂੰ ਸਮਰਥਨ ਦੇਣ ਦੇ ਵਿਰੋਧ ਵਿਚ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਮਨਸੇ ਛੱਡਣ ਵਾਲਿਆਂ ਵਿਚ ਪਾਰਟੀ ਦੇ ਜਨਰਲ ਸਕੱਤਰ ਕੀਰਤੀ ਕੁਮਾਰ ਸ਼ਿੰਦੇ ਨੇ ਸੋਸਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ ਆਪਣੇ ਫੈਸਲੇ ਦੀ ਜਾਣਕਾਰੀ ਦਿੱਤੀ। ਰਾਜ ਠਾਕਰੇ ਨੇ ਮੰਗਲਵਾਰ ਨੂੰ ਗੁੜੀ ਪਡਵਾ (ਰਵਾਇਤੀ ਮਹਾਰਾਸਟਰ ਨਵੇਂ ਸਾਲ) 'ਤੇ ਆਪਣੀ ਪਾਰਟੀ ਦੀ ਸਾਲਾਨਾ ਰੈਲੀ 'ਚ ਪ੍ਰਧਾਨ ਮੰਤਰੀ ਮੋਦੀ ਅਤੇ ਮਹਾਯੁਤੀ ਗੱਠਜੋੜ ਨੂੰ ਬਿਨਾਂ ਸਰਤ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਮਹਾਗੱਠਜੋੜ ਵਿਚ ਭਾਜਪਾ, ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਅਤੇ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਸਟਰਵਾਦੀ ਕਾਂਗਰਸ ਪਾਰਟੀ (ਐੱਨ. ਸੀ. ਪੀ.) ਸਾਮਲ ਹੈ। ਠਾਕਰੇ ਦੇ ਰੁਖ ਦਾ ਹਵਾਲਾ ਦਿੰਦੇ ਹੋਏ ਮਿਹਿਰ ਦਾਵਤੇ ਅਤੇ ਮੁੰਬਈ ਦੇ ਬਾਹਰਵਾਰ ਡੋਂਬੀਵਲੀ ਵਿਚ ਮਨਸੇ ਦੇ ਵਿਦਿਆਰਥੀ ਵਿੰਗ ਦੇ ਅਹੁਦੇਦਾਰਾਂ ਨੇ ਵੀ ਪਾਰਟੀ ਛੱਡ ਦਿੱਤੀ।

## ਸਿਕੰਦਰ ਸਿੰਘ ਮਲੂਕਾ ਦੇ ਨੂੰਹ-ਪੁੱਤਰ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਪਰਮਜੀਤ ਸਿੰਘ ਸਰਨਾ ਦਾ ਵੱਡਾ ਬਿਆਨ

ਨਵੀਂ ਦਿੱਲੀ 12 ਅਪ੍ਰੈਲ। ਮੀਡੀਆ ਵਿੱਚ ਚੱਲ ਰਹੀਆਂ ਅਟਕਲਾਂ ਤੋਂ ਬਾਅਦ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਸਿੰਕਦਰ ਸਿੰਘ ਮਲੂਕਾ ਦੇ ਨੂੰਹ ਤੇ ਪੁੱਤਰ ਨੇ ਭਾਰਤੀ ਜਨਤਾ ਪਾਰਟੀ ਵਿੱਚ ਸਮੂਲੀਅਤ ਕੀਤੀ ਹੈ। ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਤੋਂ ਪਰਮਜੀਤ ਸਿੰਘ ਸਰਨਾ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਅਜਿਹਾ ਕਰ ਕੇ ਮਲੂਕਾ ਪਰਿਵਾਰ ਦੇ ਮੈਂਬਰਾਂ ਨੇ ਇਹ ਸਾਬਤ ਕੀਤਾ ਹੈ ਕਿ ਅੱਜ ਪੰਥ ਤੇ ਪੰਜਾਬ ਦੇ ਹਿੱਤਾਂ ਨਾਲੋਂ ਇਨ੍ਹਾਂ ਦੇ ਨਿੱਜੀ ਹਿਤ ਭਾਰੂ ਸਨ। ਉਨ੍ਹਾਂ ਕਿਹਾ ਕਿ ਹੁਣ ਤੱਕ ਹੋਰਨਾਂ ਪਾਰਟੀਆਂ ਵਿੱਚੋਂ ਭਾਜਪਾ 'ਚ ਬਹੁਤ ਸਾਰੇ ਆਗੂ ਗਏ ਹਨ ਪਰ ਅਕਾਲੀ ਦਲ ਦੇ ਕਿਸੇ ਪ੍ਰਮੁੱਖ ਆਗੂ ਨੇ ਭਾਜਪਾ 'ਚ ਸਮੂਲੀਅਤ ਨਹੀਂ ਕੀਤੀ ਸੀ, ਕਿਉਂਕਿ ਅਕਾਲੀ ਦਲ ਨੂੰ ਛੱਡ ਕੇ ਜਾਣ ਵਾਲੇ ਨੂੰ ਪੰਜਾਬ ਨੇ ਕਦੇ ਬਹੁਤੀ ਤਵੱਜੋ ਨਹੀਂ ਦਿੱਤੀ। ਮਲੂਕਾ ਪਰਿਵਾਰ ਨੇ ਹੁਣ ਤੱਕ ਅਕਾਲੀ ਦਲ ਦੇ ਸਿਰ 'ਤੇ ਸੱਤਾ ਮਾਣਦਿਆਂ ਉੱਚ ਅਹੁਦੇ ਹਾਸਲ ਕੀਤੇ ਪਰ ਹੁਣ ਚੋਣਾਂ ਵੇਲੇ ਪਲਟੀ ਮਾਰ ਕੇ ਇਨ੍ਹਾਂ ਨੇ ਪਾਰਟੀ ਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਨੇ ਆਪਣੇ ਸਿਧਾਂਤ ਉੱਪਰ ਰੱਖਦਿਆਂ ਪੰਥ ਤੇ ਕਿਸਾਨੀ ਦੇ ਮਸਲੇ ਹੱਲ ਕੀਤੇ ਬਿਨਾ ਗਠਜੋੜ ਤੋਂ ਨਾਂਹ ਕੀਤੀ ਸੀ ਪਰ ਜਿਹੜੇ ਇਨ੍ਹਾਂ ਮਸਲਿਆਂ ਵੱਲ ਪਿੱਠ ਕਰਕੇ ਭਾਜਪਾ ਵਿੱਚ ਜਾ ਰਹੇ ਹਨ, ਉਨ੍ਹਾਂ ਦਾ ਹਿਸਾਬ ਵੀ ਪੰਜਾਬ ਦੇ ਲੋਕ ਕਰਨਗੇ। ਭਾਜਪਾ ਵੀ ਇੱਕ ਗੱਲ ਚੇਤੇ ਰੱਖੇ ਕਿ ਪਹਿਲਾਂ ਭਾਵੇਂ ਸਾਇਦ ਦੋ-ਚਾਰ ਫੀਸਦੀ ਵੋਟਾਂ ਲੈ ਵੀ ਜਾਂਦੀ, ਪਰ ਹੁਣ ਜੋ ਇਨ੍ਹਾਂ ਦਲ ਬਦਲੂ ਭਰਤੀ ਕਰਨ ਦਾ ਅਮਲ



ਸੁਰੂ ਕੀਤਾ ਹੈ, ਇਸ ਨਾਲ ਭਾਜਪਾ ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਹੋਣੀਆਂ ਤੈਅ ਹਨ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਚਾਹੀਦਾ ਹੈ ਕਿ ਉਹ ਸਿੰਕਦਰ ਸਿੰਘ ਮਲੂਕਾ ਨੂੰ ਤੁਰੰਤ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਬਰਖਾਸਤ ਕਰਨ ਕਿਉਂਕਿ ਉਨ੍ਹਾਂ ਦੀ ਸਹਿਮਤੀ ਤੋਂ ਬਿਨਾ ਇਹ ਸਭ ਕੁਝ ਨਹੀ ਹੋ ਸਕਦਾ। ਅੰਤ 'ਚ ਉਨ੍ਹਾਂ ਕਿਹਾ ਕਿ ਇਨ੍ਹਾਂ ਦਲ ਬਦਲੀਆਂ ਨਾਲ ਅਕਾਲੀ ਦਲ ਨੂੰ ਕੋਈ ਫਰਕ ਨਹੀ ਪਵੇਗਾ।

# ਸਰਚ ਆਪਰੇਸ਼ਨ ਦੌਰਾਨ 32 ਹਜਾਰ ਕਿਲੋ ਲਾਹਣ 37 ਹਜਾਰ ਮਿਲੀਲਿਟਰ ਨਾਜਾਇਜ ਸ਼ਰਾਬ ਬਰਾਮਦ

ਦਸੂਹਾ 12 ਅਪ੍ਰੈਲ। ਬਿਆਸ ਦਰਿਆ ਮੰਡ ਇਲਾਕੇ ਵਿਖੇ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਬਕਾਰੀ ਵਿਭਾਗ ਅਤੇ ਦਸੂਹਾ ਪੁਲਸ ਵੱਲੋਂ ਅੱਜ ਵੱਡੇ ਪੱਧਰ 'ਤੇ ਤੜਕਸਾਰ ਤੋਂ ਨਾਜਾਇਜ ਸਰਾਬ ਨੂੰ ਫੜਨ ਲਈ ਸਰਚ ਆਪਰੇਸ਼ਨ ਚਲਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਆਬਕਾਰੀ ਅਫਸਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਆਬਕਾਰੀ ਕਮਿਸਨਰ ਐੱਸ.ਕੇ. ਗਰਗ ਜਲੰਧਰ ਰੇਂਜ ਦੇ ਦਿਸ਼ਾ-ਨਿਰਦੇਸ਼ ਅਤੇ ਡੀ. ਐੱਸ. ਪੀ. ਦਸੂਹਾ ਜਗਦੀਸ ਰਾਜ ਅੱਤਰੀ ਨੇ ਦੱਸਿਆ ਕਿ ਐੱਸ. ਐੱਸ. ਪੀ. ਹੁਸ਼ਿਆਰਪੁਰ ਸਰਿੰਦਰ ਲਾਬਾਂ ਦੇ ਦਿਸ਼ਾ-ਨਿਰਦੇਸ਼ 'ਤੇ ਇਹ ਸਰਚ ਆਪਰੇਸ਼ਨ ਚਲਾਇਆ ਗਿਆ। ਇਸ ਸਰਚ ਆਪਰੇਸ਼ਨ ਵਿੱਚ ਥਾਣਾ ਮੁਖੀ ਦਸੂਹਾ ਹਰਪ੍ਰੇਮ ਸਿੰਘ, ਆਬਕਾਰੀ ਇੰਸਪੈਕਟਰ ਲਵਪ੍ਰੀਤ ਸਿੰਘ ,ਇੰਸਪੈਕਟਰ ਕੁਲਵੰਤ ਸਿੰਘ ,ਇੰਸਪੈਕਟਰ ਅਜੈ ਸ਼ਰਮਾ, ਇੰਸਪੈਕਟਰ ਅਮਿਤ ਬਿਆਸ ਅਤੇ ਜ਼ਿਲ੍ਹਾ ਪੁਲਸ ਨਾਲ ਆਬਕਾਰੀ ਪੁਲਸ ਦੀਆਂ ਟੀਮਾਂ ਵੀ ਇਸ ਸਰਚ ਆਪਰੇਸ਼ਨ ਵਿੱਚ ਸ਼ਾਮਲ ਹੋਈਆਂ। ਇਹ ਸਰਚ ਆਪਰੇਸ਼ਨ ਮੰਡ ਇਲਾਕੇ ਦੇ ਭੀਖੋਵਾਲ,



ਟੇਰਕਿਆਣਾ, ਧਨੋਆ ਪੱਤਣ ਵਿੱਚ ਕੀਤਾ ਗਿਆ, ਜਿਸ ਦੌਰਾਨ 32 ਹਜਾਰ ਕਿਲੋ ਲਾਹਣ, 37 ਹਜਾਰ ਮਿਲੀਲਿਟਰ ਨਾਜਾਇਜ ਸ਼ਰਾਬ ਬਰਾਮਦ ਕਰਨ ਦੇ ਨਾਲ-ਨਾਲ 4 ਚਾਲੂ ਭੱਠੀਆਂ, 10 ਵੱਡੇ ਤਰਪਾਲਾਂ, 2 ਡਰੰਮ, 4 ਪਲਾਸਟਿੱਕ ਦੇ ਕੇਨ, 2 ਸਿਲਵਰ ਡਰੰਮ, 6 ਲੋਹੇ ਦੇ ਡਰੰਮ, ਪਲਾਸਟਿੱਕ ਦੀਆਂ ਪਾਈਪਾਂ, ਰੱਸਕਟ ਗੁੜ, ਨਸਾਦਰ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ। ਹੋਰ ਜਾਣਕਾਰੀ ਦਿੰਦੇ ਜ਼ਿਲ੍ਹਾ ਆਬਕਾਰੀ ਅਫਸਰ ਸੁਖਵਿੰਦਰ ਸਿੰਘ ਅਤੇ ਡੀ. ਐੱਸ. ਪੀ. ਦਸੂਹਾ ਜਗਦੀਸ ਰਾਜ ਅੱਤਰੀ ਨੇ ਦੱਸਿਆ ਕਿ ਗੁਰਦਾਸਪੁਰ ਦੇ ਮੋਜਪੁਰ ਇਲਾਕੇ 'ਚ ਇਹ ਨਾਜਾਇਜ ਸਰਾਬ ਦੇ ਸਮੱਗਲਰ ਬਿਆਸ ਦਰਿਆ ਦੇ ਕਿਨਾਰੇ 'ਤੇ ਦੇਸੀ ਸ਼ਰਾਬ ਕੱਢਦੇ ਹਨ। ਜਦੋਂ ਇਹ ਸਮੱਗਲਰ ਪੁਲਸ ਨੂੰ ਵੇਖ ਲੈਂਦੇ ਹਨ ਤਾਂ ਦਰਿਆ ਵਿੱਚੋਂ ਬੇੜੀਆਂ ਰਾਹੀਂ ਭੱਜਣ ਵਿੱਚ ਸਫਲ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਇਲਾਕੇ ਵਿੱਚ ਜੋ ਸਾਂਝੇ ਤੌਰ 'ਤੇ ਸਰਚ ਆਪਰੇਸ਼ਨ ਹੋਇਆ, ਉਸ ਵਿੱਚ ਬੇੜੀਆਂ ਦੀ ਵਰਤੋਂ ਵੀ ਕੀਤੀ ਗਈ ਅਤੇ ਮੁਲਾਜਮਾਂ ਨੇ ਅਪਣੇ ਆਪ ਨੂੰ ਜੋਖਮ ਵਿੱਚ ਪਾ ਕੇ ਇਹ ਸਰਚ ਆਪਰੇਸ਼ਨ ਕੀਤਾ ਅਤੇ ਕਾਮਯਾਬੀ ਹਾਸਲ ਕੀਤੀ ਅਤੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਰਚ ਆਪਰੇਸ਼ਨ ਲਗਾਤਾਰ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ ਲਾਹਣ ਤੇ ਨਾਜਾਇਜ ਸਰਾਬ ਨੂੰ ਮੌਕੇ ਉਤੇ ਹੀ ਨਸ਼ਟ ਕਰ ਦਿੱਤਾ ਗਿਆ।

## ਟਰੈਕਟਰ-ਟਰਾਲੀ ਦੀ ਲਪੇਟ 'ਚ ਆਉਣ ਕਾਰਣ ਬਜ਼ੁਰਗ ਦੀ ਮੌਤ

ਮੋਗਾ 12 ਅਪ੍ਰੈਲ। ਥਾਣਾ ਅਜੀਤਵਾਲ ਅਧੀਨ ਪੈਂਦੇ ਪਿੰਡ ਕੋਕਰੀ ਬੁੱਟਰਾਂ ਨਿਵਾਸੀ ਬੂਟਾ ਸਿੰਘ (64) ਜੋ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ, ਤੇਜ ਰਫ਼ਤਾਰ ਟਰੈਕਟਰ-ਟਰਾਲੀ ਦੀ ਲਪੇਟ ਵਿਚ ਆਉਣ ਕਾਰਣ ਉਸ ਦੀ ਮੌਤ ਹੋ ਗਈ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਸੰਤੋਖ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਅਮਨਦੀਪ ਸਿੰਘ ਨੇ ਕਿਹਾ ਕਿ ਉਸ ਦਾ ਪਿਤਾ ਬੂਟਾ ਸਿੰਘ ਅਜੀਤਵਾਲ ਅਤੇ ਕੋਕਰੀ ਕਲਾਂ ਵਿਚ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ ਉਹ ਜਦੋਂ 6 ਅਪ੍ਰੈਲ




ਨੂੰ ਰੋਜ਼ਾਨਾ ਦੀ ਤਰ੍ਹਾਂ ਘਰ ਤੋਂ ਕੰਮ ਕਰਨ ਲਈ ਗਿਆ ਤਾਂ ਕੰਮ ਖਤਮ ਕਰਨ ਤੋਂ ਬਾਅਦ ਆਪਣੇ ਮੋਟਰਸਾਈਕਲ 'ਤੇ ਵਾਪਸ ਪਿੰਡ ਕੋਕਰੀ ਕਲਾਂ ਤੋਂ ਪਿੰਡ ਕੋਕਰੀ ਬੁੱਟਰਾਂ ਨੂੰ ਆ ਰਿਹਾ ਸੀ। ਇਸ ਦੌਰਾਨ ਰਸਤੇ ਵਿਚ ਟਰੈਕਟਰ-ਟਰਾਲੀ ਚਾਲਕ ਸੁਖਰਾਜ ਸਿੰਘ ਨਿਵਾਸੀ ਕੋਕਰੀ ਬੁੱਟਰਾਂ ਨੇ ਲਾਪ੍ਰਵਾਹੀ ਨਾਲ ਟਰੈਕਟਰ-ਟਰਾਲੀ ਚਲਾਉਂਦਿਆਂ ਮੇਰੇ ਪਿਤਾ ਦੇ ਮੋਟਰ ਸਾਈਕਲ ਨੂੰ ਟੱਕਰ ਮਾਰੀ, ਜਿਸ ਨਾਲ ਮੇਰੇ ਪਿਤਾ ਦੇ ਸਿਰ ਵਿਚ ਸੱਟ ਵੱਜੀ ਅਤੇ ਉਹ ਮੋਟਰਸਾਈਕਲ ਸਮੇਤ ਡਿੱਗ ਪਿਆ, ਜਿਸ ਦੀ ਬਾਅਦ ਵਿਚ ਮੌਤ ਹੋ ਗਈ। ਪੁਲਸ ਨੇ ਟਰੈਕਟਰ-ਟਰਾਲੀ ਚਾਲਕ ਸੁਖਰਾਜ ਸਿੰਘ ਖਿਲਾਫ਼ ਮਾਮਲਾ ਦਰਜ ਕੀਤਾ ਹੈ, ਗ੍ਰਿਫਤਾਰੀ ਬਾਕੀ ਹੈ।

## ਚਾਕੂ ਲੈ ਕੇ ਘੁੰਮ ਰਿਹਾ ਨੌਜਵਾਨ ਕਾਬੂ, ਪਹਿਲਾਂ ਵੀ ਦਰਜ ਹਨ ਮਾਮਲੇ

ਚੰਡੀਗੜ੍ਹ 12 ਅਪ੍ਰੈਲ। ਥਾਣਾ ਪੁਲਸ ਆਈ. ਟੀ. ਪਾਰਕ ਨੇ ਚਾਕੂ ਲੈ ਕੇ ਘੁੰਮ ਰਹੇ ਇਕ ਨੌਜਵਾਨ ਨੂੰ ਕਾਬੂ ਕੀਤਾ ਹੈ। ਫੜ੍ਹੇ ਗਏ ਨੌਜਵਾਨ ਦੀ ਪਛਾਣ ਕਰਨ ਉਰਫ ਮੋਟਾ ਵਾਸੀ ਨਿਊ ਇੰਦਰਾ ਕਲੋਨੀ ਮਨੀ ਮਾਜਰਾ ਵਜੋਂ ਹੋਈ ਹੈ। ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਕ ਨੌਜਵਾਨ ਆਪਣੇ ਨਾਲ ਕਮਾਣੀਦਾਰ ਚਾਕੂ ਲੈ ਕੇ ਘੁੰਮ ਰਿਹਾ ਹੈ। ਤੁਰੰਤ ਕਾਰਵਾਈ ਕਰਦੇ ਪੁਲਸ ਨੇ ਕਰਨ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਕਬਜੇ ਵਿਚੋਂ ਕਮਾਣੀਦਾਰ ਚਾਕੂ ਬਰਾਮਦ ਕੀਤਾ। ਕਰਨ ਆਪਣੇ ਨਾਲ ਚਾਕੂ ਲੈ ਕੇ ਘੁੰਮਣ ਦਾ ਕੋਈ ਵੀ ਸਪਸੱਟ ਕਾਰਨ ਪੁਲਸ ਨੂੰ ਨਹੀਂ ਦੱਸ ਸਕਿਆ। ਕਰਨ ਖ਼ਿਲਾਫ ਆਰਮਜ ਐਕਟ ਦੀਆਂ ਧਰਾਵਾਂ ਤਹਿਤ ਥਾਣਾ ਆਈ.ਟੀ. ਪਾਰਕ ਵਿਖੇ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ। ਪੁਲਸ ਦੀ ਮੁੱਢਲੀ ਜਾਂਚ ਵਿਚ ਕਰਨ 'ਤੇ ਪਹਿਲਾਂ ਵੀ ਚਾਰ ਮਾਮਲੇ ਸਾਹਮਣੇ ਆਏ ਹਨ। ਕਰਨ 'ਤੇ ਸਾਲ 2018 ਵਿਚ ਕਤਲ ਦੇ ਇਰਾਦੇ ਦੀਆਂ ਧਾਰਾਵਾਂ ਤਹਿਤ ਐੱਨ. ਡੀ. ਪੀ. ਐੱਸ. ਅਤੇ ਝਪਟਮਾਰੀ ਦੇ ਕੁੱਲ ਚਾਰ ਮਾਮਲੇ ਦਰਜ ਹਨ।

## ਨਸ਼ੇ ਦੀ ਓਵਰਡੋਜ ਨੇ ਇਕ ਹੋਰ ਮਾਂ ਤੋਂ ਖੋਹਿਆ ਨੌਜਵਾਨ ਪੁੱਤ, ਘਰ 'ਚ ਪਿਆ ਚੀਕ-ਚਿਹਾੜਾ

ਗੁਰੂਹਰਸਹਾਏ 12 ਅਪ੍ਰੈਲ। ਪਿੰਡ ਲਾਲਚੀਆਂ ਦੇ ਰਹਿਣ ਵਾਲੇ ਇਕ ਨੌਜਵਾਨ ਦੀ ਨਸ਼ੇ ਦੀ ਓਵਰਡੋਜ ਕਾਰਨ ਮੌਤ ਹੋ ਜਾਣ ਦੀ ਸੂਚਨਾ ਮਿਲੀ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਮਨਜੀਤ ਸਿੰਘ (25) ਪੁੱਤਰ ਬਖਸ਼ੀਸ਼ ਸਿੰਘ ਵਜੋਂ ਹੋਈ ਹੈ, ਜੋ ਪਿਛਲੇ ਕੁਝ ਸਮੇਂ ਤੋਂ ਨਸ਼ੇ ਕਰਨ ਦਾ ਆਦੀ ਸੀ। ਬੀਤੇ ਸ਼ਨੀਵਾਰ ਦੀ ਸ਼ਾਮ ਨੌਜਵਾਨ ਨੇੜਲੇ ਪਿੰਡ ਜੁਆਏ ਸਿੰਘ ਵਾਲਾ ਦੇ ਕੋਲ ਨਸ਼ੇ ਦੀ ਓਵਰਡੋਜ ਕਾਰਨ ਮੋਟਰਸਾਈਕਲ ਸਮੇਤ ਡਿੱਗਿਆ ਪਿਆ ਸੀ। ਇਸ ਦੌਰਾਨ ਮੌਕੇ 'ਤੇ ਮੌਜੂਦ ਰਾਹਗੀਰਾਂ ਨੇ ਉਸ ਦਾ ਮੋਬਾਈਲ ਚੈੱਕ ਕੀਤਾ ਅਤੇ ਉਸ ਦੇ ਘਰ ਵਾਲਿਆਂ ਨੂੰ ਇਸ ਘਟਨਾ ਸਬੰਧੀ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਪਰਿਵਾਰਕ ਮੈਂਬਰ ਮੌਕੇ 'ਤੇ ਪਹੁੰਚ ਗਏ, ਜੋ ਉਕਤ ਨੌਜਵਾਨ ਨੂੰ ਆਪਣੇ ਘਰ ਲੈ ਆਏ। ਇਸ ਤੋਂ



ਬਾਅਦ ਦੇਰ ਰਾਤ ਉਸ ਦੀ ਮੌਤ ਹੋ ਗਈ। ਨਸ਼ੇ ਕਾਰਨ ਨੌਜਵਾਨ ਦੀ ਹੋਈ ਮੌਤ ਨੂੰ ਲੈ ਕੇ ਹਲਕਾ ਵਾਸੀਆਂ 'ਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਘਰ ਵਿਚ ਚੀਕ-ਚਿਹਾੜਾ ਪੈ ਗਿਆ। ਇਸ ਮੌਕੇ ਲੋਕਾਂ ਵੱਲੋਂ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਜੋ ਨਸ਼ਾ ਸਮੱਗਲਰ ਇਲਾਕੇ ਅੰਦਰ ਸ਼ਰੇਆਮ ਨਸ਼ਾ ਵੇਚ ਰਹੇ ਹਨ, ਉਨ੍ਹਾਂ ਨੂੰ ਫੜ੍ਹ ਕੇ ਜੇਲ੍ਹ ਵਿਚ ਬੰਦ ਕੀਤਾ ਜਾਵੇ। ਉਨ੍ਹਾਂ ਦੇ ਖ਼ਿਲਾਫ ਬਣਦੀ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਇਸ ਤਰ੍ਹਾਂ ਲੋਕਾਂ ਦੇ ਘਰਾਂ ਦੇ ਚਿਰਾਗ ਨਾ ਬੁੱਝ ਸਕਣ।

## ਫਿਰੋਜ਼ਪੁਰ 'ਚ ਵਾਹਨ ਚਲਾਉਂਦੇ ਤੇ ਪੈਦਲ ਚਲਦੇ ਸਮੇਂ ਚਿਹਰਾ ਢੱਕਣ 'ਤੇ ਲਾਈ ਪਾਬੰਦੀ

ਫਿਰੋਜ਼ਪੁਰ 12 ਅਪ੍ਰੈਲ। ਜ਼ਿਲ੍ਹਾ ਮੈਜਿਸਟ੍ਰੇਟ ਫਿਰੋਜ਼ਪੁਰ ਰਾਜੇਸ਼ ਧੀਮਾਨ ਨੇ ਇਕ ਵਿਸ਼ੇਸ਼ ਹੁਕਮ ਜਾਰੀ ਕਰ ਕੇ ਆਮ ਨਾਗਰਿਕਾਂ 'ਤੇ ਵਾਹਨ ਚਲਾਉਣ ਅਤੇ ਪੈਦਲ ਚੱਲਣ ਸਮੇਂ ਮੂੰਹ ਢੱਕਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਪਾਬੰਦੀ ਉਨ੍ਹਾਂ ਲੋਕਾਂ 'ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾ ਨੂੰ ਕਿਸੇ ਕਿਸਮ ਦੀ ਬੀਮਾਰੀ ਜਾਂ ਐਲਰਜੀ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਸਬੰਧਤ ਨਗਰ ਕੌਂਸਲ, ਕੰਟੋਨਮੈਂਟ ਬੋਰਡ, ਨਗਰ ਪੰਚਾਇਤ, ਗ੍ਰਾਮ ਪੰਚਾਇਤ ਜਾਂ ਸਬੰਧਤ ਵਿਭਾਗ ਦੀ ਪ੍ਰਵਾਨਗੀ ਤੋਂ ਬਿਨਾਂ ਸਰਕਾਰੀ ਜ਼ਮੀਨਾਂ, ਸੜਕਾਂ ਜਾਂ ਚੌਂਕਾਂ 'ਤੇ ਕਿਸੇ ਵੀ ਤਰ੍ਹਾਂ ਦੇ ਹੋਰਡਿੰਗ ਲਾਉਣ 'ਤੇ ਮੁਕੰਮਲ ਪਾਬੰਦੀ ਲਾਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਫਿਰੋਜ਼ਪੁਰ ਨੇ ਇਕ



ਵਿਸ਼ੇਸ਼ ਹੁਕਮ ਜਾਰੀ ਕਰਦੇ ਜ਼ਿਲ੍ਹੇ ਭਰ 'ਚ ਮਾਰੂ ਹਥਿਆਰ ਲੈ ਕੇ ਚੱਲਣ, ਕਿਸੇ ਵਿਅਕਤੀ ਦੁਆਰਾ ਮੀਟਿੰਗਾਂ ਕਰਨ, ਧਰਨੇ ਦੇਣ, ਜਲੂਸ ਰੈਲੀਆਂ, ਮੁਜ਼ਾਹਰੇ, ਹੜਤਾਲਾਂ ਕਰਨ, ਪੁਤਲੇ ਸਾੜਨ ਅਤੇ ਆਵਾਜਾਈ 'ਚ ਵਿਘਨ ਪੈਦਾ ਕਰਨ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਸਾਰੇ ਪਿੰਡਾਂ ਦੇ ਪੇਂਡੂ ਬੈਂਕਾਂ, ਡਾਕਘਰਾਂ, ਛੋਟੇ ਡਾਕਘਰਾਂ, ਰੇਲਵੇ ਸਟੇਸ਼ਨਾਂ, ਸਰਕਾਰੀ ਦਫਤਰਾਂ, ਸੰਸਥਾਵਾਂ, ਨਹਿਰਾਂ ਦੇ ਕਿਨਾਰੇ, ਸਤਲੁਜ ਦਰਿਆ ਦੇ ਪੁਲਾਂ 'ਤੇ ਅਤੇ ਖਾਸ ਕਰ ਕੇ ਬਿਜਲੀ ਬੋਰਡ ਦੇ ਗਰਿੱਡਾਂ, ਸਬ ਸਟੇਸ਼ਨਾਂ, ਟਰਾਂਸਮਿਸ਼ਨ ਲਾਈਨਾਂ, ਟਰਾਂਸਫਾਰਮਰਾਂ ਅਤੇ ਬਿਜਲੀ ਖੰਭਿਆਂ ਨੂੰ ਭੰਨਤੋੜ ਤੋਂ ਬਚਾਉਣ ਲਈ 24 ਘੰਟੇ ਗਸ਼ਤ ਅਤੇ ਪਹਿਰਾ ਦੇਣ ਦੇ ਹੁਕਮ ਦਿੱਤੇ ਗਏ ਹਨ।

## ਸਾਬਕਾ ਫੌਜੀ ਨੇ ਜਿਊਂਦੇ ਜੀਅ ਆਪਣਾ ਭੋਗ ਪਾਇਆ, ਖੱਫਣ ਵੀ ਖਰੀਦਿਆ

ਮਲੋਦ 12 ਅਪ੍ਰੈਲ। ਨਜ਼ਦੀਕੀ ਪਿੰਡ ਧੌਲ ਕਲਾਂ ਦੇ ਵਸਨੀਕ 82 ਸਾਲਾ ਸਾਬਕਾ ਫੌਜੀ ਦਲੀਪ ਸਿੰਘ ਨੇ ਵੱਖਰੀ ਮਿਸਾਲ ਕਾਇਮ ਕਰਦਿਆਂ ਜਿਊਂਦੇ ਜੀਅ ਪਾਠ ਦਾ ਭੋਗ ਪਾ ਕੇ ਆਪਣੀ ਅੰਤਿਮ ਅਰਦਾਸ ਕਰਵਾਈ। ਆਪਣੀ ਧਰਮ ਦੀ ਬਣੀ ਧੀ ਬਣਾਈ ਸ਼ਰਨਜੀਤ ਕੌਰ ਅਤੇ ਦੋਹਤੀ ਅਮਨਪ੍ਰੀਤ ਕੌਰ ਦੀ ਹਾਜਰੀ ਦੌਰਾਨ ਸਾਬਕਾ ਫੌਜੀ ਦਲੀਪ ਸਿੰਘ ਧੌਲ ਕਲਾਂ ਨੇ ਦੱਸਿਆ ਕਿ ਉਹ 1963 ਵਿਚ ਫੌਜ ਵਿਚ ਭਰਤੀ ਹੋਇਆ ਸੀ ਅਤੇ 1978 ਵਿਚ ਰਿਟਾਇਰ ਹੋ ਗਿਆ ਸੀ। ਉਸ ਨੇ ਦੱਸਿਆ ਕਿ 2013 ਵਿਚ ਉਸ ਦੇ ਲੜਕੇ ਰਜਿੰਦਰ ਸਿੰਘ ਦੀ ਮੌਤ ਹੋ ਗਈ ਅਤੇ 12. 11. 2023 ਨੂੰ ਉਸ ਦੀ ਪਤਨੀ ਗੁਰਬਚਨ ਕੌਰ ਦੀ ਵੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਉਹ 1986 ਤੋਂ ਆਪਣੇ ਪਿੰਡ ਧੌਲ ਕਲਾਂ ਦਾ ਨੰਬਰਦਾਰ ਹੈ। ਉਹ ਚਾਹੁੰਦਾ ਸੀ ਕਿ ਉਹ ਜਿਊਂਦੇ ਜੀਅ ਆਪਣੀਆਂ ਅੰਤਿਮ ਰਸਮਾਂ ਪੂਰੀਆਂ ਕਰੇ ਅਤੇ ਆਪਣਾ ਭੋਗ ਪਾਏ ਕਿਉਂਕਿ ਮਰਨ ਅਮਨਪ੍ਰੀਤ ਕੌਰ ਦੀ ਹਾਜਰੀ ਦੌਰਾਨ ਸਾਬਕਾ ਫੌਜੀ ਦਲੀਪ ਸਿੰਘ ਧੌਲ ਕਲਾਂ ਨੇ ਦੱਸਿਆ ਕਿ ਉਹ 1963 ਵਿਚ ਫੌਜ ਵਿਚ ਭਰਤੀ ਹੋਇਆ ਸੀ ਅਤੇ 1978 ਵਿਚ ਰਿਟਾਇਰ ਹੋ ਗਿਆ ਸੀ। ਉਸ ਨੇ ਦੱਸਿਆ ਕਿ 2013 ਵਿਚ



ਉਸ ਦੇ ਲੜਕੇ ਰਜਿੰਦਰ ਸਿੰਘ ਦੀ ਮੌਤ ਹੋ ਗਈ ਅਤੇ 12. 11. 2023 ਨੂੰ ਉਸ ਦੀ ਪਤਨੀ ਗੁਰਬਚਨ ਕੌਰ ਦੀ ਵੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਉਹ 1986 ਤੋਂ ਆਪਣੇ ਪਿੰਡ ਧੌਲ ਕਲਾਂ ਦਾ ਨੰਬਰਦਾਰ ਹੈ। ਉਹ ਚਾਹੁੰਦਾ ਸੀ ਕਿ ਉਹ ਤੋਂ ਬਾਅਦ ਕੀ ਪਤਾ ਕਿ ਕੋਈ ਭੋਗ ਪਾਵੇਗਾ ਕਿ ਨਹੀਂ। ਦੂਜੇ ਪਾਸੇ ਉਨ੍ਹਾਂ ਦੇ ਭੋਗ ਅਤੇ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਮੌਕੇ ਹਾਜਰ ਪਤਵੰਤਿਆਂ ਨੇ ਉਨ੍ਹਾਂ ਦੀ ਲੰਮੀ ਉਮਰ ਦੀਆਂ ਅਰਦਾਸਾਂ ਕੀਤੀਆਂ। ਉਸ ਨੇ ਦੱਸਿਆ ਕਿ ਉਹ ਆਪਣਾ ਖੱਫਣ ਆਦਿ ਸਾਮਾਨ ਵੀ ਖਰੀਦ ਕੇ ਰੱਖੇਗਾ ਅਤੇ ਮਰਨ ਤੋਂ ਬਾਅਦ ਰਿਸ਼ਤੇਦਾਰ ਅਤੇ ਲੋਕ ਉਸਦਾ ਅੰਤਿਮ ਸੰਸਕਾਰ ਕਰਨਗੇ। ਇਸ ਮੌਕੇ ਬਾਬਾ ਮੇਜਰ ਸਿੰਘ ਡੋਗਰ ਗੋਸਲਾਂ ਦੇ ਜਥੇ ਨੇ ਕੀਰਤਨ ਕੀਤਾ। ਉਨ੍ਹਾਂ ਪਿੰਡ ਦੇ ਧਾਰਮਿਕ ਸਥਾਨਾਂ ਨੂੰ 21-21 ਸੌ ਰੁਪਏ ਦਾਨ ਵਜੋਂ ਦਿੱਤੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਬਲਵੰਤ ਸਿੰਘ ਘੁਡਾਣੀ, ਮਾ. ਰਜਿੰਦਰ ਸਿੰਘ ਸਿਆੜ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਿਸਾਨ ਆਗੂ ਹਾਜਰ ਸਨ। ਉਨ੍ਹਾਂ ਕਿਹਾ ਕਿ ਦਲੀਪ ਸਿੰਘ ਨੇ ਪਹਿਲਾਂ ਵੀ ਕਿਸਾਨ ਸੰਘਰਸ ਵਿਚ ਯੋਗਦਾਨ ਪਾਇਆ ਹੈ ਅਤੇ ਅੱਗੇ ਵੀ ਉਹ ਸਮਾਜ ਸੇਵਾ ਵਿਚ ਅੱਗੇ ਆਉਣ।

## ਜਲੰਧਰ ਪੁਲਸ ਵੱਲੋਂ ਹੈਰੋਇਨ ਦੀ ਤਸਕਰੀ ਕਰਨ ਵਾਲੇ ਰੈਕੇਟ ਦਾ ਪਰਦਾਫਾਸ, ਦੋ ਸਮੱਗਲਰ ਗ੍ਰਿਫਤਾਰ

ਜਲੰਧਰ 12 ਅਪ੍ਰੈਲ। ਜਲੰਧਰ ਸਹਿਰ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾਉਣ ਲਈ ਆਪਣੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਜਲੰਧਰ ਕਮਿਸਨਰੇਟ ਪੁਲਸ ਨੇ ਦੋ ਸਮੱਗਲਰਾਂ ਨੂੰ 180 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਇਕ ਇਤਲਾਹ 'ਤੇ ਜਲੰਧਰ ਦੇ ਸੀ. ਆਈ. ਏ. ਸਟਾਫ ਨੇ ਰਾਮਾ ਮੰਡੀ ਚੌਂਕ ਤੋਂ ਸਰਵਿਸ ਰੋਡ ਦਕੋਹਾ ਰੇਲਵੇ ਕਰਾਸਿੰਗ ਤੱਕ ਗਸਤ ਸੁਰੂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਸੱਕ ਦੇ ਆਧਾਰ 'ਤੇ ਕਮਲਜੀਤ ਪੁੱਤਰ ਜੋਗਿੰਦਰ ਪਾਲ ਵਾਸੀ ਸ਼ਿਵ ਨਗਰ, ਨੇੜੇ ਰੇਲਵੇ ਫਾਟਕ, ਜਲੰਧਰ ਨੂੰ ਰੋਕ ਕੇ ਤਲਾਸੀ ਲਈ ਤਾਂ ਉਸ ਕੋਲੋਂ 30 ਗ੍ਰਾਮ ਹੈਰੋਇਨ ਬਰਾਮਦ ਹੋਈ। ਸਵਪਨ ਸਰਮਾ ਨੇ ਦੱਸਿਆ ਕਿ ਤਫਤੀਸ ਦੌਰਾਨ ਜਤਿੰਦਰ ਕੁਮਾਰ ਪੁੱਤਰ ਬਲਦੇਵ ਰਾਜ ਵਾਸੀ ਈਜੀ-972 ਪ੍ਰੇਮ ਨਗਰ, ਮੁਹੱਲਾ ਗੋਬਿੰਦਗੜ੍ਹ ਜਲੰਧਰ ਹੁਣ ਫਲੈਟ ਨੰਬਰ 301, ਏ. ਜੀ.




ਆਈ. ਨੇੜੇ ਹਵੇਲੀ ਜਲੰਧਰ ਦੀ ਸਮੂਲੀਅਤ ਸਾਹਮਣੇ ਆਈ, ਜਿਸ ਤੋਂ ਬਾਅਦ ਉਸ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਕਮਿਸਨਰ ਨੇ ਦੱਸਿਆ ਕਿ ਅਗਲੇਰੀ ਜਾਂਚ ਤੋਂ 150 ਗ੍ਰਾਮ ਹੈਰੋਇਨ ਦੀ ਵਾਧੂ ਬਰਾਮਦਗੀ ਹੋਈ, ਜਿਸ ਨਾਲ ਕੁੱਲ ਰਿਕਵਰੀ 180 ਗ੍ਰਾਮ ਹੋ ਗਈ। ਉਨ੍ਹਾਂ ਕਿਹਾ ਕਿ ਪੁਲਸ ਨਸ਼ਿਆਂ ਦੇ ਸਰੋਤ ਅਤੇ ਮੰਜ਼ਿਲ ਬਾਰੇ ਹੋਰ ਪੁੱਛਗਿੱਛ ਕਰ ਰਹੀ ਹੈ। ਸਵਪਨ ਸਰਮਾ ਨੇ ਦੱਸਿਆ ਕਿ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਐੱਫ. ਆਈ. ਆਰ. 88 ਮਿਤੀ 05-04-2024 ਅਧੀਨ 21/29-61-85 ਐੱਨ. ਡੀ. ਪੀ. ਐੱਸ. ਐਕਟ ਦਰਜ ਕੀਤੀ ਗਈ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਦੋਵੇਂ ਮੁਲਜਮਾਂ ਦਾ ਅਪਰਾਧਿਕ ਰਿਕਾਰਡ ਹੈ ਅਤੇ ਇਨ੍ਹਾਂ ਖ਼ਿਲਾਫ ਜਲੰਧਰ ਅਤੇ ਲੁਧਿਆਣਾ ਵਿਖੇ ਐੱਫ. ਆਈ. ਆਰ. ਦਰਜ ਹਨ । ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ। ਇਸ ਦੌਰਾਨ ਸਵਪਨ ਸਰਮਾ ਨੇ ਸਹਿਰ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਕਮਿਸਨਰੇਟ ਪੁਲਿਸ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।

## ਪਿਓ-ਪੁੱਤ ਦੀ ਇਕੱਠਿਆਂ ਮੌਤ, ਘਰ 'ਚ ਵਿਛ ਗਏ ਲਾਸ਼ਾਂ ਦੇ ਸੱਥਰ

ਜੀਰਾ 12 ਅਪ੍ਰੈਲ। ਜੀਰਾ ਦੇ ਕਸਬਾ ਮੱਖੂ ਦੇ ਨੇੜੇ ਪਿੰਡ ਲਹਿਰਾ ਬੇਟ ਨਜਦੀਕ ਕਾਰ ਅਤੇ ਮੋਟਰਸਾਈਕਲ ਦਰਮਿਆਨ ਹੋਈ ਟੱਕਰ ਵਿਚ ਪਿਓ-ਪੁੱਤ ਦੀ ਮੌਤ ਹੋ ਗਈ। ਮ੍ਰਿਤਕਾਂ ਦੀਆਂ ਲਾਸਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਜੀਰਾ ਲਿਆਂਦਾ ਗਿਆ। ਸਿਵਲ ਹਸਪਤਾਲ



ਜੀਰਾ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮ੍ਰਿਤਕਾਂ ਦੇ ਰਿਸਤੇਦਾਰ ਛਿੰਦਰ ਸਿੰਘ ਪੁੱਤਰ ਹਰਬੇਲ ਸਿੰਘ ਵਾਸੀ ਪਿੰਡ ਬੂਲੇ ਨੇ ਦੱਸਿਆ ਕਿ ਇਹ ਦੋਵੇਂ ਪਿਓ-ਪੁੱਤ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ ਬੂਲੇ ਤੋਂ ਪੱਟੀ ਵੱਲ ਜਾ ਰਹੇ ਸਨ ਅਤੇ ਜਦੋਂ ਇਹ ਮੱਖੂ ਦੇ ਨਜਦੀਕ ਪੈਂਦੇ ਪਿੰਡ ਲਹਿਰਾ ਬੇਟ ਨਜਦੀਕ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੀ ਇਕ ਕਾਰ ਨਾਲ ਇਨ੍ਹਾਂ ਦੀ ਜੋਰਦਾਰ ਟੱਕਰ ਹੋ ਗਈ। ਹਾਦਸਾ ਇਨਾਂ ਜਬਰਦਸਤ ਸੀ ਕਿ ਮੋਟਰਸਾਈਕਲ ਸਵਾਰ ਪਿਓ-ਪੁੱਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ ਜੀਰਾ ਵਿਖੇ ਤਾਇਨਾਤ ਡਾਕਟਰ ਰਮਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਪੀਰ ਮੁਹੰਮਦ ਨਜਦੀਕ ਸਥਿਤ ਟੋਲ ਪਲਾਜਾ ਦੀ ਇਕ ਐਂਬੂਲੈਂਸ ਇਕ ਲਾਸ਼ ਨੂੰ ਲੈ ਕੇ ਸਿਵਲ ਹਸਪਤਾਲ ਜੀਰਾ ਪਹੁੰਚੀ ਸੀ ਅਤੇ ਉਸ ਦੇ ਕਰੀਬ ਇਕ ਘੰਟੇ ਬਾਅਦ ਇਕ ਹੋਰ ਲਾਸ਼ ਮ੍ਰਿਤਕਾਂ ਦੇ ਰਿਸਤੇਦਾਰਾਂ ਵੱਲੋਂ ਸਿਵਲ ਹਸਪਤਾਲ ਜੀਰਾ ਵਿਖੇ ਲਿਆਂਦੀ ਗਈ। ਉਨ੍ਹਾਂ ਦੱਸਿਆ ਕਿ ਦੋਵੇਂ ਮ੍ਰਿਤਕ ਦੇਹਾਂ ਨੂੰ ਪੋਸਟਮਾਰਟਮ ਲਈ ਮੋਰਚਰੀ ਘਰ ਵਿਚ ਰਖਵਾ ਦਿੱਤਾ ਗਿਆ ਹੈ।

## ਹਨੀ ਟ੍ਰੈਪ ਵਾਲੇ ਗਿਰੋਹ ਦਾ ਪਰਦਾਫਾਸ, ਔਰਤ ਸਣੇ ਦੋ ਵਿਅਕਤੀ ਕਾਬੂ

ਅੰਮ੍ਰਿਤਸਰ 12 ਅਪ੍ਰੈਲ। ਹਨੀ ਟਰੈਪ ਲਗਾ ਕੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦਾ ਪਰਦਾਫਾਸ ਕਰਦਿਆਂ ਥਾਣਾ ਇਸਲਾਮਾਬਾਦ ਦੀ ਪੁਲਸ ਨੇ ਇਸ ਗਿਰੋਹ ਦੇ ਲੋੜੀਂਦੇ ਮੈਂਬਰ ਜੁਗਰਾਜ ਸਿੰਘ ਸੂਟਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਪੁਲਸ ਨੇ ਇਸ ਗਿਰੋਹ ਦੇ ਦੋ ਮੈਂਬਰ ਤਾਜਪ੍ਰੀਤ ਕੌਰ ਅਤੇ ਰਸਪਾਲ ਸਿੰਘ ਰਿਸੀ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਸੀ। ਉਕਤ ਗਿਰੋਹ ਦੇ ਮੈਂਬਰਾਂ ਨੇ ਮਿਲ ਕੇ ਗੁਰਜੰਟ ਸਿੰਘ ਦੀ ਸੋਸਲ ਸਾਈਟ ਇੰਸਟਾਗ੍ਰਾਮ 'ਤੇ ਤਾਜਪ੍ਰੀਤ ਕੌਰ ਨਾਲ ਸੰਪਰਕ ਕਰਵਾਇਆ ਅਤੇ ਫਰੈਂਡ ਰਿਕਵੈਸਟ ਭੇਜੀ। ਇਸ ਤੋਂ ਬਾਅਦ ਗੁਰਜੰਟ ਸਿੰਘ ਨੂੰ ਮਿਲਣ ਲਈ ਬੁਲਾਇਆ ਗਿਆ, ਜਿੱਥੇ ਤਾਜਪ੍ਰੀਤ ਕੌਰ ਨੇ ਉਸ ਨੂੰ ਸਰਟੀਫਿਕੇਟ ਲੈਣ ਲਈ ਆਪਣੇ ਨਾਲ ਜਾਣ ਲਈ ਕਿਹਾ ਤਾਂ ਜਦੋਂ ਉਹ ਉਸ ਦੇ ਨਾਲ ਮੋਟਰਸਾਈਕਲ 'ਤੇ ਗਿਆ ਤਾਂ ਤਾਜਪ੍ਰੀਤ ਕੌਰ ਸੈਂਟਰ ਦੇ ਅੰਦਰ ਚਲੀ ਗਈ ਅਤੇ ਉੱਥੇ ਖੜ੍ਹੇ ਮੁੰਡਿਆਂ ਨੇ ਗੁਰਜੰਟ ਸਿੰਘ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨੀ ਸੁਰੂ ਕਰ ਦਿੱਤੀ, ਜਿਸ ਨਾਲ ਨੂੰ ਵੀ ਗੋਲੀ ਮਾਰੀ ਅਤੇ ਉਸ ਦਾ ਬੁਲੇਟ, ਮੋਟਰਸਾਈਕਲ, ਮੋਬਾਈਲ ਫੋਨ ਅਤੇ 8 ਹਜਾਰ ਰੁਪਏ ਦੀ ਨਕਦੀ ਖੋਹ ਕੇ ਫਰਾਰ ਹੋ ਗਏ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

**ਮੁੱਖ ਚੋਣ ਅਧਿਕਾਰੀ ਦਫਤਰ, ਦਿੱਲੀ**
**ਪੁਰਾਣਾ ਸੇਂਟ ਸਟੀਫਨ ਕਾੱਲਜ ਭਵਨ, ਕਸਮੀਰੀ ਗੇਟ, ਦਿੱਲੀ-110006**
**ਹੈਲਪਲਾਈਨ ਨੰ. 1800-111-400 ਅਤੇ 1950: ਵੈੱਬਸਾਈਟ: www.ceodelhi.gov.in**

ਲੋਕ ਸਭਾ ਆਮ ਚੋਣ, 2024 – ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ

ਜਨਤਕ ਸੂਚਨਾ

ਐਗਜ਼ਿਟ/ਓਪੀਨੀਅਨ ਪੋਲ ਆਦਿ 'ਤੇ ਪਾਬੰਦੀ

ਧਿਆਨ ਦਿਓ: ਨਿਊਜ ਬਿਊਰੋ, ਮੀਡੀਆ ਹਾਊਸੇਜ, ਰੇਡੀਓ ਅਤੇ ਟੈਲੀਵਿਜਨ ਚੈਨਲ ਆਦਿ।

ਆਮ ਲੋਕਾਂ ਖਾਸ ਕਰਕੇ ਨਿਊਜ ਬਿਊਰੋ, ਮੀਡੀਆ ਹਾਊਸ, ਰੇਡੀਓ ਅਤੇ ਟੈਲੀਵਿਜਨ ਚੈਨਲਾਂ ਆਦਿ ਦਾ ਧਿਆਨਸ਼ਭਾਰਤ ਚੋਣ ਕਮਿਸਨ ਦੇ ਨੋਟੀਫਿਕੇਸਨ ਨੰਬਰ 576/ਐਗਜ਼ਿਟ/2024/ਏਸਡੀਆਰ-ਖੰਡ 1 ਮਿਤੀ 28/03/2024 ਵੱਲ ਖਿੱਚਿਆਜਾਂਦਾ ਹੈ ਕਿ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਜਾਂ ਕਿਸੇ ਵੀ ਹੋਰ ਤਰੀਕੇ ਨਾਲ, ਜੋ ਵੀ ਹੋਵੇ, **ਐਗਜ਼ਿਟ ਪੋਲ, ਓਪੀਨੀਅਨ ਪੋਲ/ਕਿਸੇ ਹੋਰ ਚੋਣ ਸਰਵੇਖਣ ਦੇ ਨਤੀਜਿਆਂ 'ਤੇ ਮਨਾਹੀ ਹੋਵੇਗੀ।** ਇਹ ਨੋਟੀਫਿਕੇਸ਼ਨ ਸਾਰੇ ਸਬੰਧਤਾਂ ਦੀ ਜਾਣਕਾਰੀਅਤੇ ਪਾਲਣਾ ਲਈ ਹੇਠਾਂ ਦੁਬਾਰਾ ਪੇਸ ਕੀਤਾ ਗਿਆ ਹੈ: –

1. ਜਦੋਂ ਕਿ: ਲੋਕ ਸਭਾ ਦੀਆਂ ਆਮ ਚੋਣਾਂ, 2024 ਅਤੇ ਆਂਧਰਾ ਪ੍ਰਦੇਸ, ਅਰੁਣਾਚਲ ਪ੍ਰਦੇਸ਼, ਉੜੀਸਾ ਅਤੇ ਸਿੱਕਮ ਵਿਧਾਨ ਸਭਾ ਦੀਆਂ ਆਮ ਚੋਣਾਂ, 2024 ਅਤੇ ਬਿਹਾਰ, ਗੁਜਰਾਤ, ਹਰਿਆਣਾ, ਝਾਰਖੰਡ, ਮਹਾਰਾਸ਼ਟਰ, ਤ੍ਰਿਪੁਰਾ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਤੇਲੰਗਾਨਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਕਰਨਾਟਕ ਅਤੇ ਤਾਮਿਲਨਾਡੂ ਦੀਆਂ ਰਾਜ ਵਿਧਾਨ ਸਭਾਵਾਂ ਲਈ ਉਪ-ਚੋਣਾਂ ਦਾ ਐਲਾਨ ਆਯੋਗ ਦੀ ਮਿਤੀ 16/03/2024, ਪ੍ਰੈਸ ਨੋਟ ਨੰਬਰ /ਈ.ਸੀ.ਆਈ/ਪੀ.ਏਨ 23/2024 ਅਤੇ /ਈ.ਸੀ.ਆਈ/ਪੀ.ਏਨ/24/2024 ਦੁਆਰਾ ਕਿਤੀ ਗਈ ਸੀ।

2. ਅਤੇ ਜਦੋਂ ਕਿ, ਲੋਕ ਪ੍ਰਤੀਨਿਧਤਾ ਐਕਟ, 1951 (ਛੋਟੇ ਤੌਰ 'ਤੇ, ਲੋ. ਪ੍ਰ. ਐਕਟ, 1951) ਦੀ ਧਾਰਾ 126ਕ ਦੇ ਉਪਬੰਧਾਂ ਦੇ ਅਨੁਸਾਰ, ਜਿਵੇਂ ਕਿ ਇਸ ਸਬੰਧ ਵਿੱਚ ਚੋਣ ਕਮਿਸ਼ਨ ਦੁਆਰਾ ਅਧਿਸੂਚਿਤ ਕੀਤਾ ਗਿਆ ਹੈ, ਕਿਸੇ ਵੀ ਐਗਜ਼ਿਟ ਪੋਲ ਦੀ ਕਿਸਮ ਅਤੇ ਇਸ ਦੇ ਨਤੀਜਿਆਂ ਅਤੇ ਅਜਿਹੇ ਐਗਜ਼ਿਟ ਪੋਲ ਦੇ ਨਤੀਜਿਆਂ ਦੇ ਪ੍ਰਸਾਰ 'ਤੇ ਪਾਬੰਦੀਆਂ ਹੋਣਗੀਆਂ।

3. ਹੁਣ, ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 126ਕ ਦੀ ਉਪ-ਧਾਰਾ (1) ਅਧੀਨ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਭਾਰਤ ਦੇ ਚੋਣ ਕਮਿਸਨ ਨੇ ਉਪ-ਧਾਰਾ (2) ਦੇ ਉਪਬੰਧਾਂ ਦੇ ਸਬੰਧ ਵਿੱਚ ਇਸ ਦੁਆਰਾ, 19 ਅਪ੍ਰੈਲ ਨੂੰ, 2024 (ਸ਼ੁੱਕਰਵਾਰ) ਨੂੰ 07:00 ਅਤੇ 01 ਜੂਨ, 2024 (ਸ਼ਨੀਵਾਰ) ਨੂੰ 06:30 ਦੇ ਵਿਚਕਾਰ ਦੀ ਮਿਆਦ ਨੂੰ ਉਸ ਸਮੇਂ ਦੇ ਤੌਰ 'ਤੇ ਸੂਚਿਤ ਕਰਦਾ ਹੈ ਜਿਸ ਦੌਰਾਨ ਲੋਕ ਸਭਾ, 2024 ਦੀਆਂ ਆਮ ਚੋਣਾਂ ਅਤੇ ਇਸ ਬਾਰੇ ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਉੜੀਸਾ ਅਤੇ ਸਿੱਕਮ ਦੀਆਂ ਵਿਧਾਨ ਸਭਾਵਾਂ ਦੀਆਂ ਆਮ ਚੋਣਾਂ, 2024 ਅਤੇ ਰਾਜ ਵਿਧਾਨ ਸਭਾਵਾਂ ਦੀਆਂ ਉਪ-ਚੋਣਾਂ ਦਾ ਐਲਾਨ ਉਪਰੋਕਤ ਪ੍ਰੈੱਸ ਨੋਟ ਰਾਹੀਂ ਕੀਤਾ ਗਿਆ ਹੈ, ਜੋ ਲੋਕ ਸਭਾ ਦੀਆਂ ਆਮ ਚੋਣਾਂ ਦੇ ਨਾਲ- ਨਾਲ ਕਰਵਾਈਆਂ ਜਾਣਗੀਆਂ। ਕਿਸੇ ਵੀ ਤਰ੍ਹਾਂ ਦੇ ਐਗਜ਼ਿਟ ਪੋਲ ਕਰਵਾਉਣ ਅਤੇ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਰਾਹੀਂ ਇਸ ਦੇ ਪ੍ਰਕਾਸ਼ਨ ਜਾਂ ਪ੍ਰਚਾਰ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਦੇ ਪ੍ਰਸਾਰ 'ਤੇ ਪਾਬੰਦੀ ਹੋਵੇਗੀ।

4. ਇਸ ਤੋਂ ਇਲਾਵਾ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 126 (1) (ਖ) ਦੇ ਤਹਿਤ ਉਪਰੋਕਤ ਆਮ ਚੋਣਾਂ ਅਤੇ ਉਪ-ਚੋਣਾਂ ਦੇ ਸਬੰਧ ਵਿੱਚ ਸਬੰਧਤ ਪੋਲਿੰਗ ਹਲਕਿਆਂ ਵਿੱਚ ਵੋਟਿੰਗ ਦੀ ਸਮਾਪਤੀ ਦੇ ਲਈ ਨਿਯਤ ਸਮੇ ਦੇ ਨਾਲ ਖਤਮ ਹੋਨ ਵਾਲੇ 48 ਘੰਟਿਆਂ ਦੀ ਅਵਧੀ ਦੇ ਦੁਰਾਨ ਕਿਸੀ ਵੀ ਪ੍ਰਾਕਰ ਦੇ ਚੌਣ ਸੰਬੰਧੀ ਮਾਮਲੇ ਦਾ, ਕਿਸੀ ਵੀ ਔਪੀਨਿਯਣ ਪੋਲ ਯਾ ਹੋਰ ਕੀਸੀ ਪੋਲ ਸਰਵੇ ਦੇ ਪਰਿਣਾਮਾਂ ਸਮੇ ਪ੍ਰਦਰਸ਼ਨ ਕਿਸੀ ਵੀ ਇਲੇਕਟ੍ਰੌਨਿਕ ਮੀਡੀਆ ਨਾਲ ਕਰਨੇ ਤੇ ਪਾਬੰਦੀ ਰਹੇਗੀ।

ਹ./-
**ਰਾਜੇਸ਼ ਕੁਮਾਰ**
**ਵਿਸ਼ੇਸ਼ ਮੁੱਖ ਚੌਣ ਅਧਿਕਾਰੀ, ਦਿੱਲੀ**

**ਮਤਦਾਨ ਦੇ ਲਈ, ਤੁਹਾਡਾ ਨਾਮ ਚੌਣ ਨਾਮਾਵਲੀ ਵਿਚ ਹੋਣਾ ਜ਼ਰੂਰੀ ਹੈ !**

चुनाव का पर्व
DESH KA GARV
LOK SABHA ELECTION 2024

DIP/Shabdarth/Classified/0013/24-25

## ਮਦਦ ਦੇ ਬਹਾਨੇ ਬੁਲਾ ਕੇ 2 ਨੌਜਵਾਨਾਂ ਨੂੰ ਲੁੱਟਿਆ, 5 ਖਿਲਾਫ ਮਾਮਲਾ ਦਰਜ

ਲੁਧਿਆਣਾ 12 ਅਪ੍ਰੈਲ। ਥਾਣਾ ਟਿੱਬਾ ਪੁਲਸ ਨੇ ਆਪਣੇ ਦੋਸਤਾਂ ਨੂੰ ਮਦਦ ਦੇ ਬਹਾਨੇ ਬੁਲਾ ਕੇ ਲੁੱਟਣ ਵਾਲੇ 5 ਦੋਸੀਆਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ।




ਮੁਲਜਮਾਂ 'ਚ ਮੋਨੂੰ ਗਰੋਵਰ, ਕਾਕਾ ਸੈਮ, ਬੰਟੀ, ਕਾਲੂ ਅਤੇ ਪ੍ਰਵੇਸ ਸਾਮਲ ਹਨ। ਪੁਲਸ ਨੇ ਦੋਸੀ ਮੋਨੂੰ ਗਰੋਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਕੋਲੋਂ ਪੁੱਛਗਿੱਛ ਕਰ ਕੇ ਬਾਕੀ ਮੁਲਜਮਾਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਸ ਸਿ਼ਕਾਇਤ 'ਚ ਪ੍ਰਿੰਸ ਕੁਮਾਰ ਨੇ ਦੱਸਿਆ ਕਿ ਉਹ ਆਪਣੇ ਦੋਸਤ ਵਸੀਮ ਨਾਲ ਟਿੱਬਾ ਰੋਡ 'ਤੇ ਸਥਿਤ ਗੁਲਾਬੀ ਬਾਗ ਕਲੋਨੀ ਜਾ ਰਿਹਾ ਸੀ। ਜਦੋਂ ਉਹ ਗਰੇਵਾਲ ਆਟਾ ਚੱਕੀ ਨੇੜੇ ਪਹੁੰਚਿਆ ਤਾਂ ਉਕਤ ਦੋਸੀ ਉੱਥੇ ਪਹਿਲਾਂ ਹੀ ਖੜ੍ਹੇ ਸਨ। ਇਕ ਮੁਲਜਮ ਨੇ ਦੱਸਿਆ ਕਿ ਉਸ ਦੀ ਰੇਤ ਦੀ ਟਰਾਲੀ ਫਸ ਗਈ। ਉਸ ਨੂੰ ਧੱਕਾ ਮਾਰਨ ਲਈ ਮਦਦ ਚਾਹੀਦੀ ਹੈ। ਇਸ 'ਤੇ ਦੋਵੇਂ ਮਦਦ ਕਰਨ ਗਏ। ਕੁਝ ਦੂਰੀ 'ਤੇ ਨੌਜਵਾਨਾਂ ਨੇ ਤੇਜਧਾਰ ਹਥਿਆਰ ਲੈ ਕੇ ਉਨ੍ਹਾਂ ਨੂੰ ਡਰਾ-ਧਮਕਾ ਕੇ ਉਨ੍ਹਾਂ ਦਾ ਮੋਬਾਇਲ ਫੋਨ ਅਤੇ 2500 ਰੁਪਏ ਦੀ ਨਕਦੀ ਖੋਹ ਲਈ। ਉਸ ਨੇ ਰੌਲਾ ਪਾਇਆ ਤਾਂ ਆਸ-ਪਾਸ ਦੇ ਲੋਕ ਇਕੱਠੇ ਹੋ ਗਏ ਤਾਂ ਦੋਸੀ ਫਰਾਰ ਹੋ ਗਏ। ਪੁਲਸ ਨੇ ਜਾਂਚ ਦੌਰਾਨ 1 ਨੂੰ ਕਾਬੂ ਕਰ ਲਿਆ ਹੈ।

# ਸਿਟੀ ਰੇਲਵੇ ਸਟੇਸਨ 'ਤੇ ਸਵੱਛਤਾ ਪੰਦਰਵਾੜੇ ਦੀਆਂ ਉੱਡੀਆਂ ਧੱਜੀਆਂ, ਥਾਂ-ਥਾਂ ਲੱਗੇ ਕੂੜੇ ਦੇ ਢੇਰ

ਜਲੰਧਰ 12 ਅਪ੍ਰੈਲ। ਭਾਰਤੀ ਰੇਲਵੇ ਨੇ ਸਾਰੀਆਂ ਡਿਵੀਜਨਾਂ ਨੂੰ 16 ਸਤੰਬਰ ਤੋਂ 2 ਅਕਤੂਬਰ ਤੱਕ ਸਵੱਛਤਾ ਪੰਦਰਵਾੜਾ ਮਨਾਉਣ ਦੇ ਨਿਰਦੇਸ ਦਿੱਤੇ ਸਨ। ਫਿ਼ਰੋਜਪੁਰ ਰੇਲਵੇ ਡਿਵੀਜਨ ਦੇ ਡੀ. ਆਰ. ਐੱਮ. ਸੰਜੇ ਸਾਹੂ ਖੁਦ ਇਸ ਸਬੰਧੀ ਰੇਲਵੇ ਅਧਿਕਾਰੀਆਂ ਨੂੰ ਜਾਗਰੂਕ ਕਰਦੇ ਰਹੇ ਅਤੇ ਸਫਾਈ ਮੁਹਿੰਮ 'ਚ ਹਿੱਸਾ ਲੈਂਦੇ ਰਹੇ। ਐਤਵਾਰ ਨੂੰ ਰੇਲਵੇ ਪ੍ਰਸਾਸਨ ਨੇ 'ਇਕ ਤਰੀਕ-ਇਕ ਘੰਟਾ' ਮੁਹਿੰਮ ਤਹਿਤ ਕਿਰਤ ਦਾਨ ਕੀਤਾ। ਇਸ ਸਬੰਧੀ ਜੇਕਰ ਜਲੰਧਰ ਸਿਟੀ ਰੇਲਵੇ ਸਟੇਸਨ ਦੀ ਗੱਲ ਕਰੀਏ ਤਾਂ ਸਟੇਸਨ ਦੇ ਅੰਦਰ ਸਫਾਈ ਪੰਦਰਵਾੜੇ ਦੀਆਂ ਧੱਜੀਆਂ ਉੱਡਦੀਆਂ ਨਜਰ ਆਈਆਂ। ਥਾਂ-ਥਾਂ ਕੂੜੇ ਦੇ ਢੇਰ ਲੱਗੇ ਹੋਏ ਸਨ। ਰਿਜਰਵੇਸਨ ਸੈਂਟਰ ਅਤੇ ਬੁਕਿੰਗ ਦਫਤਰ ਦੇ ਸਾਹਮਣੇ ਲੱਗੇ ਡਸਟਬਿਨ ਕੂੜੇ ਨਾਲ ਭਰੇ ਪਏ ਸਨ, ਜਿਸ ਕਾਰਨ ਬਦਬੂ ਫੈਲ ਰਹੀ ਸੀ ਅਤੇ ਲੋਕਾਂ ਨੂੰ ਡਸਟਬਿਨ ਨੇੜੇ ਖੜ੍ਹ ਕੇ ਟਿਕਟ ਬੁਕਿੰਗ ਲਈ ਫਾਰਮ ਭਰਨ ਲਈ ਮਜਬੂਰ ਹੋਣਾ ਪਿਆ। ਰੇਲਵੇ ਲਾਈਨਾਂ ਦੇ ਅੰਦਰ ਵੀ ਗੰਦਗੀ ਫੈਲੀ ਹੋਈ ਸੀ। ਪਲੇਟਫਾਰਮ ਨੰ. 1 ਦੀਆਂ ਰੇਲਵੇ ਲਾਈਨਾਂ ਨਾਲ ਗੰਦਗੀ ਦੇ ਢੇਰ ਲੱਗੇ ਹੋਏ ਸਨ, ਜੋ ਸਫਾਈ ਮੁਹਿੰਮ ਦਾ ਮੂੰਹ ਚਿੜਾ ਰਹੇ ਸਨ। ਸਟੇਸਨ ਕੰਪਲੈਕਸ ਦੇ ਅੰਦਰ ਸਵੇਰੇ 11 ਵਜੇ ਦੇ ਕਰੀਬ



ਪਲੇਟਫਾਰਮਾਂ ਦੇ ਫਰਸ ਇੰਨੇ ਗੰਦੇ ਸਨ ਕਿ ਸਫਾਈ ਕਰਮਚਾਰੀਆਂ ਨੇ ਪੋਚਾ ਤਕ ਵੀ ਨਹੀਂ ਲਾਇਆ ਸੀ। ਯਾਤਰੀਆਂ ਨੇ ਕਿਹਾ ਕਿ ਜੇਕਰ ਸਫਾਈ ਪੰਦਰਵਾੜੇ ਦੌਰਾਨ ਸਟੇਸਨ 'ਤੇ ਇਹ ਹਾਲ ਹੈ ਤਾਂ ਬਾਕੀ ਦਿਨਾਂ 'ਚ ਕੀ ਹੋਵੇਗਾ। ਇਸ ਦਾ ਅੰਦਾਜਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਦੂਜੇ ਪਾਸੇ ਸਟੇਸਨ ਦੇ ਸਰਕੂਲੇਸਨ ਏਰੀਏ 'ਚ ਕਈ ਥਾਵਾਂ 'ਤੇ ਗੰਦਗੀ ਦੇ ਢੇਰ ਲੱਗੇ ਨਜਰ ਆਏ। ਸਿਟੀ ਰੇਲਵੇ ਸਟੇਸਨ ਤੋਂ ਕੁਝ ਕਦਮ ਦੂਰ ਪਲੇਟਫਾਰਮ ਨੰ. 5 ਦੀ ਕੰਧ ਦੇ ਬਾਹਰ ਲੱਗੇ ਡੰਪ ਵੀ ਕੂੜੇ ਨਾਲ ਭਰੇ ਪਏ ਸਨ। ਐਤਵਾਰ ਨੂੰ ਡੀ. ਆਰ. ਐੱਮ. ਸੰਜੇ ਸਾਹੂ ਇਕ ਵੀਡੀਓ 'ਚ ਦਾਅਵਾ ਕਰ ਰਹੇ ਸਨ ਕਿ ਕੂੜਾ ਡੰਪ ਨੂੰ ਇਸ ਤਰ੍ਹਾਂ ਸਾਫ ਕੀਤਾ ਗਿਆ ਹੈ ਜਿਵੇਂ ਕਿ ਉੱਥੇ ਕਦੇ ਕੂੜਾ ਨਹੀਂ ਸੁੱਟਿਆ ਗਿਆ ਸੀ। ਸਾਇਦ ਉਹ ਫਿ਼ਰੋਜਪੁਰ ਦੀ ਗੱਲ ਕਰ ਰਹੇ ਹਨ ਪਰ ਜਲੰਧਰ ਸਹਿਰ ਦੀ ਹਾਲਤ ਇਸ ਤੋਂ ਕਿਤੇ ਜਿ਼ਆਦਾ ਖਰਾਬ ਦਿਖਾਈ ਦਿੱਤੀ। ਇਸ ਸਬੰਧੀ ਜਦੋਂ ਰੇਲਵੇ ਦੇ ਚੀਫ ਹੈਲਥ ਇੰਸ. ਮਨੋਜ ਕੁਮਾਰ ਨਾਲ ਸੰਪਰਕ ਕਰਨ ਦੀ ਕੋਸਿ਼ਸ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

## ਗੰਨ ਸਾਫ ਕਰਨ ਵੇਲੇ ਗੋਲੀ ਚੱਲਣ ਕਾਰਨ ਪੁਲਸ ਕਾਂਸਟੇਬਲ ਦੀ ਮੌਤ

ਲੁਧਿਆਣਾ 12 ਅਪ੍ਰੈਲ। ਲੁਧਿਆਣਾ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਇੱਥੇ ਮਾਇਆਪੁਰੀ ਦੇ ਰਹਿਣ ਵਾਲੇ ਪੁਲਸ ਕਾਂਸਟੇਬਲ ਮਨਪ੍ਰੀਤ ਸਿੰਘ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਮਨਪ੍ਰੀਤ ਸਿੰਘ (28) ਕਿਊ. ਆਰ. ਟੀ. ਵਿਭਾਗ 'ਚ ਤਾਇਨਾਤ ਸੀ। ਉਹ ਮਾਇਆਪੁਰੀ ਇਲਾਕੇ 'ਚ ਪੀ. ਜੀ. 'ਚ ਰਹਿੰਦਾ ਸੀ। ਮਨਪ੍ਰੀਤ ਸਿੰਘ ਆਪਣੀ ਗੰਨ ਸਾਫ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਗੋਲੀ ਚੱਲ ਗਈ ਅਤੇ ਉਸ ਦੇ ਗਲੇ 'ਚ ਫਸ ਗਈ। ਇਸ ਕਾਰਨ ਉਸ ਦੀ ਮੌਤ ਹੋ ਗਈ। ਇਸ ਦੀ ਸੂਚਨਾ ਮਿਲਣ 'ਤੇ ਥਾਣਾ ਡਵੀਜਨ ਨੰਬਰ-8 ਅਧੀਨ ਚੌਂਕੀ ਘੁਮਾਰਮੰਡੀ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਪਹੁੰਚਾਇਆ।

# ਕਲਯੁਗੀ ਸਮੇਂ 'ਚ ਆਪਣੇ ਹੀ ਬਣ ਰਹੇ ਨੇ ਹੈਵਾਨ, ਮਾਸੂਮ ਬੱਚੀਆਂ ਨੂੰ ਬਣਾ ਰਹੇ ਨੇ ਹਵਸ ਦਾ ਸ਼ਿਕਾਰ

ਲੁਧਿਆਣਾ 12 ਅਪ੍ਰੈਲ। ਅੱਜ-ਕੱਲ ਮਾਸੂਮ ਬੱਚੀਆਂ ਆਪਣੇ ਘਰਾਂ 'ਚ ਵੀ ਸੁਰੱਖਿਅਤ ਨਹੀਂ ਹਨ। ਮਤਰੇਏ ਪਿਤਾ, ਰਿਸ਼ਤੇਦਾਰ ਜਾਂ ਫਿਰ ਗੁਆਂਢੀ, ਆਪਣੀਆਂ ਹੀ ਬੱਚੀਆਂ ਲਈ ਹੈਵਾਨ ਬਣ ਰਹੇ ਹਨ। ਆਪਣੀ ਹਵਸ ਮਿਟਾਉਣ ਲਈ ਆਪਣੇ ਨੇੜੇ ਰਹਿਣ ਵਾਲੀਆਂ ਬੱਚੀਆਂ ਨੂੰ ਹਵਸ ਦਾ ਸ਼ਿਕਾਰ ਬਣਾ ਰਹੇ ਹਨ। ਜੇਕਰ ਲੁਧਿਆਣਾ ਸ਼ਹਿਰ ਦਾ ਅੰਕੜਾ ਦੇਖਿਆ ਜਾਵੇ ਤਾਂ ਪਿਛਲੇ 2 ਮਹੀਨਿਆਂ 'ਚ ਲਗਭਗ 15 ਕੇਸ ਇਸ ਤਰ੍ਹਾਂ ਦੇ ਹਨ, ਜਿਸ 'ਚ ਨੇੜੇ ਰਹਿਣ ਵਾਲਿਆਂ ਨੇ ਹੀ ਨਾਬਾਲਗ ਅਤੇ ਮਾਸੂਮਾਂ 'ਤੇ ਗੰਦੀ ਨਜ਼ਰ ਰੱਖੀ ਸੀ। ਭਾਵੇਂ ਸਾਰੇ ਕੇਸਾਂ 'ਚ ਮੁਲਜ਼ਮਾਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ ਪਰ ਇਨ੍ਹਾਂ ਹੀ ਕਾਫੀ ਨਹੀਂ ਹੈ। ਲੋਕਾਂ ਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ। ਇਸ ਦੇ ਨਾਲ ਹੀ ਆਪਣੇ ਬੱਚਿਆਂ ਦਾ ਧਿਆਨ ਰੱਖਣ ਦੀ ਲੋੜ ਹੈ। ਦਰਅਸਲ ਸ਼ਹਿਰ 'ਚ ਬੱਚੀਆਂ ਦੇ ਨਾਲ ਜਬਰ-ਜ਼ਨਾਹ ਦੇ ਕੇਸ ਲਗਾਤਾਰ ਵਧ ਰਹੇ ਹਨ। ਜ਼ਿਆਦਾਤਰ ਮਾਮਲਿਆਂ 'ਚ ਆਪਣੇ ਹੀ ਨਾਬਾਲਗ ਜਾਂ ਬੱਚੀਆਂ ਨੂੰ ਸ਼ਿਕਾਰ ਬਣਾ ਰਹੇ ਹਨ। ਗੁਆਂਢੀ ਜਾਂ ਕੋਈ ਨਾ ਕੋਈ ਰਿਸ਼ਤੇਦਾਰ ਬੱਚੀਆਂ ਅਤੇ ਨਾਬਾਲਗਾ ਨੂੰ ਘਰਾਂ 'ਚ ਇਕੱਲੇ ਦੇਖ ਕੇ ਉਨ੍ਹਾਂ ਨਾਲ ਗਲਤ ਕੰਮ ਕਰਦੇ ਹਨ। ਜੇਕਰ 2 ਦਿਨ ਪਹਿਲਾਂ ਫੋਕਲ ਪੁਆਇੰਟ ਇਲਾਕੇ ਦੀ ਘਟਨਾ ਦੇਖੀ ਜਾਵੇ ਤਾਂ ਗੁਆਂਢ 'ਚ ਰਹਿਣ ਵਾਲੇ ਵਿਆਹੇ ਹੋਏ ਵਿਅਕਤੀ ਨੇ 2 ਬੱਚੀਆਂ ਨੂੰ ਦੁਕਾਨ ਤੋਂ ਖਾਣ ਦਾ ਸਾਮਾਨ ਦਿਵਾਉਣ ਦਾ ਝਾਂਸਾ ਦੇ ਕੇ ਅਗਵਾ ਕਰ ਲਿਆ ਅਤੇ ਉਨ੍ਹਾਂ ਨੂੰ ਪਿੰਡ ਗੋਬਿੰਦਗੜ੍ਹ ਲੈ ਗਿਆ, ਜਿੱਥੇ ਦੋਵਾਂ ਨਾਲ ਜਬਰ-ਜ਼ਨਾਹ ਦੀ ਕੋਸ਼ਿਸ਼ ਕੀਤੀ ਪਰ ਬੱਚੀਆਂ ਦੇ ਰੌਲਾ ਪਾਉਣ 'ਤੇ ਲੋਕ ਇਕੱਠੇ ਹੋ ਗਏ ਅਤੇ ਮੁਲਜ਼ਮ ਨੂੰ ਫੜ ਲਿਆ ਗਿਆ। ਇਸ ਤਰ੍ਹਾਂ ਹੀ ਕੁਝ ਦਿਨ ਪਹਿਲਾਂ ਹੀ ਗੁਆਂਢੀ ਨੇ ਘਰ 'ਚ ਨਾਬਾਲਗਾ ਨੂੰ ਇਕੱਲੀ ਦੇਖ ਕੇ ਉਸ ਨਾਲ ਜਬਰ-ਜ਼ਨਾਹ ਕੀਤਾ। ਉਸ ਸਮੇਂ ਨਾਬਾਲਗਾ ਦੇ ਮਾਤਾ-ਪਿਤਾ ਕੰਮ 'ਤੇ ਗਏ ਹੋਏ ਸਨ। ਨਾਬਾਲਗਾ ਦੇ ਇਕੱਲੇ ਹੋਣ ਦਾ ਫਾਇਦਾ ਉਠਾ ਕੇ ਗੁਆਂਢੀ ਨੌਜਵਾਨ ਨੇ ਘਟਨਾ ਨੂੰ ਅੰਜਾਮ ਦਿੱਤਾ। ਇਹ ਜ਼ਿਆਦਾਤਰ ਮਾਮਲੇ ਲੇਬਰ ਕੁਆਰਟਰਾਂ 'ਚ ਰਹਿਣ ਵਾਲੀਆਂ ਬੱਚੀਆਂ ਨਾਲ ਦੇਖੇ ਗਏ ਹਨ। ਜਬਰ-ਜ਼ਨਾਹ ਦੇ ਮਾਮਲਿਆਂ 'ਚ ਵਾਧੇ ਨੂੰ ਦੇਖਦੇ ਹੋਏ ਲੁਧਿਆਣਾ ਪੁਲਸ ਨੇ ਸੰਸਥਾ 'ਡੂ ਗੁਡ ਫਾਉਂਡੇਸ਼ਨ' ਦੀ ਮਦਦ ਨਾਲ ਦਸੰਬਰ 2020 'ਚ ਮੋਤੀ ਨਗਰ ਇਲਾਕੇ 'ਚ ਇਕ ਕਰੈੱਚ ਸ਼ੁਰੂ ਕੀਤਾ ਸੀ। ਉਸ ਕਰੈੱਚ ਦਾ ਮੁੱਖ ਮਕਸਦ ਇਸ ਤਰ੍ਹਾਂ ਦੀਆਂ ਬੱਚੀਆਂ ਨੂੰ ਪੜ੍ਹਾਉਣਾ-ਲਿਖਾਉਣਾ ਸੀ, ਜਿਨ੍ਹਾਂ ਦੇ ਮਾਤਾ-ਪਿਤਾ ਕੰਮ ਕਰਦੇ ਸਨ। ਇਸ ਤੋਂ ਇਲਾਵਾ ਲਾਵਾਰਸ ਬੱਚਿਆਂ ਨੂੰ ਵੀ ਇੱਥੇ ਆਸਰਾ ਦਿੱਤਾ ਜਾਂਦਾ ਹੈ। ਮੋਤੀ ਨਗਰ ਵਿਚ ਖੋਲ੍ਹਿਆ ਗਿਆ ਕਰੈੱਚ ਸਫਲਤਾਪੂਰਵਕ ਕਾਰਜ ਕਰ ਰਿਹਾ ਹੈ। ਇਹ ਵੀ ਪੜ੍ਹੋ : ਫਿੱਟਨੈੱਸ ਸੈਂਟਰ ਦੀ ਆੜ 'ਚ ਜਿਸਮਫਰੋਸੀ ਦਾ ਧੰਦਾ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਸਲੇਮ ਟਾਬਰੀ ਪੁਲਸ ਨੇ 4 ਜੁਲਾਈ ਨੂੰ ਇਕ ਵਿਅਕਤੀ 'ਤੇ ਆਪਣੀ 12 ਸਾਲ ਦੀ ਭਤੀਜੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਕੇਸ ਦਰਜ ਕੀਤਾ ਸੀ। ਪੀੜਤਾ ਦੀ ਮਾਂ ਨੇ ਸ਼ਿਕਾਇਤ 'ਚ ਦੱਸਿਆ ਸੀ ਕਿ ਉਹ ਆਪਣੇ ਪਤੀ, ਬੇਟੇ ਅਤੇ ਬੇਟੀ ਦੇ ਨਾਲ ਇਕ ਲੇਬਰ ਕੁਆਰਟਰ 'ਚ ਰਹਿੰਦੀ ਹੈ। ਜਦ ਉਹ ਉਹ ਕੰਮ 'ਤੇ ਸੀ ਤਾਂ ਮੁਲਜ਼ਮ ਦਿਓਰ ਨੇ ਉਸ ਦੀ ਬੇਟੀ ਨੂੰ ਇਕੱਲੇ ਆਪਣੇ ਕਮਰੇ 'ਚ ਲੈ ਗਿਆ ਅਤੇ ਉਸ ਦੇ ਨਾਲ ਜਬਰ-ਜ਼ਨਾਹ ਕੀਤਾ। ਥਾਣਾ ਹੈਬੋਵਾਲ ਪੁਲਸ ਨੇ 17 ਅਗਸਤ ਨੂੰ ਇਕ ਮਤਰੇਏ ਪਿਤਾ ਖਿਲਾਫ ਆਪਣੀ ਬੇਟੀ ਨਾਲ ਮਹੀਨਿਆਂ ਤੱਕ ਜਬਰ-ਜ਼ਨਾਹ ਕਰਨ ਦਾ ਕੇਸ ਦਰਜ ਕੀਤਾ ਸੀ। ਉਹ ਗਰਭਵਤੀ ਨਾ ਹੋਵੇ ਇਸ ਦੇ ਲਈ ਮੁਲਜ਼ਮ ਗਰਭ ਨਿਰੋਧਕ ਗੋਲੀਆਂ ਵੀ ਦਿੰਦਾ ਸੀ।


## ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀਆਂ-2024 ਦੀ ਗਿਣਤੀ ਵਿਚ ਵਾਧਾ

**ਪਹਿਲਾ ਘੋਸ਼ਿਤ ਗ੍ਰੀਸ਼ਮਕਾਲੀਨ ਸਪੈਸ਼ਲ ਰੇਲ ਸੇਵਾਵਾਂ ਦੇ ਨਾਲ-ਨਾਲ ਹੇਠਾ ਲਿਖੀ ਅਤਿਰਿਕਤ ਗ੍ਰੀਸ਼ਮਕਾਲੀਨ ਰੇਲ ਸੇਵਾਵਾਂ ਵੀ ਹੇਠਾ ਅਨੁਸਾਰ ਸੰਚਾਲਿਤ ਕੀਤੀ ਜਾਵੇਗੀ।**

| ਰੇਲਗੱਡੀ ਨੰਬਰ | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਚਲਨੇ ਦੇ ਦਿਨ | ਅਵੱਧੀ | ਫੇਰੇ | ਜਗ੍ਹਾਂ |
|---|---|---|---|---|---|---|---|---|
| 04075 | ਨਵੀਂ ਦਿੱਲੀ | 23:45 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 11:40 | ਬੁੱਧਵਾਰ, ਐਤਵਾਰ | 28.04.2024 ਤੋਂ 30.06.2024 | 19 | 3 ਟਿਯਰ ਵਾਤਾ (ਇਕੋਨਾਮੀ) ਅਤੇ ਸਲੀਪਰ |
| 04076 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 21:20 | ਨਵੀਂ ਦਿੱਲੀ | 09:30 | ਵੀਰਵਾਰ, ਸੋਮਵਾਰ | 29.04.2024 ਤੋਂ 01.07.2024 | 19 | |
| 04080 | ਦਿੱਲੀ ਜੰ: | 19:30 | ਵਾਰਾਣਸੀ | 09:45 | ਸੋਮ, ਵੀਰ, ਸ਼ਨੀ | 27.04.2024 ਤੋਂ 29.06.2024 | 28 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04079 | ਵਾਰਾਣਸੀ | 18:20 | ਦਿੱਲੀ ਜੰ: | 08:50 | ਮੰਗਲ, ਸ਼ੁੱਕਰ, ਐਤ | 28.04.2024 ਤੋਂ 30.06.2024 | 28 | |
| 04624 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 23:45 | ਵਾਰਾਣਸੀ | 23:55 | ਐਤਵਾਰ | 21.04.2024 ਤੋਂ 30.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, 3 ਟਿਯਰ ਵਾਤਾ (ਇਕੋਨਾਮੀ) ਸਲੀਪਰ ਅਤੇ ਸਮਾਨਯ |
| 04623 | ਵਾਰਾਣਸੀ | 05:30 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 11:25 | ਮੰਗਲਵਾਰ | 23.04.2024 ਤੋਂ 02.07.2024 | 11 | |
| 04530 | ਬਠਿੰਡਾ | 20:50 | ਵਾਰਾਣਸੀ | 17:30 | ਸੋਮਵਾਰ, ਸ਼ੁੱਕਰਵਾਰ | 26.04.2024 ਤੋਂ 28.06.2024 | 19 | 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04529 | ਵਾਰਾਣਸੀ | 20:40 | ਬਠਿੰਡਾ | 17:00 | ਮੰਗਲਵਾਰ, ਸ਼ਨੀਵਾਰ | 27.04.2024 ਤੋਂ 29.06.2024 | 19 | |
| 04553 | ਸਹਾਰਨਪੁਰ | 04:40 | ਅੰਬਾਲਾ ਕੈਂਟ | 06:45 | ਹਰਰੋਜ਼ | 20.04.2024 ਤੋਂ 30.06.2024 | 72 | ਸਮਾਨਯ |
| 04554 | ਅੰਬਾਲਾ ਕੈਂਟ | 20:20 | ਸਹਾਰਨਪੁਰ | 22:30 | ਹਰਰੋਜ਼ | 20.04.2024 ਤੋਂ 30.06.2024 | 72 | |
| 04518 | ਚੰਡੀਗੜ੍ਹ | 23:15 | ਗੋਰਖਪੁਰ | 18:20 | ਵੀਰਵਾਰ | 25.04.2024 ਤੋਂ 27.06.2024 | 10 | ਪਹਿਲੀ ਵਾਤਾ, 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04517 | ਗੋਰਖਪੁਰ | 22:05 | ਚੰਡੀਗੜ੍ਹ | 14:10 | ਸ਼ੁੱਕਰਵਾਰ | 26.04.2024 ਤੋਂ 28.06.2024 | 10 | |
| 04068 | ਦਿੱਲੀ ਜੰ: | 19:30 | ਦਰਭੰਗਾ | 16:30 | ਮੰਗਲਵਾਰ, ਸ਼ੁੱਕਰਵਾਰ | 26.04.2024 ਤੋਂ 28.06.2024 | 19 | 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04067 | ਦਰਭੰਗਾ | 18:00 | ਦਿੱਲੀ ਜੰ: | 16:40 | ਬੁੱਧਵਾਰ, ਸ਼ਨੀਵਾਰ | 27.04.2024 ਤੋਂ 29.06.2024 | 19 | |
| 04062 | ਦਿੱਲੀ ਜੰ: | 08:50 | ਬਰੌਨੀ ਜੰ: | 06:30 | ਐਤਵਾਰ | 28.04.2024 ਤੋਂ 30.06.2024 | 10 | 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04061 | ਬਰੌਨੀ ਜੰ: | 08:00 | ਦਿੱਲੀ ਜੰ: | 07:35 | ਸੋਮਵਾਰ | 29.04.2024 ਤੋਂ 01.07.2024 | 10 | |
| 04028 | ਆਨੰਦ ਵਿਹਾਰ ਟ. | 11:10 | ਸਹਰਸਾ ਜੰ: | 11:20 | ਸੋਮਵਾਰ | 29.04.2024 ਤੋਂ 24.06.2024 | 09 | 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04027 | ਸਹਰਸਾ ਜੰ: | 09:30 | ਆਨੰਦ ਵਿਹਾਰ ਟ. | 13:55 | ਬੁੱਧਵਾਰ | 01.05.2024 ਤੋਂ 26.06.2024 | 09 | |
| 04060 | ਆਨੰਦ ਵਿਹਾਰ ਟ. | 10:30 | ਜਯਨਗਰ | 15:15 | ਮੰਗਲਵਾਰ, ਸ਼ੁੱਕਰਵਾਰ | 26.04.2024 ਤੋਂ 28.06.2024 | 19 | 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04059 | ਜਯਨਗਰ | 17:00 | ਆਨੰਦ ਵਿਹਾਰ ਟ. | 19:55 | ਬੁੱਧਵਾਰ, ਸ਼ਨੀਵਾਰ | 27.04.2024 ਤੋਂ 29.06.2024 | 19 | |
| 04010 | ਆਨੰਦ ਵਿਹਾਰ ਟ. | 23:45 | ਜੋਗਬਨੀ | 05:20 | ਮੰਗਲਵਾਰ | 30.04.2024 ਤੋਂ 25.06.2024 | 09 | ਸਲੀਪਰ ਅਤੇ ਸਮਾਨਯ |
| 04009 | ਜੋਗਬਨੀ | 09:00 | ਆਨੰਦ ਵਿਹਾਰ ਟ. | 16:05 | ਵੀਰਵਾਰ | 02.05.2024 ਤੋਂ 27.06.2024 | 09 | |
| 04004 | ਨਵੀਂ ਦਿੱਲੀ | 00:10 | ਸੀਤਾਮੜ੍ਹੀ | 22:00 | ਮੰਗਲਵਾਰ, ਸ਼ੁੱਕਰਵਾਰ | 26.04.2024 ਤੋਂ 28.06.2024 | 19 | ਸਲੀਪਰ ਅਤੇ ਸਮਾਨਯ |
| 04003 | ਸੀਤਾਮੜ੍ਹੀ | 23:30 | ਨਵੀਂ ਦਿੱਲੀ | 01:30 | ਮੰਗਲਵਾਰ, ਸ਼ੁੱਕਰਵਾਰ | 26.04.2024 ਤੋਂ 28.06.2024 | 19 | |
| 04656 | ਜੰਮੂ ਤਵੀ | 05:20 | ਉਦਯਪੁਰ | 07:30 | ਵੀਰਵਾਰ | 25.04.2024 ਤੋਂ 27.06.2024 | 10 | 3 ਟਿਯਰ ਵਾਤਾ ਅਤੇ ਵਾਤਾ ਕੁਰਸੀਯਾਨ |
| 04655 | ਉਦਯਪੁਰ | 13:45 | ਜੰਮੂ ਤਵੀ | 15:10 | ਸ਼ੁੱਕਰਵਾਰ | 26.04.2024 ਤੋਂ 28.06.2024 | 10 | |
| 04058 | ਆਨੰਦ ਵਿਹਾਰ ਟ. | 23:15 | ਮੁਜਫਫਰਪੁਰ | 21:15 | ਸੋਮਵਾਰ, ਵੀਰਵਾਰ | 29.04.2024 ਤੋਂ 27.06.2024 | 18 | ਸਲੀਪਰ ਅਤੇ ਸਮਾਨਯ |
| 04057 | ਮੁਜਫਫਰਪੁਰ | 23:00 | ਆਨੰਦ ਵਿਹਾਰ ਟ. | 23:30 | ਮੰਗਲਵਾਰ, ਸ਼ੁੱਕਰਵਾਰ | 30.04.2024 ਤੋਂ 28.06.2024 | 18 | |
| 04310 | ਦੇਹਰਾਦੂਨ | 11:00 | ਗੋਰਖਪੁਰ | 01:30 | ਮੰਗਲਵਾਰ | 23.04.2024 ਤੋਂ 25.06.2024 | 10 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04309 | ਗੋਰਖਪੁਰ | 14:55 | ਦੇਹਰਾਦੂਨ | 08:30 | ਬੁੱਧਵਾਰ | 24.04.2024 ਤੋਂ 26.06.2024 | 10 | |
| 04312 | ਦੇਹਰਾਦੂਨ | 11:00 | ਹਾਵੜਾ | 15:15 | ਵੀਰਵਾਰ | 25.04.2024 ਤੋਂ 27.06.2024 | 10 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04311 | ਹਾਵੜਾ | 18:00 | ਦੇਹਰਾਦੂਨ | 01:30 | ਸ਼ੁੱਕਰਵਾਰ | 26.04.2024 ਤੋਂ 28.06.2024 | 10 | |
| 04314 | ਦੇਹਰਾਦੂਨ | 11:00 | ਮੁਜਫਫਰਪੁਰ | 07:00 | ਸ਼ੁੱਕਰਵਾਰ | 26.04.2024 ਤੋਂ 28.06.2024 | 10 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04313 | ਮੁਜਫਫਰਪੁਰ | 09:00 | ਦੇਹਰਾਦੂਨ | 08:30 | ਸ਼ਨੀਵਾਰ | 27.04.2024 ਤੋਂ 29.06.2024 | 10 | |
| 04680 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 21:30 | ਗੁਵਾਹਾਟੀ | 19:10 | ਸ਼ੁੱਕਰਵਾਰ | 26.04.2024 ਤੋਂ 28.06.2024 | 10 | 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04679 | ਗੁਵਾਹਾਟੀ | 23:20 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 20:45 | ਸੋਮਵਾਰ | 29.04.2024 ਤੋਂ 01.07.2024 | 10 | |
| 04682 | ਜੰਮੂ ਤਵੀ | 23:20 | ਕੋਲਕਾਤਾ | 13:00 | ਮੰਗਲਵਾਰ | 23.04.2024 ਤੋਂ 25.06.2024 | 10 | 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 04681 | ਕੋਲਕਾਤਾ | 23:45 | ਜੰਮੂ ਤਵੀ | 12:30 | ਵੀਰਵਾਰ | 25.04.2024 ਤੋਂ 27.06.2024 | 10 | |
| 05005 | ਗੋਰਖਪੁਰ ਜੰ: | 14:40 | ਅੰਮ੍ਰਿਤਸਰ | 09:30 | ਬੁੱਧਵਾਰ | 24.04.2024 ਤੋਂ 26.06.2024 | 10 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 05006 | ਅੰਮ੍ਰਿਤਸਰ | 12:45 | ਗੋਰਖਪੁਰ ਜੰ: | 08:50 | ਵੀਰਵਾਰ | 25.04.2024 ਤੋਂ 27.06.2024 | 10 | |
| 05049 | ਛਪਰਾ | 09:55 | ਅੰਮ੍ਰਿਤਸਰ | 09:30 | ਸ਼ੁੱਕਰਵਾਰ | 26.04.2024 ਤੋਂ 28.06.2024 | 10 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 05050 | ਅੰਮ੍ਰਿਤਸਰ | 12:45 | ਛਪਰਾ | 14:00 | ਸ਼ਨੀਵਾਰ | 27.04.2024 ਤੋਂ 29.06.2024 | 10 | |
| 05097 | ਟਨਕਪੁਰ | 18:25 | ਦੋਰਾਈ | 13:40 | ਸੋਮ, ਬੁੱਧ, ਸ਼ੁੱਕਰ | 22.04.2024 ਤੋਂ 28.06.2024 | 30 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 05098 | ਦੋਰਾਈ | 16:05 | ਟਨਕਪੁਰ | 09:35 | ਮੰਗਲ, ਵੀਰ, ਸ਼ਨੀ | 23.04.2024 ਤੋਂ 29.06.2024 | 30 | |
| 05053 | ਗੋਰਖਪੁਰ ਜੰ: | 09:30 | ਬਾਨਦ੍ਰਾ ਟਰਮੀਨਸ | 18:00 | ਸ਼ੁੱਕਰਵਾਰ | 19.04.2024 ਤੋਂ 28.06.2024 | 11 | ਸਮਾਨਯ |
| 05054 | ਬਾਨਦ੍ਰਾ ਟਰਮੀਨਸ | 21:15 | ਗੋਰਖਪੁਰ ਜੰ: | 06:25 | ਸ਼ਨੀਵਾਰ | 20.04.2024 ਤੋਂ 29.06.2024 | 11 | |
| 05045 | ਲਾਲਕੂੰਆ | 13:10 | ਰਾਜਕੋਟ | 18:10 | ਐਤਵਾਰ | 21.04.2024 ਤੋਂ 30.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 05046 | ਰਾਜਕੋਟ | 22:30 | ਲਾਲਕੂੰਆ | 04:05 | ਸੋਮਵਾਰ | 22.04.2024 ਤੋਂ 01.07.2024 | 11 | |
| 05303 | ਗੋਰਖਪੁਰ ਜੰ: | 08:30 | ਮਹਬੂਬ ਨਗਰ | 19:30 | ਸ਼ਨੀਵਾਰ | 20.04.2024 ਤੋਂ 29.06.2024 | 11 | 3 ਟਿਯਰ ਵਾਤਾ (ਇਕੋਨਾਮੀ), ਸਲੀਪਰ ਅਤੇ ਸਮਾਨਯ |
| 05304 | ਮਹਬੂਬ ਨਗਰ | 18:00 | ਗੋਰਖਪੁਰ ਜੰ: | 09:00 | ਸੋਮਵਾਰ | 22.04.2024 ਤੋਂ 01.07.2024 | 11 | |

| ਰੇਲਗੱਡੀ ਨੰਬਰ | | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਚਲਨੇ ਦੇ ਦਿਨ | ਅਵੱਧੀ | ਫੇਰੇ | ਜਗ੍ਹਾਂ |
|---|---|---|---|---|---|---|---|---|
| 05636 | ਗੁਵਾਹਟੀ | 18:15 | ਸ੍ਰੀ ਗੰਗਾਨਗਰ | 03:30 | ਬੁੱਧਵਾਰ | 01.05.2024 ਤੋਂ 26.06.2024 | 09 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 05635 | ਸ੍ਰੀ ਗੰਗਾਨਗਰ | 12:30 | ਗੁਵਾਹਟੀ | 00:25 | ਐਤਵਾਰ | 05.0520.24 ਤੋਂ 30.06.2024 | 09 | |
| 06071 | ਏਰਣਾਕੁਲਮ ਜੰ: | 19:22 | ਨਵੀਂ ਦਿੱਲੀ | 19:00 | ਸ਼ੁੱਕਰਵਾਰ | 19.04.2024 ਤੋਂ 31.05.2024 | 07 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 06072 | ਨਵੀਂ ਦਿੱਲੀ | 05:10 | ਏਰਣਾਕੁਲਮ ਜੰ: | 03:10 | ਸੋਮਵਾਰ | 22.04.2024 ਤੋਂ 03.06.2024 | 07 | |
| 02191 | ਜਬਲਪੁਰ | 18:55 | ਹਰਿਦੁਵਾਰ | 13:20 | ਬੁੱਧਵਾਰ | 17.04.2024 ਤੋਂ 31.07.2024 | 16 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 02192 | ਹਰਿਦੁਵਾਰ | 16:20 | ਜਬਲਪੁਰ | 11:15 | ਵੀਰਵਾਰ | 18.04.2024 ਤੋਂ 01.08.2024 | 16 | |
| 09097 | ਬਾਂਦ੍ਰਾ ਟਰਮੀਨਸ | 21:50 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 10:00 | ਐਤਵਾਰ | 21.04.2024 ਤੋਂ 30.06.2024 | 11 | 3 ਟਿਯਰ ਵਾਤਾ. ਅਤੇ ਵਾਤਾ. ਕੁਰਸੀਯਾਨ |
| 09098 | ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ | 21:40 | ਬਾਂਦ੍ਰਾ ਟਰਮੀਨਸ | 10:10 | ਮੰਗਲਵਾਰ | 23.04.2024 ਤੋਂ 02.07.2024 | 11 | |
| 09525 | ਹਾਪਾ | 00:40 | ਨਾਹਰਲਗੁਨ | 16:00 | ਬੁੱਧਵਾਰ | 17.04.2024 ਤੋਂ 26.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 09526 | ਨਾਹਰਲਗੁਨ | 10:00 | ਹਾਪਾ | 00:30 | ਸ਼ਨੀਵਾਰ | 20.04.2024 ਤੋਂ 29.06.2024 | 11 | |
| 09183 | ਮੁੰਬਈ ਸੈਂਟਰਲ | 22:50 | ਬਨਾਰਸ | 10:30 | ਬੁੱਧਵਾਰ | 17.04.2024 ਤੋਂ 26.06.2024 | 11 | ਪਹਿਲੀ ਵਾਤਾ, 2 ਟਿਯਰ ਵਾਤਾ, 3 ਟਿਯਰ ਵਾਤਾ ਅਤੇ 3 ਟਿਯਰ ਵਾਤਾ (ਇਕੋਨਾਮੀ) |
| 09184 | ਬਨਾਰਸ | 14:30 | ਮੁੰਬਈ ਸੈਂਟਰਲ | 04:20 | ਸ਼ੁੱਕਰਵਾਰ | 19.04.2024 ਤੋਂ 28.06.2024 | 11 | |
| 09111 | ਵਡੋਦਰਾ | 19:00 | ਗੋਰਖਪੁਰ | 23:30 | ਸੋਮਵਾਰ | 15.04.2024 ਤੋਂ 24.06.2024 | 11 | ਪਹਿਲੀ ਵਾਤਾ, 2 ਟਿਯਰ ਵਾਤਾ, 3 ਟਿਯਰ ਵਾਤਾ ਅਤੇ 3 ਟਿਯਰ ਵਾਤਾ (ਇਕੋਨਾਮੀ) |
| 09112 | ਗੋਰਖਪੁਰ | 05:00 | ਵਡੋਦਰਾ | 08:35 | ਬੁੱਧਵਾਰ | 17.04.2024 ਤੋਂ 26.06.2024 | 11 | |
| 09195 | ਵਡੋਦਰਾ | 19:00 | ਮਊ | 20:45 | ਸ਼ਨੀਵਾਰ | 20.04.2024 ਤੋਂ 29.06.2024 | 11 | ਪਹਿਲੀ ਵਾਤਾ, 2 ਟਿਯਰ ਵਾਤਾ, 3 ਟਿਯਰ ਵਾਤਾ ਅਤੇ 3 ਟਿਯਰ ਵਾਤਾ (ਇਕੋਨਾਮੀ) |
| 09196 | ਮਊ | 23:15 | ਵਡੋਦਰਾ | 00:45 | ਐਤਵਾਰ | 21.04.2024 ਤੋਂ 30.06.2024 | 11 | |
| 09417 | ਅਹਮਦਾਬਾਦ | 09:10 | ਦਾਨਾਪੁਰ | 20:30 | ਸੋਮਵਾਰ | 15.04.2024 ਤੋਂ 24.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 09418 | ਦਾਨਾਪੁਰ | 23:50 | ਅਹਮਦਾਬਾਦ | 11:10 | ਮੰਗਲਵਾਰ | 16.04.2024 ਤੋਂ 25.06.2024 | 11 | |
| 09309 | ਇੰਦੋਰ | 17:00 | ਨਵੀਂ ਦਿੱਲੀ | 04:30 | ਸ਼ੁੱਕਰਵਾਰ, ਐਤਵਾਰ | 19.04.2024 ਤੋਂ 30.06.2024 | 22 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 09310 | ਨਵੀਂ ਦਿੱਲੀ | 07:30 | ਇੰਦੋਰ | 20:15 | ਸ਼ਨੀਵਾਰ, ਸੋਮਵਾਰ | 20.04.2024 ਤੋਂ 01.07.2024 | 22 | |
| 09075 | ਮੁੰਬਈ ਸੈਂਟਰਲ | 11:00 | ਕਾਠਗੋਦਾਮ | 14:30 | ਬੁੱਧਵਾਰ | 24.04.2024 ਤੋਂ 26.06.2024 | 10 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 09076 | ਕਾਠਗੋਦਾਮ | 17:30 | ਮੁੰਬਈ ਸੈਂਟਰਲ | 20:55 | ਵੀਰਵਾਰ | 25.04.2024 ਤੋਂ 27.06.2024 | 10 | |
| 09189 | ਮੁੰਬਈ ਸੈਂਟਰਲ | 10:30 | ਕਟਿਹਾਰ | 07:30 | ਸ਼ਨੀਵਾਰ | 20.04.2024 ਤੋਂ 29.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 09190 | ਕਟਿਹਾਰ | 00:15 | ਮੁੰਬਈ ਸੈਂਟਰਲ | 18:40 | ਮੰਗਲਵਾਰ | 23.04.2024 ਤੋਂ 02.07.2024 | 11 | |
| 09407 | ਭੁਜ | 17:00 | ਦਿੱਲੀ ਸਰਾਏ ਰੋਹਿਲਾ | 12:20 | ਮੰਗਲਵਾਰ, ਸ਼ੁੱਕਰਵਾਰ | 30.04.2024 ਤੋਂ 28.06.2024 | 17 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 09408 | ਦਿੱਲੀ ਸਰਾਏ ਰੋਹਿਲਾ | 15:00 | ਭੁਜ | 11:30 | ਬੁੱਧਵਾਰ, ਸ਼ਨੀਵਾਰ | 01.05.2024 ਤੋਂ 29.06.2024 | 17 | |
| 05115 | ਛਪਰਾ | 17:45 | ਆਨੰਦ ਵਿਹਾਰ ਟ. | 11:50 | ਬੁੱਧਵਾਰ | 01.05.2024 ਤੋਂ 26.06.2024 | 09 | ਪਹਿਲੀ ਵਾਤਾ, 2 ਟਿਯਰ ਵਾਤਾ, 3 ਟਿਯਰ ਵਾਤਾ ਸਲੀਪਰ ਅਤੇ ਸਮਾਨਯ |
| 05116 | ਆਨੰਦ ਵਿਹਾਰ ਟ. | 14:45 | ਛਪਰਾ | 09:30 | ਵੀਰਵਾਰ | 02.05.2024 ਤੋਂ 27.06.2024 | 09 | |
| 05023 | ਗੋਰਖਪੁਰ | 21:15 | ਆਨੰਦ ਵਿਹਾਰ ਟ. | 13:15 | ਐਤਵਾਰ | 28.04.2024 ਤੋਂ 30.06.2024 | 10 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 05024 | ਆਨੰਦ ਵਿਹਾਰ ਟ. | 15:15 | ਗੋਰਖਪੁਰ | 07:30 | ਸੋਮਵਾਰ | 29.04.2024 ਤੋਂ 01.07.2024 | 10 | |
| 05047 | ਬਨਾਰਸ | 19:20 | ਆਨੰਦ ਵਿਹਾਰ ਟ. | 09:30 | ਮੰਗਲਵਾਰ | 30.04.2024 ਤੋਂ 25.06.2024 | 09 | 3 ਟਿਯਰ ਵਾਤਾ |
| 05048 | ਆਨੰਦ ਵਿਹਾਰ ਟ. | 18:15 | ਬਨਾਰਸ | 08:10 | ਬੁੱਧਵਾਰ | 01.05.2024 ਤੋਂ 26.06.2024 | 09 | |
| 05193 | ਛਪਰਾ | 15:20 | ਪਨਵੇਲ | 20:30 | ਵੀਰਵਾਰ | 18.04.2024 ਤੋਂ 27.06.2024 | 11 | 3 ਟਿਯਰ ਵਾਤਾ (ਇਕੋਨਾਮੀ) ਸਲੀਪਰ ਅਤੇ ਸਮਾਨਯ |
| 05194 | ਪਨਵੇਲ | 21:40 | ਛਪਰਾ | 08:50 | ਸ਼ੁੱਕਰਵਾਰ | 19.04.2024 ਤੋਂ 28.06.2024 | 11 | |
| 03255 | ਪਟਨਾ ਜੰ: | 22:20 | ਆਨੰਦ ਵਿਹਾਰ ਟ. | 15:00 | ਐਤਵਾਰ, ਵੀਰਵਾਰ | 14.04.2024 ਤੋਂ 30.06.2024 | 21 | 2 ਟਿਯਰ ਵਾਤਾ, 3 ਟਿਯਰ ਵਾਤਾ 3 ਟਿਯਰ ਵਾਤਾ (ਇਕੋਨਾਮੀ) ਅਤੇ ਸਲੀਪਰ |
| 03256 | ਆਨੰਦ ਵਿਹਾਰ ਟ. | 23:20 | ਪਟਨਾ ਜੰ: | 17:20 | ਸੋਮਵਾਰ, ਸ਼ੁੱਕਰਵਾਰ | 15.04.2024 ਤੋਂ 01.07.2024 | 21 | |
| 02391 | ਪਟਨਾ ਜੰ: | 22:20 | ਆਨੰਦ ਵਿਹਾਰ ਟ. | 15:00 | ਸ਼ਨੀਵਾਰ | 13.04.2024 ਤੋਂ 29.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 02392 | ਆਨੰਦ ਵਿਹਾਰ ਟ. | 23:20 | ਪਟਨਾ ਜੰ: | 17:20 | ਐਤਵਾਰ | 14.04.2024 ਤੋਂ 30.06.2024 | 11 | |
| 03257 | ਦਾਨਾਪੁਰ | 07:30 | ਆਨੰਦ ਵਿਹਾਰ ਟ. | 00:30 | ਐਤਵਾਰ | 14.04.2024 ਤੋਂ 30.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 03258 | ਆਨੰਦ ਵਿਹਾਰ ਟ. | 05:00 | ਦਾਨਾਪੁਰ | 20:45 | ਸੋਮਵਾਰ | 15.04.2024 ਤੋਂ 01.07.2024 | 11 | |
| 03227 | ਆਰਾ ਜੰ: | 15:45 | ਆਨੰਦ ਵਿਹਾਰ ਟ. | 07:15 | ਸੋਮ, ਬੁੱਧ, ਸ਼ੁੱਕਰ | 15.04.2024 ਤੋਂ 28.06.2024 | 30 | ਸਲੀਪਰ ਅਤੇ ਸਮਾਨਯ |
| 03228 | ਆਨੰਦ ਵਿਹਾਰ ਟ. | 09:30 | ਆਰਾ ਜੰ: | 04:00 | ਮੰਗਲ, ਵੀਰ, ਸ਼ਨੀ | 16.04.2024 ਤੋਂ 29.06.2024 | 30 | |
| 05565 | ਸਹਰਸਾ | 19:30 | ਸਰਹਿੰਦ ਜੰ: | 00:05 | ਵੀਰਵਾਰ | 18.04.2024 ਤੋਂ 27.06.2024 | 11 | ਸਮਾਨਯ |
| 05566 | ਸਰਹਿੰਦ ਜੰ: | 02:00 | ਸਹਰਸਾ | 09:45 | ਸ਼ਨੀਵਾਰ | 20.04.2024 ਤੋਂ 29.06.2024 | 11 | |
| 05531 | ਰਕਸੋਲ ਜੰ: | 22:25 | ਆਨੰਦ ਵਿਹਾਰ ਟ. | 18:20 | ਐਤਵਾਰ | 14.04.2024 ਤੋਂ 30.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 05532 | ਆਨੰਦ ਵਿਹਾਰ ਟ. | 20:00 | ਰਕਸੋਲ ਜੰ: | 14:30 | ਸੋਮਵਾਰ | 15.04.2024 ਤੋਂ 01.07.2024 | 11 | |
| 07651 | ਜਾਲਨਾ | 23:30 | ਛਪਰਾ | 05:30 | ਬੁੱਧਵਾਰ | 26.06.2024 ਤਕ | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 07652 | ਛਪਰਾ | 22:15 | ਜਾਲਨਾ | 04:00 | ਸ਼ੁੱਕਰਵਾਰ | 28.06.2024 ਤਕ | 11 | |
| 03575 | ਆਸਨਸੋਲ | 10:15 | ਆਨੰਦ ਵਿਹਾਰ ਟ. | 08:05 | ਸ਼ੁੱਕਰਵਾਰ | 19.04.2024 ਤੋਂ 28.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 03576 | ਆਨੰਦ ਵਿਹਾਰ ਟ. | 10:15 | ਆਸਨਸੋਲ | 10:20 | ਸ਼ਨੀਵਾਰ | 20.04.2024 ਤੋਂ 29.06.2024 | 11 | |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ ਟ. | 14:10 | ਸੋਮਵਾਰ | 15.04.2024 ਤੋਂ 24.06.2024 | 11 | 2 ਟਿਯਰ ਵਾਤਾ, 3 ਟਿਯਰ ਵਾਤਾ, ਸਲੀਪਰ ਅਤੇ ਸਮਾਨਯ |
| 03436 | ਆਨੰਦ ਵਿਹਾਰ ਟ. | 15:45 | ਮਾਲਦਾ ਟਾਊਨ | 23:30 | ਮੰਗਲਵਾਰ | 16.04.2024 ਤੋਂ 25.06.2024 | 11 | |
| 03107 | ਸਿਯਾਲਦਹ | 00:10 | ਲਖਨਊ | 00:10 | ਸ਼ਨੀਵਾਰ | 20.04.2024 ਤੋਂ 29.06.2024 | 11 | ਪਹਿਲੀ ਵਾਤਾ, 2 ਟਿਯਰ ਵਾਤਾ. 3 ਟਿਯਰ ਵਾਤਾ. |
| 03108 | ਲਖਨਊ | 01:40 | ਸਿਯਾਲਦਹ | 23:50 | ਐਤਵਾਰ | 21.04.2024 ਤੋਂ 30.06.2024 | 11 | |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਸਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NETS ਐਪ ਦੇਖੋ।

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਉੱਤਰ ਰੇਲਵੇ**

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ

# ਟਰਨਿੰਗ 18 ਅਤੇ ਯੂ ਆਰ ਦ ਵਨ ਸਲੋਗਨ ਨਾਲ ਨੌਜੁਆਨਾਂ ਨੂੰ ਵੋਟਿੰਗ ਦੀ ਪ੍ਰੇਰਨਾ ਦੇ ਰਿਹਾ ਹੈ ਭਾਰਤ ਚੋਣ ਕਮਿਸ਼ਨ

**ਚੰਡੀਗੜ੍ਹ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਨੇ ਨੌਜੁਆਨਾਂ ਨੂੰ ਚੋਣ ਲਈ ਪ੍ਰੇਰਿਤ ਕਰਨ ਅਤੇ ਆਪਣਾ ਵੋਟ ਬਨਵਾਉਣ ਲਈ ਟਰਨਿੰਗ 18 ਅਤੇ ਯੂ ਆਰ ਦ ਵਨ ਵਰਗੇ ਸਲੋਗਨ ਦੇ ਕੇ ਸੋਸ਼ਲ ਮੀਡੀਆ ਰਾਹੀਂ ਅਨੋਖੀ ਪਹਿਲ ਕੀਤੀ ਹੈ। ਵੋਟਰਾਂ ਦੀ ਜਾਗਰੁਕਤਾ ਲਈ ਚੋਣ ਕਮਿਸ਼ਨ ਇਸ ਵਾਰ ਫੀਲਡ ਵਿਚ ਹੀ ਨਹੀਂ, ਸੋਸ਼ਲ ਮੀਡੀਆ 'ਤੇ ਵੀ ਪੂਰੀ ਤਰ੍ਹਾ ਸਰਗਰਮ ਹੈ।

ਯਮੁਨਾਨਗਰ ਦੇ ਜਿਲ੍ਹਾ ਚੋਣ ਅਧਿਕਾਰੀ ਅਤੇ ਡਿਪਟੀ ਕਮਿਸ਼ਨਰ ਮਨੋਜ ਕੁਮਾਰ ਨੇ ਕਿਹਾ ਕਿ ਚੋਣ ਕਮਿਸ਼ਨ ਦਾ ਇਸ ਵਾਰ ਚੋਣ ਲਈ ਨਵੇਂ ਵੋਟਰਾਂ ਨੂੰ ਖਿੱਚਣ ਦਾ ਪੂਰਾ ਜੋਰ ਹੈ। ਜੋ ਨੌਜੁਆਨ 18 ਤੋਂ 30 ਸਾਲ ਦੀ ਉਮਰ ਦੇ ਹਨ, ਉਨ੍ਹਾਂ ਦੇ ਲਈ ਕਮਿਸ਼ਨ ਨੇ ਚੋਣ ਕਰਨ 'ਤੇ ਯੂ ਆਰ ਦ ਵਨ ਦੇ ਨਾਂਅ ਨਾਲ ਨਵਾਂ ਸਲੋਗਨ ਦਿੱਤਾ ਹੈ। ਇਹ ਯੁਵਾ ਆਪਣੇ ਵੋਟ ਦੀ ਵਰਤੋ ਕਰ ਉਂਗਲੀ 'ਤੇ ਲੱਗੇ ਸ਼ਾਹੀ ਦੇ ਨਿਸ਼ਾਨ ਸਮੇਤ ਯੂ ਆਰ ਦ ਵਨ ਲਿਖ ਕੇ ਸੋਸ਼ਲ ਮੀਡੀਆ ਵਿਚ ਫੋਟੋ ਅਪਲੋਡ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਯਤਨ ਕੀਤੇ ਜਾ ਰਹੇ ਹਨ ਕਿ ਜੋ ਹੁਣ ਤਕ ਵੋਟਰ ਸੂਚੀ ਵਿਚ ਸ਼ਾਮਿਲ ਹੋਏ ਨੌਜੁਆਨ ਬੂਥ 'ਤੇ ਜਾ ਕੇ ਆਪਣਾ ਵੋਟ ਪਾ ਕੇ ਜਾਣ ਅਤੇ ਲੋਕਤੰਤਰ ਦੇ ਪਵਿੱਤਰ ਯੱਗ ਵਿਚ ਆਪਣੀ ਆਹੂਤੀ ਅਰਪਿਤ ਕਰਨ। ਉਨ੍ਹਾਂ ਨੇ ਕਿਹਾ ਕਿ ਟਰਨਿੰਗ 18 ਦਾ ਅਰਥ ਹੈ ਕਿ ਨੌਜੁਆਨ ਹੁਣ ਆਪਣੀ ਨਵੀਂ ਭੂਮਿਕਾ ਨਿਭਾਉਂਦੇ ਹੋਏ ਜਿੰਮੇਵਾਰੀ ਦੇ ਨਾਲ ਵੋਟ ਕਰਨ ਅਤੇ ਆਪਣੇ ਮਨਪਸੰਦ ਜਨਪ੍ਰਤੀਨਿਧੀ ਨੂੰ ਚੁਣਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਸਭਾ ਚੋਣ ਦੇ ਲਈ ਵੱਡੀ ਗਿਣਤੀ ਵਿਚ ਜਿਲ੍ਹਾ ਦੇ ਨੌਜੁਆਨਾਂ ਨੇ ਆਪਣੇ ਵੋਟਰ ਆਈਡੀ ਕਾਰਡ ਬਣਵਾ ਕੇ ਵੋਟਰ ਸੂਚੀ ਵਿਚ ਨਾਂਅ ਲਿਖਵਾਇਆ ਹੈ। ਕੇ ਜਿਨ੍ਹਾਂ ਨੌਜੁਆਨਾਂ ਦੇ ਨਵੇਂ ਵੋਟ ਬਣੇ ਹਨ, ਉਹ ਸਾਰੇ 25 ਮਈ ਨੂੰ ਪੋਲਿੰਗ ਬੂਥ 'ਤੇ ਜਾ ਕੇ ਵੋਟ ਕਰਨ ਜਿਸ ਨਾਲ ਕਿ ਉਨ੍ਹਾਂ ਨੂੰ ਆਪਣੀ ਨਵੀਂ ਜਿੰਮੇਵਾਰੀ ਦਾ ਪਤਾ ਲੱਗੇ। ਪਹਿਲੀ ਵਾਰ ਵੋਟ ਦੇਣ ਹਰ ਇਕ ਨੌਜੁਆਨ ਦੇ ਲਈ ਇਕ ਨਵਾਂ ਤਜਰਬਾ ਹੈ ਅਤੇ ਇਸ ਨੂੰ ਜਰੂਰੀ ਹਾਸਲ ਕਰਨਾ ਚਾਹੀਦਾ ਹੈ। ਚੋਣ ਦਾ ਪਰਵ-ਦੇਸ਼ ਦਾ ਗਰਵ ਦੀ ਥੀਮ 'ਤੇ ਚੋਣ ਕਮਿਸ਼ਨ ਨੇ ਲੋਕਸਭਾ ਚੋਣ ਦਾ ਪ੍ਰੋਗ੍ਰਾਮ ਤਿਆਰ ਕੀਤਾ ਹੈ। ਚੋਣ ਕਮਿਸ਼ਨ ਨੇ ਵੋਟਰਾਂ ਨੂੰ ਗੁਮਰਾਹ ਨਿਯੂਜ ਦੇ ਪ੍ਰਤੀ ਸੁਚੇਤ ਕਰਨ ਦੇ ਲਈ ਸੋਸ਼ਲ ਮੀਡੀਆ ਵਿਚ ਨਵੀਂ ਸ਼ੁਰੂਆਤ ਕੀਤੀ ਹੈ, ਜਿਸ ਵਿਚ ਦਸਿਆ ਜਾਂਦਾ ਹੈ ਕਿ ਫਰਜੀ ਸਮਾਚਾਰ ਕਿਹੜੇ ਹਨ ਅਤੇ ਇੰਨ੍ਹਾਂ ਤੋਂ ਵੋਟਰਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।

# ਹਰਿਆਣਾ ਸਰਕਾਰ ਨੇ ਲੋਕਸਭਾ ਚੋਣ 2024 ਲਈ ਗੁਆਂਢੀ ਸੂਬਿਆਂ ਦੇ ਕਰਮਚਾਰੀ ਵੋਟਰਾਂ ਲਈ ਪੇਡ ਛੁੱਟੀ ਦਾ ਐਲਾਨ ਕੀਤਾ

**ਚੰਡੀਗੜ੍ਹ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਲੋਕਸਭਾ ਆਮ ਚੋਣ 2024 ਵਿਚ ਗੁਆਂਢੀ ਸੂਬਿਆਂ ਦੇ ਵੋਟਰ ਜੋ ਹਰਿਆਣਾ ਸਰਕਾਰ ਵਿਚ ਕੰਮ ਕਰ ਰਹੇ ਹਨ ਨੂੰ ਵੋਟ ਪਾਉਣ ਲਈ ਪੇਡ ਛੁੱਟੀ ਦੇਣ ਦਾ ਐਲਾਨ ਕੀਤਾ ਹੈ।

ਮੁੱਖ ਸਕੱਤਰ ਸ੍ਰੀ ਟੀਵੀਐਸਐਨ ਪ੍ਰਸਾਦ ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਅਨੁਸਾਰ ਗੁਆਂਢੀ ਸੂਬਿਆਂ ਦੇ ਮੂਲ ਨਿਵਾਸੀ ਜੋ ਹਰਿਆਣਾ ਸਰਕਾਰ ਦੇ ਦਫਤਰਾਂ, ਬੋਰਡਾਂ, ਨਿਗਮਾਂ ਤੋਂ ਇਲਾਵਾ ਵਿਦਿਅਕ ਸੰਸਥਾਨ, ਵੱਖ-ਵੱਖ ਕਾਰਖਾਨੇ, ਦੁਕਾਨਾਂ, ਵਪਾਰਕ ਅਤੇ ਨਿਜੀ ਸੰਸਥਾਨਾਂ ਵਿਚ ਕੰਮ ਕਰਦੇ ਹਨ ਅਤੇ ਉਨ੍ਹਾਂ ਦਾ ਵੋਟ ਆਪਣੇ ਰਾਜ ਵਿਚ ਬਣਿਆ ਹੋਇਆ ਹੈ ਜੋ ਅਜਿਹੇ ਕਰਮਚਾਰੀਆਂ ਲਈ ਹੇਠਾਂ ਲਿਖੇ ਮਿਤੀਆਂ ਨੂੰ ਪੇਡ ਲੀਵ ਦੇ ਰੂਪ ਵਿਚ ਨਾਮਜਦ ਕੀਤਾ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਉੱਤਰ ਪ੍ਰਦੇਸ਼ ਵਿਚ 19 ਅਪ੍ਰੈਲ, 26 ਅਪ੍ਰੈਲ, 7 ਮਈ, 13 ਮਈ, 20 ਮਈ, 25 ਮਈ ਅਤੇ 1 ਜੂਨ, 2024 ਅਤੇ ਉਤਰਾਖੰਡ 19 ਅਪ੍ਰੈਲ ਤੇ ਰਾਜਸਥਾਨ ਵਿਚ 19 ਅਪ੍ਰੈਲ ਅਤੇ 26 ਅਪ੍ਰੈਲ, ਐਨਸੀਟੀ ਦਿੱਲੀ ਵਿਚ 25 ਮਈ, ਹਿਮਾਚਲ ਪ੍ਰਦੇਸ਼ ਵਿਚ 1 ਜੂਨ, ਪੰਜਾਬ ਅਤੇ ਯੂਟੀ ਚੰਡੀਗੜ੍ਹ ਵਿਚ 1 ਜੂਨ, 2024 ਨੂੰ ਲੋਕਸਭਾ ਚੋਣ ਹੋਣੇ ਹਨ।

ਉਨ੍ਹਾਂ ਨੇ ਦਸਿਆ ਕਿ ਇਹ ਧਿਆਨ ਰੱਖਣਾ ਮਹਤੱਵਪੂਰਣ ਹੈ ਕਿ ਕਰਮਚਾਰੀ ਸਿਰਫ ਆਪਣੇ ਸਬੰਧਿਤ ਸੰਸਦੀ ਖੇਤਰ ਵਿਚ ਚੋਣ ਦੇ ਦਿਨ ਹੀ ਪੇਡ ਲੀਵ ਦੇ ਹੱਕਦਾਰ ਹੋਣਗੇ।

# ਗੁਰੂਗ੍ਰਾਮ ਯੂਨੀਵਰਸਿਟੀ ਵਿਚ ਵੋਟਰ ਜਾਗਰੁਕਤਾ ਮੁਹਿੰਮ ਦੀ ਸ਼ੁਰੂਆਤ ਵਾਇਸ ਚਾਂਸਲਰ ਨੇ ਕੀਤੀ ਸੈਲਫੀ ਪੁਆਇੰਟ ਦਾ ਉਦਘਾਟਨ

**ਗੁਰੂਗ੍ਰਾਮ 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੁਕ ਕਰਨ ਦੇ ਉਦੇਸ਼ ਨਾਲ ਅੱਜ ਗੁਰੂਗ੍ਰਾਮ ਯੂਨੀਵਰਸਿਟੀ ਪਰਿਸਰ ਵਿਚ ਵਾਇਸ ਚਾਂਸਲਰ ਪ੍ਰੋਫੈਸਰ ਦਿਨੇਸ਼ ਕੁਮਾਰ ਨੇ ਸੈਲਫੀ ਪੁਆਇੰਟ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਵਾਇਸ ਚਾਂਸਲਰ ਨੇ ਪ੍ਰੋਗ੍ਰਾਮ ਵਿਚ ਮੌਜੂਦ ਵਿਦਿਆਰਥੀਆਂ ਤੋਂ ਚੋਣ ਵਿਚ ਸੌ-ਫੀਸਦੀ ਸਹਿਭਾਗਤਾ ਲਈ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀ ਸੈਲਫੀ ਪੁਆਇੰਟ ਦੇ ਕੋਲ ਸੈਲਫੀ ਖਿੱਚ ਕੇ ਸੋਸ਼ਲ ਮੀਡੀਆ 'ਤੇ ਪਾਉਣ ਤਾਂ ਜੋ ਵੱਧ ਤੋਂ ਵੱਧ ਲੋਕ ਵੋਟ ਦੇ ਪ੍ਰਤੀ ਜਾਗਰੁਕ ਹੋਣ। ਵੋਟਰਾਂ ਦੀ ਗਿਣਤੀ ਵੱਧ ਤੋਂ ਵੱਧ ਵਧੇ।

ਉਨ੍ਹਾਂ ਨੇ ਕਿਹਾ ਕਿ ਵੋਟਿੰਗ ਕਰਨਾ ਹਰ ਭਾਰਤੀ ਨਾਗਰਿਕ ਦਾ ਅਧਿਕਾਰ ਹੈ। ਚੋਣ ਲੋਕਤੰਤਰ ਵਿਚ ਸਿੱਧੀ ਸਹਿਭਾਗਤਾ ਦਾ ਮੌਕਾ ਤੁਹਾਨੂੰ ਪ੍ਰਦਾਨ ਕਰਦਾ ਹੈ। ਜਿੰਨ੍ਹੇ ਲੋਕ ਆਪਣੇ ਵੋਟ ਅਧਿਕਾਰ ਦੀ ਵਰਤੋ ਕਰਣਗੇ ਲੋਕਤੰਤਰ ਉਨ੍ਹਾਂ ਹੀ ਮਜਬੂਤ ਹੋਵੇਗਾ। ਨੌਜੁਆਨ ਹੀ ਦੇਸ਼ ਦੇ ਕਰਣਧਾਰ ਹੈ। ਲੋਕਤੰਤਰ ਦੇ ਇਸ ਮਹਾਪਰਵ ਵਿਚ ਉਨ੍ਹਾਂ ਦੀ ਸਹਿਭਾਗਤਾ ਜਰੂਰੀ ਹੈ। ਉਨ੍ਹਾਂ ਨੇ ਉਮੀਦ ਜਤਾਈ ਕਿ ਇਸ ਮੁਹਿੰਮ ਨਾਲ ਨੌਜੁਆਨ ਵੋਟਰ ਆਕਰਸ਼ਿਤ ਹੋਣਗੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਸਾਰੇ ਵਿਦਿਆਰਥੀ ਵਿਚ ਆ ਕੇ ਸੈਲਫੀ ਲੈਣ ਅਤੇ ਇਸ ਮੁਹਿੰਮ ਨੂੰ ਸਫਲ ਬਨਾਉਣ।

# ਜੀਰਕਪੁਰ ਸਹਿਰ ਤੇਜੀ ਨਾਲ ਬਣਦਾ ਜਾ ਰਿਹਾ ਹੈ ਨਜਾਇਜ਼ ਧੰਦੇ ਦਾ ਗੜ੍ਹ

**ਜ਼ੀਰਕਪੁਰ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜੀਰਕਪੁਰ ਸਹਿਰ ਤੇਜੀ ਨਾਲ ਦੇਹ ਵਪਾਰ ਦਾ ਅੱਡਾ ਬਣਦਾ ਜਾ ਰਿਹਾ ਹੈ। ਇਥੇ ਸਪਾ ਸੈਟਰਾ ਅਤੇ ਨਾਈਟ ਕਲੱਬਾਂ ਦੀ ਆੜ ਵਿਚ ਦੇਸ ਦੇ ਵੱਖ ਵੱਖ ਸੂਬਿਆਂ ਦੀਆਂ ਔਰਤਾਂ ਦੇ ਨਾਲ-ਨਾਲ ਵਿਦੇਸੀ ਔਰਤਾਂ ਦੇ ਨਾਮ ਤੇ ਗ੍ਰਹਾਕਾਂ ਨੂੰ ਭਰਮਾਇਆ ਜਾ ਰਿਹਾ ਹੈ। ਇਸ ਸਭ ਦੀ ਮਸਹੂਰੀ ਕੋਈ ਚੋਰੀ ਛੁੱਪੇ ਨਹੀਂ ਸਗੋ ਸਰੇਆਮ ਸੋਸਲ ਮੀਡੀਆ ਦੇ ਰਾਹੀਂ ਕੀਤੀ ਜਾ ਰਹੀ ਹੈ। ਦਸਣਯੋਗ ਹੈ ਕਿ ਅਕਸਰ ਵੱਟਸਅੱਪ, ਫੇਸਬੂਕ ਜਾ ਈ ਮੇਲ ਰਾਹੀ ਸਪਾ ਸੈਟਰਾਂ ਵਾਲਿਆਂ ਦੇ ਮੈਸਿਜ ਆਉਦੇ ਹਨ ਜਿਸ ਵਿਚ ਸਰੇਆਮ ਲਿੱਖਿਆ ਹੁੰਦਾ ਹੈ ਕਿ ਥਾਈ ਸਟਾਫ ਅਤੇ ਨੋਰਥ ਈਸਟ ਇੰਡੀਆ ਸਟਾਫ ਮੌਜੂਦ ਹੈ। ਜਦੋ ਕਿ ਇਥੋ ਦੇ ਮੈਨੇਜਰ ਐਕਸਟਰਾਂ ਸਰਵਿਸ ਸਬੰਧੀ ਵੀ ਫੋਨ ਉੱਪਰ ਖੁੱਲ ਕੇ ਗੱਲ ਕਰਨ ਤੋ ਵੀ ਗੁਰੇਜ ਨਹੀ ਕਰਦੇ ਇਸ ਸਭ ਤੋ ਇਹ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇਹ ਧੰਧਾ ਕਰਨ ਵਾਲੇ ਲੋਕ ਕਿੰਨੇ ਨਿੱਡਰ ਹੋਕੇ ਜੀਰਕਪੁਰ ਚ ਕੰਮ ਕਰ ਰਹੇ ਹਨ। ਵੀ.ਆਈ.ਪੀ ਰੋਡ ਤੇ ਸੀਸੀਸੀ ਪ੍ਰੋਜੈਕਟ ਅੰਦਰ ਕਰੀਬ 20 ਤੋ ਲੈਕੇ 30 ਸਪਾ ਸੈਟਰ ਹਨ ਸਥਾਨਕ ਲੋਕ ਵੀ.ਆਈ.ਪੀ ਰੋਡ ਨੂੰ ਦੇਹਵਪਾਰ ਦਾ ਅੱਡਾ ਵੀ ਕਹਿਣ ਲੱਗ ਪਏ ਹਨ ਕਿਊਕੀ ਦੇਰ ਰਾਤ ਸੜਕਾਂ ਦੇ ਕਿਨਾਰੇ ਸਰੇਆਮ ਦੇਹਵਪਾਰ ਨਾਲ ਸਬੰਧਤ ਸੌਦੇਬਾਜੀ ਹੁੰਦੀ ਹੈ। ਜਿਸ ਕਾਰਨ ਸ਼ਰਮਸਾਰ ਆਮ ਪਰਿਵਾਰਾਂ ਦਾ ਘਰੋ ਨਿਕਲਣਾ ਮੁਸਕਲ ਹੋ ਚੁੱਕਾ ਹੈ। ਇਸ ਤੋ ਇਲਾਵਾ ਸੜਕ ਦੇਹ ਵਪਾਰ ਲਈ ਲੋਹਗੜ੍ਹ ਰੋਡ ਵੀ ਕਾਫੀ ਬਦਨਾਮ ਹੁੰਦੀ ਜਾ ਰਹੀ ਹੈ ਇਥੇ ਲੜਕੀਆਂ ਦੇ ਨਾਲ ਨਾਲ ਲੜਕੇ ਵੀ ਸੜਕਾਂ ਤੇ ਘੁੰਮ ਘੁੰਮ ਕੇ ਗ੍ਰਹਾਕਾਂ ਨਾਲ ਸੌਦਬਾਜੀ ਕਰਦੇ ਨਜਰ ਆਉਦੇ ਹਨ।

ਜਿਨ੍ਹਾਂ ਨਾਲ ਸੌਦੇਬਾਜੀ ਕਰਕੇ ਨਾਲ ਲਗਦੇ ਹੋਟਲਾਂ ਵਿਚ ਲਿਜਾਇਆ ਜਾਂਦਾ ਹੈ। ਇਥੇ ਇਹ ਵੀ ਦਸਣਯੋਗ ਹੈ ਕਿ ਜ਼ੀਰਕਪੁਰ ਸਹਿਰ ਤੇਜੀ ਨਾਲ ਖੁੱਲ ਰਹੇ ਨਾਈਟ ਕਲੱਬ ਵੀ ਦੇਹ ਵਪਾਰ ਅਤੇ ਨਸ਼ਿਆਂ ਨੂੰ ਪ੍ਰਮੋਟ ਕਰ ਰਹੇ ਹਨ ਇਥੇ ਬਣੇ ਕੁੱਝ ਨਾਮਿ ਗ੍ਰਾਮੀ ਨਾਈਟ ਕਲੱਬ ਆਪਣੀ ਪਰਮੋਸਨ ਵਿਚ ਸਰੇਆਮ ਵਿਦੇਸੀ ਔਰਤਾਂ ਦੇ ਡਾਂਸ ਦੀ ਦੋਹਾਈ ਦਿੰਦੇ ਰਹਿੰਦੇ ਹਨ ਜਿਨ੍ਹਾ ਵਿਚ ਜਿਆਦਾਤਰ ਰਸੀਅਨ ਲੜਕੀਆਂ ਦਾ ਬੈੱਲੀ ਡਾਂਸ ਪ੍ਰਮੋਟ ਕਰਕੇ ਆਪੋ ਆਪਣੇ ਕਲੱਬਾਂ ਵੱਲ ਗ੍ਰਾਹਕ ਖਿੱਚੇ ਰਹੇ ਹਨ ਜਦੋ ਕਿ ਇਸ ਤਰ੍ਹਾਂ ਦੇ ਡਾਂਸ ਦੀ ਕੋਈ ਪ੍ਰਵਾਨਗੀ ਨਹੀ ਲਈ ਜਾਂਦੀ ਹੈ ਅਤੇ ਭਰੋਸੇਯੋਗ ਸੂਤਰਾਂ ਦੀ ਗੱਲ ਮੰਨੀਏ ਤਾਂ ਜਿਆਦਾਤਰ ਵਿਦੇਸੀ ਲੜਕੀਆਂ ਦੇ ਵੀਜੇ ਤੱਕ ਖਤਮ ਹੋਏ ਹੁੰਦੇ ਹਨ ਅਤੇ ਇਨ੍ਹਾਂ ਕੋਲ ਕੋਈ ਵਰਕ ਪਰਮਟ ਨਹੀ ਹੁੰਦਾ ਹੈ। ਇਸ ਤੋ ਇਲਾਵਾ ਜਿਆਦਾ ਤਰ ਨਾਈਟ ਕਲੱਬ ਦੇਰ ਰਾਤ ਤੱਕ ਖੋਲਣ ਦੀ ਪ੍ਰਵਾਨਗੀ ਨਾ ਹੋਣ ਦੇ ਬਾਅਵਜੂਦ ਰਾਤ 2-2 ਵੱਜੇ ਤੱਕ ਖੁੱਲੇ ਰਹਿੰਦੇ ਹਨ ਕਿਊਕੀ ਚੰਡੀਗੜ੍ਹ ਰਾਤ ਨੂੰ ਕਲੱਬ ਖੋਲਣ ਦੀ ਸਖਤਾਈ ਹੋਣ ਕਾਰਨ ਕਲੱਬਾਂ ਦੇ ਮਾਲਕਾਂ ਲਈ ਜੀਰਕਪੁਰ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ ਦੇਰ ਰਾਤ ਤੱਕ ਕਲੱਬਾਂ ਵਿਚ ਸਰਾਬ ਪੀਣ ਉਪਰੰਤ ਰਾਤ ਸਮੇ ਦੇ ਅਪਰਾਤ ਵਿਚ ਵੀ ਵਾਧੇ ਹੋ ਰਹੇ ਹਨ।

# ਕਣਕ ਦੇ ਖੇਤਾਂ ਚੋਂ ਮਿਲੀ ਸ਼ੱਕੀ ਹਾਲਤ ਵਿੱਚ ਲਾਸ਼

**ਪਾਤੜਾਂ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿੰਡ ਗੁਲਾਹੜ ਵਿਖੇ ਪੜਤਾਲ ਕਰਨ ਲਈ ਪੁੱਜੀ ਪੁਲਿਸ ਅਤੇ ਮ੍ਰਿਤਕ ਭੀਮ ਸੈਨ ਦੀ ਫਾਇਲ ਫ਼ੋਟੋ

ਸਬ ਡਿਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਗੁਲਾਹੜ ਦੇ ਬਿਲਕੁਲ ਨਾਲ ਲੱਗਦੇ ਕਣਕ ਦੇ ਖੇਤਾਂ ਵਿੱਚੋਂ ਸੋਮਵਾਰ ਸਵੇਰ ਤੋਂ ਘਰੋਂ ਲਾ ਪਤਾ ਹੋਏ ਵਿਅਕਤੀ ਦੀ ਸ਼ੱਕੀ ਹਾਲਤ ਵਿੱਚ ਲਾਸ਼ ਮਿਲਣ ਕਰਕੇ ਪਿੰਡ ਵਿੱਚ ਸਨਸਨੀ ਫੈਲ ਗਈ। ਘਟਨਾ ਦਾ ਪਤਾ ਲੱਗਦਿਆ ਹੀ ਸ਼ੁਤਰਾਣਾ ਪੁਲਿਸ ਨੇ ਮੌਕੇ ਉੱਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਭੇਜ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਬੂਟਾ ਸਿੰਘ ਨੇ ਦੱਸਿਆ ਕਿ ਪਿੰਡ ਵਾਸੀ ਸ਼ਾਮ ਲਾਲ ਦਾ ਲੜਕਾ ਭੀਮ ਸੈਨ (35) ਕੱਲ ਸਵੇਰ 8 ਵਜੇ ਦੇ ਕਰੀਬ ਘਰੋਂ ਚਲਾ ਗਿਆ ਸੀ। ਪਰ ਰਾਤ ਤੱਕ ਘਰੇ ਨਹੀਂ ਆਇਆ ਜਿਸ ਤੇ ਪਰਿਵਾਰਿਕ ਮੈਂਬਰਾਂ ਨੇ ਉਸਦੀ ਬਹੁਤ ਭਾਲ ਕੀਤੀ ਅਤੇ ਅੱਜ ਸਵੇਰੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚੋਂ ਇਸ ਸਬੰਧੀ ਬਕਾਇਦਾ ਅਨਾਊਂਸਮੈਂਟ ਕੀਤੀ ਗਈ। ਜਿਸ ਮਗਰੋਂ ਸਵੇਰੇ 9 ਵਜੇ ਦੇ ਕਰੀਬ ਪਤਾ ਲੱਗਾ ਕਿ ਪਿੰਡ ਦੇ ਛੱਪੜ ਦੇ ਬਿਲਕੁਲ ਨਾਲ ਲੱਗਦੇ ਕਣਕ ਦੇ ਖੇਤਾਂ ਵਿੱਚ ਭੀਮ ਸੈਨ ਦੀ ਲਾਸ਼ ਪਈ ਹੈ ਪਰਿਵਾਰਿਕ ਮੈਂਬਰਾਂ ਵੱਲੋਂ ਜਾ ਕੇ ਦੇਖਣਾ ਉਪਰੰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ।

ਮ੍ਰਿਤਕ ਦੇ ਪਿਤਾ ਸ਼ਾਮ ਲਾਲ ਨੇ ਕਿਹਾ ਹੈ ਕਿ ਉਸਦੇ ਲੜਕੇ ਦੀ ਲਾਸ਼ ਉੱਪਰ ਕਾਲੇ ਰੰਗ ਦੇ ਨਿਸ਼ਾਨ ਬਣੇ ਹੋਏ ਹਨ ਜਿਨਾਂ ਤੋਂ ਲੱਗਦਾ ਹੈ ਕਿ ਕਿਸੇ ਨੇ ਬੜੀ ਬੇਰਹਿਮੀ ਨਾਲ ਉਸ ਦਾ ਕਤਲ ਕਰਕੇ ਲਾਸ਼ ਨੂੰ ਇੱਥੇ ਸੁੱਟਿਆ ਹੈ। ਇਸ ਦੌਰਾਨ ਮੌਕੇ ਉੱਤੇ ਪੁੱਜੇ ਪੁਲਿਸ ਚੌਂਕੀ ਗੁਲਜਾਰਪੁਰਾ ਠਰੂਆ ਤੇ ਇੰਚਾਰਜ ਬਲਵਿੰਦਰ ਸਿੰਘ ਦੱਸਿਆ ਕਿ ਸੂਚਨਾ ਮਿਲਣ ਤੇ ਮੌਕੇ ਉੱਤੇ ਪਹੁੰਚ ਕੇ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰਦਿਆਂ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਆਰੰਭ ਦਿੱਤੀ ਹੈ।

# ਮੰਚ ਮੁਕਾਬਲਾ ਵਿਦਿਆਰਥੀਆਂ ਦੇ ਵੱਖ-ਵੱਖ ਵਿਸ਼ਿਆਂ ਦੇ ਗਿਆਨ ਨੂੰ ਵਧਾਉਂਦਾ ਹੈ

**ਚੰਡੀਗੜ੍ਹ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਡੀਨ ਅਕਾਦਮਿਕ ਅਫੇਅਰਸ ਪ੍ਰੋਫੈਸਰ ਅਨਿਲ ਵਸ਼ਿਸ਼ਠ ਨੇ ਕਿਹਾ ਕਿ ਵਿਦਿਆਰਥੀਆਂ ਦੀ ਭਾਸ਼ਣ ਮੁਕਾਬਲੇ ਨਾ ਸਿਰਫ ਉਨ੍ਹਾਂ ਦੀ ਮੁਕਾਬਲਾ ਕੁਸ਼ਲਤਾ ਨੂੰ ਨਿਖਾਰਦੀ ਹੈ ਸਗੋਂ ਉਨ੍ਹਾਂ ਦੇ ਵੱਖ-ਵੱਖ ਵਿਸ਼ਿਆਂ 'ਤੇ ਗਿਆਨ ਨੂੰ ਵੀ ਵਧਾਉਂਦੀ ਹੈ।

ਪ੍ਰੋਫੈਸਰ ਅਨਿਲ ਵਸ਼ਿਸ਼ਠ ਅੱਜ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਪ੍ਰਬੰਧਿਤ ਰੇਸਟ੍ਰਮ (ਮੰਚ) ਮੁਕਾਬਲਾ ਦੇ ਤੀਜੇ ਪੜਾਅ ਦੇ ਮੌਕੇ 'ਤੇ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਇਸ ਤੋਂ ਪਹਿਲਾਂ ਦੀਪ ਪ੍ਰਜਵਲਿਤ, ਸਰਸਵਤੀ ਪੂਜਨ ਤੇ ਕੇਯੂ ਦੇ ਕੁੱਲਗੀਤ ਵੱਲੋਂ ਪ੍ਰੋਗ੍ਰਾਮ ਦੀ ਸ਼ੁਰੂਆਤ ਹੋਈ।

ਉਨ੍ਹਾਂ ਨੇ ਕਿਹਾ ਕਿ ਭਾਸ਼ਾ ਦੀ ਜਾਣਕਾਰੀ ਦੇ ਨਾਲ-ਨਾਲ ਆਪਣੇ ਸੰਵਾਦ ਵਿਚ ਸੰਵੇਦਨਾਵਾਂ ਤੇ ਭਾਵ ਵੀ ਵਿਅਕਤ ਕਰਨਾ ਇਕ ਚੰਗੇ ਵਕਤਾ ਦੀ ਪਹਿਚਾਣ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਕਿਸੇ ਵੀ ਮੁਕਾਬਲੇ ਵਿਚ ਜਿੱਤਣਾ ਉਨ੍ਹਾਂ ਮਹਤੱਵਪੂਰਣ ਨਹੀਂ ਹੈ ਜਿਨ੍ਹਾਂ ਉਸ ਮੁਕਾਬਲੇ ਵਿਚ ਹਿੱਸਾ ਲੈ ਕੇ ਸਿੱਖਣਾ। ਸ਼ਬਦਾਂ ਰਾਹੀਂ ਆਪਣੇ ਸੰਵਾਦ ਨੂੰ ਵਿਅਕਤ ਕਰਨ ਦੀ ਕਲਾ ਕੁਦਰਤ ਨੇ ਮਨੁੱਖ ਨੂੰ ਪ੍ਰਦਾਨ ਕੀਤੀ ਹੈ ਉਹ ਉਸ ਹੋਰ ਜੀਵਾਂ ਤੋਂ ਵੱਖ ਬਣਾਉਂਦੀ ਹੈ। ਸੰਵਾਦ ਕਲਾ ਜਿਨ੍ਹੀ ਬਾਰੀਕੀ ਨਾਲ ਸਿੱਖਦੀ ਹੈ, ਉਸੀ ਬਾਰੀਕੀ ਨਾਲ ਕਿਸੇ ਵੀ ਵਿਸ਼ਾ 'ਤੇ ਵਿਸਤਾਰਪੂਰਵਕ ਜਾਣਕਾਰੀ ਦਾ ਅਧਿਐਨ ਕਰਨਾ ਪੈਂਦਾ ਹੈ।

# ਸ਼੍ਰੀ ਰਾਮ ਕਥਾ ਦੇ ਆਯੋਜਨ ਦੀ ਸ਼ੁਰੂਆਤ ਸ਼੍ਰੀਮਤੀ ਕਮਲ ਮੇਨਨ



**ਸੁਨਾਮ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਮ ਕਥਾ ਦੇ ਆਯੋਜਨ ਦੀ ਸ਼ੁਰੂਆਤ ਸ਼੍ਰੀਮਤੀ ਕਮਲ ਮੇਨਨ ਜੀ, ਪੁੱਤਰ, ਮੁੱਖ ਯਜਮਾਨ, ਪ੍ਰਦੀਪ ਮੈਨਨ, ਰਾਸ਼ਟਰੀ ਉਪ ਪ੍ਰਧਾਨ, ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ, ਪਤਨੀ ਨੀਲਮ ਮੈਨਨ ਅਤੇ ਸੰਜੀਵ ਮੇਨਨ, ਪ੍ਰਧਾਨ, ਲਾਇਨ ਕਲੱਬ, ਰਾਇਲ ਮੈਨਨ ਨੇ ਪਰਿਵਾਰ ਸਮੇਤ ਕੀਤੀ ਅਤੇ ਪੁਨੀਤ ਮਿੱਤਲ, ਆਰਕੀਟੈਕਟ, ਵੀਨਾ ਰਾਣੀ, ਪਤਨੀ ਸਮੇਤ, ਸ਼੍ਰੀ ਰਾਮ ਕਥਾ ਦੇਵੀ ਦੁਆਰਾ ਤਲਾਬ ਗੰਗਾ ਡੇਰਾ ਨੇੜੇ ਬੱਸ ਸਟੈਂਡ ਸ਼੍ਰੀ ਰਾਮ ਕਥਾ ਮੰਡਲੇਸ਼ਵਰ ਸਵਾਮੀ ਆਸ਼ੂਤੋਸ਼ਾਨੰਦ ਗਿਰੀ ਜੀ ਕੈਲਾਸ਼ ਮੱਠ ਕਾਸ਼ੀ ਜੀ ਦੁਆਰਾ ਦੁਪਹਿਰ 3:30 ਤੋਂ 6:30 ਵਜੇ ਤੱਕ ਸੁਣਾਈ ਜਾਵੇਗੀ।

. ਜਿਸ ਵਿੱਚ ਮੁੱਖ ਮਹਿਮਾਨ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਅਮਨ ਅਰੋੜਾ ਜੀ ਸ਼ਿਰਕਤ ਕਰਨਗੇ।

ਇਸ ਮੌਕੇ ਪ੍ਰਿੰਸੀਪਲ ਸੰਦੀਪ ਸੰਦੀਪ ਸਪਾ ਆਲਮਪੁਰੀਆ ਸਚਿਨ ਸਤੀਸ਼ ਕੁਮਾਰ ਖਜ਼ਾਨਚੀ ਰੋਬਿਨ ਗਰਗ, ਚੇਅਰਮੈਨ ਕਮਲ ਅਗਰਵਾਲ ਸਰਪ੍ਰਸਤ ਪ੍ਰੇਮਚੰਦ ਗਰਗ ਵਾਈਸ ਚੇਅਰਮੈਨ ਆਨੰਦ ਕੁਮਾਰ ਰਿੰਪੀ ,ਸਲਾਹਕਾਰ ਬਲਵੀਰ ਚੰਦ ਗਰਗ ਡੀ.ਸੀ ਸ੍ਰੀ ,ਸੋਮਨਾਥ ਵਰਮਾ, ਅਵਤਾਰ ਤਾਰੀ ਰਾਮੇਸ਼ਵਰ ਲਾਲ ਆਦਿ ਮੈਂਬਰ ਹਾਜ਼ਰ ਸਨ

# ਰੰਗ ਮੰਚ ਦੀ ਖਿੜਕੀ ਰਾਹੀਂ ਸਮਾਜ ਵੱਲ ਝਾਤੀ ਮਾਰਨ ਦੀ ਲੋੜ: ਡਾ. ਸਾਹਿਬ ਸਿੰਘ

**ਚੰਡੀਗੜ੍ਹ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਲੇਖਕ ਸਭਾ (ਰਜਿ:) ਚੰਡੀਗੜ੍ਹ ਵੱਲੋਂ ਅੱਜ ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਵਿਚ ਉੱਘੇ ਰੰਗਕਰਮੀ ਡਾ. ਸਾਹਿਬ ਸਿੰਘ ਦੀਆਂ ਦੋ ਕਿਤਾਬਾਂ 'ਰਾਸ ਰੰਗ' ਅਤੇ 'ਰੰਗ ਮੰਚ ਵੱਲ ਖੁਲ੍ਹਦੀ ਖਿੜਕੀ' ਲੋਕ ਅਰਪਿਤ ਹੋਈਆਂ ਅਤੇ ਇਹਨਾਂ ਤੇ ਵਿਚਾਰ ਚਰਚਾ ਕੀਤੀ ਗਈ।

ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਨੇ ਕੀਤੀ। ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਇਹ ਦੋਵੇਂ ਕਿਤਾਬਾਂ ਪਿਛਲੇ ਸਮਿਆਂ 'ਚ ਹੋਏ ਲੋਕ ਸੰਘਰਸ਼ਾਂ ਦੌਰਾਨ ਰੰਗ ਮੰਚ ਦੀ ਭੂਮਿਕਾ ਬਾਰੇ ਤਬਸਰਾ ਕਰਦੀਆਂ ਹਨ। ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਡਾ. ਸਾਹਿਬ ਸਿੰਘ ਦਾ ਹਰੇਕ ਨਾਟਕ ਦਰਸ਼ਕ ਤੇ ਰੰਗਮੰਚ ਨੂੰ ਇਕਮਿਕ ਕਰ ਦਿੰਦਾ ਹੈ।

ਪੁਸਤਕਾਂ ਦੇ ਲੋਕ-ਅਰਪਣ ਸਮਾਗਮ ਵਿਚ ਡਾ. ਸਾਹਿਬ ਸਿੰਘ ਤੋਂ ਇਲਾਵਾ ਡਾ. ਸਤੀਸ਼ ਕੁਮਾਰ ਵਰਮਾ, ਡਾ. ਕੁਲਦੀਪ ਸਿੰਘ ਦੀਪ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਸਰਬਜੀਤ ਸਿੰਘ, ਬਲਕਾਰ ਸਿੱਧੂ, ਭੁਪਿੰਦਰ ਸਿੰਘ ਮਲਿਕ, ਰਜਿੰਦਰ ਰੋਜ਼ੀ ਅਤੇ ਮਲਿਕਾ ਸਿੰਘ ਨੇ ਹਿੱਸਾ ਲਿਆ। ਪਹਿਲੇ ਮੁੱਖ ਬੁਲਾਰੇ ਵਜੋਂ ਬੋਲਦਿਆਂ ਪ੍ਰਸਿੱਧ ਲੇਖਿਕਾ, ਆਲੋਚਕ ਅਤੇ ਅਧਿਆਪਕਾ ਡਾ. ਅਰਵਿੰਦਰ ਕੌਰ ਕਾਕੜਾ ਨੇ ਸਾਹਿਬ ਸਿੰਘ ਦੇ ਨਾਟਕ ਨੂੰ ਸੰਘਰਸ਼ੀ ਲੋਕਾਂ ਦੀ ਨੁਮਾਇੰਦਗੀ ਕਰਨ ਵਾਲਾ ਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਮੰਚ ਪ੍ਰਦਾਨ ਕਰਨ ਦੇ ਕਾਬਿਲ ਦੱਸਿਆ।

ਉੱਘੇ ਆਲੋਚਕ ਤੇ ਨਾਟਕਕਾਰ ਡਾ. ਕੁਲਦੀਪ ਸਿੰਘ ਦੀਪ ਨੇ ਦੂਜੇ ਮੁੱਖ ਬੁਲਾਰੇ ਦੇ ਤੌਰ ਤੇ ਕਿਹਾ ਕਿ ਸਿਧਾਂਤ, ਇਤਿਹਾਸ, ਬਿਰਤਾਂਤ ਅਤੇ ਸੁਪਨਸਾਜ਼ੀ ਸਾਹਿਬ ਸਿੰਘ ਦੇ ਨਾਟਕਾਂ ਦਾ ਹਾਸਿਲ ਹੈ।

ਉੱਘੇ ਨਾਟਕਕਾਰ ਦਵਿੰਦਰ ਦਮਨ ਨੇ ਮੁਬਾਰਕਬਾਦ ਦੇਂਦਿਆਂ ਕਿਹਾ ਕਿ ਸਾਹਿਬ ਸਿੰਘ ਰੰਗ ਮੰਚ ਨੂੰ ਜਿਊਂਦਾ ਹੈ।ਵਿਸ਼ੇਸ਼ ਮਹਿਮਾਨ ਵਜੋਂ ਬੋਲਦਿਆਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਆਖਿਆ ਕਿ ਸਾਹਿਬ ਸਿੰਘ ਨੇ ਆਪਣੇ ਆਪ ਨੂੰ ਇਕ ਵਿਲੱਖਣ ਲੇਖਕ, ਨਿਰਦੇਸ਼ਕ ਤੇ ਅਦਾਕਾਰ ਦੇ ਤੌਰ ਤੇ ਸਥਾਪਤ ਕੀਤਾ ਹੈ।ਰਜਿੰਦਰ ਰੋਜ਼ੀ ਨੇ ਕਿਹਾ ਕਿ ਸਾਹਿਬ ਸਿੰਘ ਰੋਜ਼-ਮੱਰਾ ਦੇ ਮਸਲਿਆਂ ਚੋਂ ਰੰਗਮੰਚ ਰਾਹੀਂ ਹੱਲ ਲੱਭਦਾ ਹੈ।ਹਰਜਾਪ ਸਿੰਘ ਔਜਲਾ ਨੇ ਕਿਹਾ ਕਿ ਭਾਸ਼ਾ ਤੇ ਚੰਗੀ ਪਕੜ ਕਿਸੇ ਵੀ ਵਿਧਾ ਵਿਚ ਪੇਸ਼ਕਾਰੀ ਦਾ ਮਿਆਰ ਉੱਚਾ ਕਰਦੀ ਹੈ।ਥਿਏਟਰ ਅਤੇ ਫ਼ਿਲਮ ਅਦਾਕਾਰ ਬਨਿੰਦਰਜੀਤ ਬਨੀ ਨੇ ਕਿਹਾ ਕਿ ਸਾਹਿਬ ਸਿੰਘ ਵਰਗਾ ਪੱਥ ਪ੍ਰਦਰਸ਼ਕ ਹੋਣਾ ਵੱਡੀ ਪ੍ਰਾਪਤੀ ਹੈ।

'ਰਾਸ ਰੰਗ' ਅਤੇ 'ਰੰਗ ਮੰਚ ਵੱਲ ਖੁਲ੍ਹਦੀ ਖਿੜਕੀ' ਦੇ ਲੇਖਕ ਡਾ. ਸਾਹਿਬ ਸਿੰਘ ਨੇ ਕਿਹਾ ਕਿ ਨਾਟਕ ਸੁਆਲ ਕਰਦਾ ਹੈ। ਵਿਚਾਰਧਾਰਕ ਗੱਲਾਂ ਬੌਧਿਕ ਪੱਧਰ ਇੱਕੋ ਜਿਹਾ ਹੋਵੇ ਤਾਂ ਹੀ ਮੁਮਕਿਨ ਹਨ।ਪ੍ਰਧਾਨਗੀ ਭਾਸ਼ਣ ਦੇਂਦਿਆਂ ਡਾ. ਸਤੀਸ਼ ਕੁਮਾਰ ਵਰਮਾ ਨੇ ਡਾ. ਸਾਹਿਬ ਸਿੰਘ ਨੂੰ ਬਹੁਪੱਖੀ ਕਲਾ ਦਾ ਧਨੀ ਦੱਸਦਿਆਂ ਕਿਹਾ ਕਿ ਉਹ ਸੱਚੇ ਸੰਘਰਸ਼ੀ ਰਾਹ ਦਾ ਪਾਂਧੀ ਹੈ।ਧੰਨਵਾਦੀ ਸ਼ਬਦਾਂ ਵਿੱਚ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਸਾਹਿਬ ਸਿੰਘ ਦੀ ਨਾਟ ਰੂਪੀ ਕਲਮ ਸੰਭਾਵਨਾਵਾਂ ਨਾਲ ਭਰੀ ਹੋਈ ਹੈ।

ਸਭਾ ਵਿੱਚ ਹਾਜ਼ਰ ਲੇਖਕਾਂ, ਬੁੱਧੀਜੀਵੀਆਂ, ਨਾਟਕਕਾਰਾਂ ਵਿੱਚ ਸ਼ਾਇਰ ਭੱਟੀ, ਪ੍ਰਵੀਨ ਕੌਰ, ਊਸ਼ਾ ਕੰਵਰ, ਗੁਰਨਾਮ ਕੰਵਰ, ਸੰਗੀਤਾ ਗੁਪਤਾ, ਡਾ ? ਮਨਜੀਤ ਸਿੰਘ ਬੱਲ, ਦਲਵਿੰਦਰ, ਗੁਰਲੀਨ ਸਿੰਘ, ਰਾਜਪਾਲ ਕੌਰ, ਸਰਦਾਰਾ ਸਿੰਘ ਚੀਮਾ, ਸਿਮਰਜੀਤ ਕੌਰ ਗਰੇਵਾਲ, ਬਬੀਤਾ ਸਾਗਰ, ਹਰਸ਼ਿੰਦਰ ਬਾਂਸਲ, ਸੰਜੀਵਨ ਸਿੰਘ, ਰਾਜੇਸ਼ ਕੁਮਾਰ, ਪਰਮਿੰਦਰ ਸਿੰਘ ਮਦਾਨ, ਵਿਜੇ ਕੁਮਾਰ, ਐਸ.ਕੇ. ਸ਼ਰਮਾ, ਦੀਪਕ ਸ਼ਰਮਾ ਚਨਾਰਥਲ, ਜਗਤਾਰ ਸਿੰਘ ਜੋਗ, ਜਸਪਾਲ ਸਿੰਘ ਕੰਵਲ, ਸ਼ਬਦੀਸ਼, ਅਨੀਤਾ ਸ਼ਬਦੀਸ਼, ਨਵਦੀਪ, ਸੁਨੈਨੀ ਸ਼ਰਮਾ, ਜਗਜੀਤ ਸਰੀਨ, ਧਿਆਨ ਸਿੰਘ ਕਾਹਲੋਂ, ਬਲਜੀਤ ਸਿੰਘ, ਨਵਜੋਤ ਸਿੰਘ, ਖੁਸ਼ਦੀਪ ਸ਼ਰਮਾ, ਰਾਜਕਰਨ, ਭਰਤਿੰਦਰ ਸਿੰਘ, ਪਰਮਜੀਤ ਪਰਮ, ਰਾਜਿੰਦਰ ਕੌਰ, ਜੰਗ ਬਹਾਦਰ ਗੋਇਲ, ਬਾਬੂ ਰਾਮ ਦੀਵਾਨਾ, ਮਿੰਨੀ ਸਰਕਾਰੀਆ, ਗੁਰਮੇਜ ਭੱਟੀ, ਰਾਜ ਰਾਣੀ, ਡਾ.ਸੁਨੀਤ ਮਦਾਨ , ਰੋਹਨ ਸ਼ਰਮਾ, ਪ੍ਰੀਤਮ ਸਿੰਘ ਰੁਪਾਲ, ਚਰਨਜੀਤ ਸਿੰਘ ਕਲੇਰ, ਸੁਖਦੇਵ ਸਿੰਘ, ਰਜਤ ਸੱਚਦੇਵਾ, ਜਤਿਨ ਹਸਰਤ, ਦਿਲਬਾਗ ਸਿੰਘ, ਡਾ.ਦਵਿੰਦਰ ਸਿੰਘ ਬੋਹਾ, ਵਰਿੰਦਰ ਸਿੰਘ ਚੱਠਾ , ਹਰਦੀਪ ਸਿੰਘ, ਚੰਦਰ ਮੋਹਨ ਅਹੁਜਾ, ਆਦਰਸ਼ ਕੁਮਾਰ, ਅਜਮੇਰ ਸਿੰਘ, ਸੁਖਵਿੰਦਰ ਸਿੰਘ ਸਿੱਧੂ, ਪਾਲ ਅਜਨਬੀ, ਹਰਮਿੰਦਰ ਕਾਲੜਾ, ਆਰ.ਐਸ. ਲਿਬਰੇਟ, ਰਮਾ ਕਾਂਤ, ਗੁਰਮੇਲ ਸਿੰਘ, ਮਨਦੀਪ ਕੌਰ, ਸੁਖਵਿੰਦਰ ਸਿੰਘ ਪਠਾਨੀਆਂ, ਬਲਦੇਵ ਸਿੰਘ ਸਪਤਰਿਸ਼ੀ, ਅਜਾਇਬ ਔਜਲਾ, ਏਕਤਾ, ਨੀਰਜ ਪਾਂਡੇ, ਆਸ਼ਾ ਸਕਲਾਨੀ, ਮਹਿਕ ਸ਼ਰਮਾ ਤੇ ਹੋਰ ਸਹਿਤਕ ਸ਼ਖ਼ਸੀਅਤਾਂ ਸ਼ਾਮਲ ਸਨ।

# ਥਾਪਰ ਯੂਨੀਵਰਸਿਟੀ ਦੇ ਰੋਟਰੈਕਟ ਕਲੱਬ ਵੱਲੋਂ ਲੋੜਵੰਦਾਂ ਲਈ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ

**ਪਟਿਆਲਾ, 12 ਅਪ੍ਰੈਲ**
**--ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਰੋਟਰੈਕਟ ਕਲੱਬ ਵੱਲੋਂ ਲਗਾਏ ਖ਼ੂਨਦਾਨ ਕੈਂਪ ਦੌਰਾਨ ਪਹੁੰਚੇ ਏ ਡੀ ਸੀ ਡਿਵੈਲਪਮੈਂਟ ਡਾ ਹਰਜਿੰਦਰ ਸਿੰਘ ਬੇਦੀ, ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ, ਅਸ਼ੋਕ ਰੋਣੀ, ਮਾਨਿਕ ਰਾਜ ਸਿੰਗਲਾ, ਰਾਜੇਸ਼ ਸ਼ਰਮਾ ਪੰਜੋਲਾ,ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ

ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਰੋਟਰੈਕਟ ਕਲੱਬ ਵੱਲੋਂ ਬਲੱਡ ਬੈਂਕਾਂ ਵਿਚ ਖ਼ੂਨ ਦੀ ਭਾਰੀ ਕਮੀ ਨੂੰ ਵੇਖਦਿਆਂ ਐਚ ਡੀ ਐਫ ਸੀ ਬੈਂਕ, ਰੋਟਰੀ ਮਿਡ ਟਾਊਨ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ,ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ ਦੇ ਵਲੰਟੀਅਰਜ਼ ਸਹਿਯੋਗ ਅਤੇ ਡਾ ਨਵਦੀਪ ਢਿੱਲੋਂ ਫੈਕਲਟੀ ਪ੍ਰੈਜ਼ੀਡੈਂਟ ਅਤੇ ਡਾ ਦੀਪ ਮਾਨ ਫੈਕਲਟੀ ਵਾਇਸ ਪ੍ਰੈਜੀਡੈਂਟ ਦੀ ਅਗਵਾਈ ਹੇਠ ਵਿਸ਼ਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ

ਜਿਸ ਵਿੱਚ ਮੁੱਖ ਮਹਿਮਾਨ ਡਾ ਹਰਜਿੰਦਰ ਸਿੰਘ ਬੇਦੀ ਏ ਡੀ ਸੀ ਡਿਵੈਲਪਮੈਂਟ ਅਤੇ ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ, ਰੋਟਰੀ ਮਿਡ ਟਾਊਨ ਦੇ ਪ੍ਰਧਾਨ ਅਸ਼ੋਕ ਰੋਣੀ ਨੇ ਕੀਤੀ ਪ੍ਰੋਗ੍ਰਾਮ ਦਾ ਉਦਘਾਟਨ ਮਾਨਿਕ ਰਾਜ ਸਿੰਗਲਾ ਚੀਫ ਐਡੀਟਰ ਰੋਟਰੀ ਅਤੇ ਪ੍ਰਤੀਨਿਧੀ ਰੋਟਰੀ ਗਵਰਨਰ 3090 ਘਨਸ਼ਾਮ ਗੋਇਲ ਅਤੇ ਰਾਜੇਸ ਸ਼ਰਮਾ ਪੰਜੋਲਾ ਬਿਊਰੋ ਚੀਫ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ ਨੇ ਕੀਤਾ,

ਇਸ ਮੌਕੇ ਰੋਟਰੈਕਟ ਕਲੱਬ ਦੇ ਪ੍ਰਧਾਨ ਹਿਤਾਕਸੀ ਹਾਸ ਅਤੇ ਜਰਨਲ ਸਕੱਤਰ ਲਕਸਿਤ ਭੰਸਾਲੀ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ,ਵਿਸ਼ੇਸ਼ ਤੌਰ ਡੀ ਐਸ ਪੀ ਸਿਟੀ 1 ਸੰਜੀਵ ਸਿੰਗਲਾ,ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਬੈਂਸ, ਇੰਸਪੈਕਟਰ ਰਾਮਕੇਸ ਇੰਚਾਰਜ ਰੇਜ ਅਫ਼ਸਰ ਸੜਕ ਸੁਰੱਖਿਆ ਫੋਰਸ ਪਟਿਆਲਾ,ਸੀ ਏ ਰਾਜੀਵ ਗੋਇਲ, ਇੰਸਪੈਕਟਰ ਝਰਮਲ ਸਿੰਘ ਇੰਚਾਰਜ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ,ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਭਗਵਾਨ ਦਾਸ ਗੁਪਤਾ,ਅਤੇ ਅੰਜਲੀ,ਯਾਸਿਕਾ ਟੁਟੇਜਾ,, ਅੰਕਿਤ ਭਾਰਦਵਾਜ, ਓਜਸਵਵਾਨੀ, ਮਾਨਿਕ ਵਰਮਾ, ਆਮੀਸਾ ਲਾਂਬਾ, ਸਾਨੀਆ ਸਾਨਿਆ ਸੈਣੀ, ਟੀਨਾ ਸਪਰਾ, ਅਮਰਿੰਦਰ ਸਿੰਘ,ਪਰੀਸਾ ਮਹਾਜਨ, ਰਿਧਮ ਘਈ ਘਈ, ਹਰਸਿਤਾ ਨਰੂਲਾ, ਹਰਸੀਤਾ ਰਾਜੋਰੀਆ, ਖਿਤਿਜ ਸਿੰਗਲਾ, ਸਕਸ਼ਮ ਸਿੰਘ,ਦਿਵੰਸ ਮੋਂਗਾ,ਖੁਸੀ ਦਈਆ,ਰਿਹੰਸਾ ਰਾਜਦਾਨ,ਲਿਸਿਕਾ ਸਿੰਗਲਾ, ਸਮਾਰਿਆ,,ਯੋਵਮ ਗਰਗ,ਅਨਿਕਾ ਸਿੰਘ ਭੱਟੀ ਸਾਰੇ ਮੈਂਬਰ ਰੋਟਰੈਕਟ ਕਲੱਬ ਥਾਪਰ ਯੂਨੀਵਰਸਿਟੀ, ਇਸ ਤੋਂ ਇਲਾਵਾ ਵਿਨੇ ਸ਼ਰਮਾ, ਰੁਦਰਪ੍ਰਤਾਪ ਸਿੰਘ,ਤੇ ਇਸ ਮੌਕੇ ਸੰਬੋਧਨ ਕਰਦਿਆਂ ਏ ਡੀ ਸੀ ਡਿਵੈਲਪਮੈਂਟ ਡਾ ਹਰਜਿੰਦਰ ਸਿੰਘ ਬੇਦੀ ਅਤੇ ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਨੇ ਕਿਹਾ ਕਿ ਨੌਜਵਾਨਾਂ ਵਲੋਂ ਖ਼ੂਨਦਾਨ ਅਤੇ ਪਲੇਟਲੈਟ ਦਾਨ ਕਰਕੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ।

ਉਹਨਾਂ ਕਿਹਾ ਕਿ ਹਰ ਤੰਦਰੁਸਤ ਇੰਨਸਾਨ ਜਿਸ ਦੀ ਉਮਰ 18 ਸਾਲ 65 ਸਾਲ ਹੋਵੇ ਸਰੀਰਕ ਭਾਰ 45 ਕਿਲੋ ਅਤੇ ਖ਼ੂਨ ਦੀ ਮਾਤਰਾ 12.5 ਤੋਂ ਉੱਪਰ ਹੋਵੇ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ, ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਸਰੀਰਕ ਕਮਜ਼ੋਰੀ ਨਹੀਂ ਆਉਂਦੀ ਸਗੋਂ ਸਰੀਰ ਤੰਦਰੁਸਤ ਰਹਿੰਦਾ ਹੈ

ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਬੇਸ਼ਕੀਮਤੀ ਜਾਨਾਂ ਬਚਾਉਣ ਲਈ ਅੱਗੇ ਆਉਣ। ਇਸ ਮੌਕੇ ਸਰਕਾਰੀ ਰਾਜਿੰਦਰਾ ਹਸਪਤਾਲ ਅਤੇ ਲਾਇਫ ਲਾਇਨ ਬਲੱਡ ਬੈਂਕ ਵਲੋਂ ਬਲੱਡ ਇੱਕਤਰ ਕੀਤਾ ਗਿਆ ।

ਇਸ ਖ਼ੂਨਦਾਨ ਕੈਂਪ ਦੌਰਾਨ ਐਚ ਡੀ ਐਫ ਸੀ ਬੈਂਕ ਵਲੋਂ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ ਅਤੇ ਮਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ

# ਸੈਣੀ ਦੀ ਦਾਅਵਤ ਵਿੱਚ ਸ਼ਾਮਲ ਨਹੀਂ ਹੋਏ ਵਿੱਜ

**ਅੰਬਾਲਾ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਚੋਣਾਂ ਤੋਂ ਪਹਿਲਾਂ ਹਰਿਆਣਾ ਦੀ ਭਾਜਪਾ ਵਿੱਚ ਹੋਈ ਹਲਚਲ ਸ਼ਾਂਤ ਨਹੀਂ ਹੋ ਰਹੀ। ਸੂਬੇ ਦੀ ਕਮਾਨ ਇਕ ਜੂਨੀਅਰ ਲੀਡਰ ਨੂੰ ਦਿੱਤੇ ਜਾਣ ਕਰ ਕੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਸਾਬਕਾ ਮੰਤਰੀ ਅਨਿਲ ਵਿੱਜ ਪਾਰਟੀ ਹਾਈ ਕਮਾਨ ਤੋਂ ਨਾਰਾਜ਼ ਚੱਲ ਰਹੇ ਹਨ। ਭਾਵੇਂ ਮੀਡੀਆ ਸਾਹਮਣੇ ਸ੍ਰੀ ਵਿੱਜ ਕਿਸੇ ਤਰ੍ਹਾਂ ਦੀ ਨਾਰਾਜ਼ਗੀ ਤੋਂ ਇਨਕਾਰ ਕਰਦੇ ਹਨ ਪਰ ਉਨ੍ਹਾਂ ਦੇ ਬਿਆਨਾਂ ਵਿੱਚ ਅੰਦਰ ਦਾ ਦਰਦ ਝਲਕਦਾ ਹੈ। ਮੁੱਖ ਮੰਤਰੀ ਸ੍ਰੀ ਸੈਣੀ ਤੇ ਸ੍ਰੀ ਖੱਟਰ ਨਾਰਾਜ਼ ਆਗੂ ਵਿੱਜ ਨੂੰ ਮਨਾਉਣ ਉਨ੍ਹਾਂ ਦੇ ਅੰਬਾਲਾ ਨਿਵਾਸ 'ਤੇ ਆ ਚੁੱਕੇ ਹਨ। ਸ੍ਰੀ ਵਿੱਜ ਦਾ ਗਿਲ੍ਹਾ ਹੈ ਕਿ ਮੁੱਖ ਮੰਤਰੀ ਬਦਲਣ ਸਮੇਂ ਉਨ੍ਹਾਂ ਨੂੰ ਜਾਣਕਾਰੀ ਨਾ ਦੇਣਾ ਗ਼ਲਤ ਹੈ ਕਿਉਂਕਿ ਉਹ ਸਭ ਤੋਂ ਸੀਨੀਅਰ ਨੇਤਾ ਸਨ।

ਇਸ ਨਾਰਾਜ਼ਗੀ ਦੀ ਤਾਜ਼ੀ ਉਦਾਹਰਨ ਕੱਲ੍ਹ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਆਪਣੇ ਨਿਵਾਸ 'ਤੇ ਦਿੱਤੇ ਡਿਨਰ ਵਿਚ ਅਨਿਲ ਵਿੱਜ ਦਾ ਸ਼ਾਮਲ ਨਾ ਹੋਣਾ ਹੈ। ਦਰਅਸਲ, ਮੁੱਖ ਮੰਤਰੀ ਨਾਇਬ ਸੈਣੀ ਨੇ ਲੋਕ ਸਭਾ ਚੋਣਾਂ ਤੇ ਚਰਚਾ ਕਰਨ ਲਈ ਸੋਮਵਾਰ ਨੂੰ ਆਪਣੀ ਸਰਕਾਰੀ ਰਿਹਾਇਸ਼ 'ਤੇ ਵਿਧਾਇਕ ਦਲ ਅਤੇ ਕੈਬਨਿਟ ਮੰਤਰੀਆਂ ਦੀ ਵੱਖ-ਵੱਖ ਮੀਟਿੰਗ ਬੁਲਾਈ ਸੀ। ਇਨ੍ਹਾਂ ਮੀਟਿੰਗਾਂ ਤੋਂ ਬਾਅਦ ਰਿਹਾਇਸ਼ 'ਤੇ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਵਿਚ ਵਿੱਜ ਹਾਜ਼ਰ ਨਹੀਂ ਹੋਏ। ਮੀਟਿੰਗ ਵਿਚ ਨਾ ਜਾਣ 'ਤੇ ਵਿੱਜ ਨੇ ਕਿਹਾ ਕਿ ਵੱਡੇ ਲੋਕ ਮੀਟਿੰਗਾਂ ਵਿੱਚ ਜਾਂਦੇ ਹਨ, ਉਹ ਛੋਟੇ ਵਰਕਰ ਹਨ।ਸ੍ਰੀ ਵਿੱਜ ਸੂਬੇ ਵਿੱਚ ਸਾਫ਼ ਅਤੇ ਸਵੱਛ ਸ਼ਖ਼ਸੀਅਤ ਵਾਲੇ, ਗ਼ਰੀਬਾਂ ਅਤੇ ਮਜਬੂਰਾਂ ਦੇ ਮਸੀਹਾ ਭਾਜਪਾ ਦੇ ਸੀਨੀਅਰ ਆਗੂ ਵਜੋਂ ਜਾਣੇ ਜਾਂਦੇ ਹਨ। ਉਹ ਛੇ ਵਾਰ ਵਿਧਾਇਕ ਚੁਣੇ ਜਾ ਚੁੱਕੇ ਹਨ। ਉਨ੍ਹਾਂ ਨੇ ਸਿਆਸਤ ਬਾਰੇ ਅਜੇ ਕੋਈ ਵੱਡਾ ਖ਼ੁਲਾਸਾ ਨਹੀਂ ਕੀਤਾ। ਭਾਵੇਂ ਉਹ ਸਿਆਸਤ ਦੇ ਅਨੁਭਵੀ ਖਿਡਾਰੀ ਹਨ ਪਰ ਉਨ੍ਹਾਂ ਨੇ ਅਜੇ ਕੋਈ ਵੱਡਾ ਖ਼ੁਲਾਸਾ ਨਹੀਂ ਕੀਤਾ ਅਤੇ ਆਪਣੇ ਆਪ ਨੂੰ ਭਾਜਪਾ ਦੇ 'ਅਨਿਨ ਭਗਤ' ਦੱਸ ਰਹੇ ਹਨ।

# ਸਿੱਖਿਆ ਅਤੇ ਸਕੂਲੀ ਸਿੱਖਿਆ ਕੀ ਹੈ ?

ਸਕੂਲੀ ਸਿੱਖਿਆ ਉਹ ਹੁੰਦੀ ਹੈ ਜੋ ਇੱਕ ਬੱਚਾ ਸਕੂਲ ਵਿੱਚ ਸਿੱਖਦਾ ਹੈ। ਸਿੱਖਿਆ - ਉਹ ਜੋ ਕਿ ਇਨਸਾਨ ਆਪਣੀ ਜ਼ਿੰਦਗੀ ਜਿਉਂਦੇ ਹੋਏ, ਦੁਨੀਆ ਵਿੱਚ ਵਿਚਰਦੇ ਹੋਏ ਕਦਮ-ਕਦਮ ਤੇ ਸਿੱਖਦਾ ਹੈ।

ਸੰਨ 1997 ਵਿੱਚ ਜਦੋਂ ਮੈਂ ਚੰਡੀਗੜ੍ਹ ਆਇਆ ਤਾਂ ਮੇਰੇ ਲਈ ਚੰਡੀਗੜ੍ਹ ਸ਼ਹਿਰ ਕਿਸੇ ਵਲੈਤ (ਵਿਦੇਸ਼) ਤੋਂ ਘੱਟ ਨਹੀਂ ਸੀ। ਉਸ ਸਮੇਂ ਮੇਰੀ ਉਮਰ 20 ਸਾਲ ਸੀ। ਮੈਨੂੰ ਥੀਏਟਰ ਦਾ ਬਹੁਤ ਸ਼ੌਕ ਹੋਣ ਕਰ ਕੇ ਮੈ ਚੰਡੀਗੜ੍ਹ ਆਇਆ। ਇੱਥੇ ਆ ਕੇ ਮੈ ਥੀਏਟਰ ਸਿੱਖਣਾ ਸ਼ੁਰੂ ਕੀਤਾ। ਚੰਡੀਗੜ੍ਹ ਆ ਕੇ ਮੈ ਸਿਰਫ਼ ਥੀਏਟਰ ਹੀ ਨਹੀਂ ਸਿੱਖਿਆ, ਸਗੋਂ ਇੱਥੋਂ ਦੇ ਲੋਕਾਂ ਵਿੱਚ ਵਿਚਰਦੇ ਹੋਏ ਮੈਨੂੰ ਹੋਰ ਵੀ ਬਹੁਤ ਕੁਝ ਸਿੱਖਣ ਨੂੰ ਮਿਲਿਆ। ਇੱਥੇ ਹੀ ਮੈਨੂੰ ਪਤਾ ਲੱਗਾ ਕਿ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਸ਼ਹਿਰ ਬਣਾਇਆ ਗਿਆ। ਪਰ ਉਸ ਸਮੇਂ ਇਹਨਾਂ ਪਿੰਡਾਂ ਅਤੇ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਗਏ ਸਨ, ਉਹ ਕੋਈ ਵੀ ਪੂਰੇ ਨਹੀਂ ਕੀਤੇ ਗਏ। ਇਸ ਸ਼ਹਿਰ ਵਿਚ ਵਸਦੇ ਪੰਜਾਬੀ ਅੱਜ ਵੀ ਆਪਣੇ ਹੱਕਾਂ ਲਈ ਜੱਦੋ - ਜਹਿਦ ਵਿੱਚ ਲੱਗੇ ਹੋਏ ਹਨ। ਇਹਨਾ ਵਲੋਂ ਬਣਾਈਆਂ ਗਈਆਂ ਸੰਸਥਾਵਾਂ ਰਾਹੀਂ ਬੱਚਿਆਂ ਨੂੰ ਆਪਣੇ ਪੰਜਾਬੀ ਵਿਰਸੇ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਜਿੱਥੇ ਕਿ ਲੋਕ ਚੰਡੀਗੜ੍ਹ ਦੀ ਖ਼ੂਬਸੂਰਤੀ ਨੂੰ ਦੇਖਣ ਲਈ ਦੂਰੋਂ ਦੂਰੋਂ ਆਉਂਦੇ ਹਨ। ਉੱਥੇ ਹੀ ਇਸ ਨੂੰ ਪੱਥਰਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ। ਕਿਉਕਿ ਜਿਆਦਾਤਰ ਚੰਡੀਗੜ੍ਹ ਵਿੱਚ ਪੱਥਰਾਂ ਨਾਲ ਸਜਾਵਟ ਕੀਤੀ ਗਈ ਹੈ। ਪੱਥਰਾਂ ਦੀਆਂ ਕੰਦਾ, ਬੁੱਤ, ਚਿੱਤਰਕਾਰੀਆਂ ਆਦਿ।ਚੰਡੀਗੜ੍ਹ ਵਿੱਚ ਬਹੁਤ ਸਾਰੀਆਂ ਥਾਵਾਂ ਦੇਖਣ ਅਤੇ ਘੁੰਮਣ ਵਾਲੀਆਂ ਹਨ ਜਿਵੇਂ ਸੁਖਨਾ ਲੇਕ, ਰੋਜ਼ ਗਾਰਡਨ, ਰੋਕ ਗਾਰਡਨ, ਇਲਾਂਟੇ ਮਾਲ, ਮਹਿੰਦਰਾ ਚੌਧਰੀ ਜ਼ੂਲੋਗੀਕਲ ਪਾਰਕ, ਮਿਓਸੀਕਲ ਫਾਊਂਟੇਨ, ਗਾਰਡਨ ਆਫ ਫਰੇਗਰੇਂਸ ਆਦਿ। ਇਨ੍ਹਾਂ ਸੋਹਣਾ ਹੋਣ ਤੋਂ ਬਾਅਦ ਵੀ ਇਸਨੂੰ ਪੱਥਰਾਂ ਦਾ ਸ਼ਹਿਰ ਇਸ ਲਈ ਵੀ ਕਿਹਾ ਜਾਂਦਾ ਹੈ ਕਿਉਕਿ ਇੱਥੋਂ ਦੇ ਲੋਕਾਂ ਦੇ ਮਨ ਵੀ ਪੱਥਰਾਂ ਵਰਗੇ ਹੀ ਹਨ। ਜਿਵੇਂ ਅਸੀਂ ਕਿਤੇ ਵਿਦੇਸ਼ ਜਾ ਕੇ ਮਹਿਸੂਸ ਕਰਦੇ ਹਾਂ ਉਸੇ ਤਰ੍ਹਾਂ ਹੀ ਚੰਡੀਗੜ੍ਹ ਸ਼ਹਿਰ ਵਿਚ ਆ ਕੇ ਮਹਿਸੂਸ ਹੁੰਦਾ ਹੈ। ਜਿਵੇਂ ਵਿਦੇਸ਼ਾਂ ਵਿਚ ਵੀ ਸਭ ਕੁਝ ਮਿਲ ਜਾਂਦਾ ਹੈ ਉਵੇਂ ਹੀ ਚੰਡੀਗੜ੍ਹ ਵਿੱਚ ਵੀ ਸਭ ਕੁਝ ਮਿਲ ਜਾਂਦਾ ਹੈ, ਬਸ ਨਹੀਂ ਮਿਲਦਾ ਤਾਂ ਉਹ ਹੈ ਪਿੰਡਾਂ ਵਾਲਾ ਮੇਲ ਮਿਲਾਪ ਅਤੇ ਪਿਆਰ। ਜਿਵੇਂ ਵਿਦੇਸ਼ਾਂ ਵਿੱਚ ਰਿਸ਼ਤੇਦਾਰ ਹੀ ਕਿਉਂ ਨਾ ਹੋਣ ਦੋ ਚਾਰ ਦਿਨ ਤੋਂ ਵੱਧ ਆਪਣੇ ਘਰ ਵਿੱਚ ਰੱਖਣ ਤੋਂ ਕਤਰਾਉਣ ਲਗਦੇ ਹਨ। ਉਵੇਂ ਹੀ ਚੰਡੀਗੜ੍ਹ ਵਿੱਚ ਵੀ ਲੋਕ ਬਹੁਤਾ ਮੇਲ ਮਿਲਾਪ ਨਹੀਂ ਰੱਖਦੇ। ਜੇ ਰੱਖਦੇ ਨੇ ਤਾਂ ਬਸ ਇਕ ਚੀਜ਼ - ਆਪਣੇ ਕੰਮ ਨਾਲ ਮਤਲਬ। ਇਸੇ ਕਰਕੇ ਹੀ ਚੰਡੀਗੜ੍ਹ ਨੂੰ ਪਛੜੇ ਹੋਏ ਇਲਾਕਿਆਂ ਦੇ ਲੋਕਾਂ ਦਾ ਵਲੈਤ (ਵਿਦੇਸ਼) ਵੀ ਕਿਹਾ ਜਾਂਦਾ ਹੈ। ਚੰਡੀਗੜ੍ਹ ਵਿੱਚ ਰਹਿੰਦੇ ਹੋਏ ਮੈਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਦੁਨੀਆਂ ਵਿੱਚ ਵਿਚਰਨਾ ਵੀ ਮੈਨੂੰ ਚੰਡੀਗੜ੍ਹ ਨੇ ਹੀ ਸਿਖਾਇਆ। ਇਸੇ ਤਰ੍ਹਾਂ ਹੀ ਮੈਨੂੰ ਕੁਝ ਅਜਿਹੀਆਂ ਸ਼ਖ਼ਸੀਅਤਾਂ ਵੀ ਚੰਡੀਗੜ੍ਹ ਵਿੱਚ ਮਿਲੀਆਂ ਜਿੰਨਾ ਤੋਂ ਮੈਨੂੰ ਚੰਡੀਗੜ੍ਹ (ਪੱਥਰਾਂ ਦੇ ਸ਼ਹਿਰ) ਵਿੱਚ ਰਹਿਣ ਦਾ ਵਲ੍ਹ ਸਿੱਖਣ ਨੂੰ ਮਿਲਿਆ। ਜਿਨ੍ਹਾਂ ਵਿਚੋਂ ਸ. ਜਸਵਿੰਦਰ ਸਿੰਘ ਭੱਲਾ (ਪੰਜਾਬੀ ਫ਼ਿਲਮੀ ਐਕਟਰ), ਸ਼੍ਰੀ ਬਾਲ ਮੁਕੰਦ ਸ਼ਰਮਾ (ਫੂਡ ਕਮਿਸ਼ਨਰ, ਪੰਜਾਬ), ਸ.ਬਲਕਾਰ ਸਿੰਘ ਸਿੱਧੂ (ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ), ਮਨਜੀਤ ਕੌਰ ਮੀਤ (ਸਾਬਕਾ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ), ਕਿਰਨ ਰਾਜਪੂਤ, ਰਾਜਦੀਪ ਕੌਰ (ਜਨਰਲ ਸਕੱਤਰ ਪੀ. ਐਸ. ਆਰਟਸ ਐਂਡ ਕਲਚਰਲ ਸੁਸਾਇਟੀ, ਮੁਹਾਲੀ (ਚੰਡੀਗੜ੍ਹ), ਊਰਦੂ ਗ਼ਜ਼ਲਕਾਰ ਸ਼੍ਰੀ ਰਾਮ ਅਰਸ਼, ਲਿੱਲੀ ਸਵਰਨ (ਤ੍ਰੈਭਾਸ਼ੀ ਕਵਿਤੱਰੀ), ਪ੍ਰਭਜੋਤ ਕੌਰ ਢਿੱਲੋਂ (ਨਾਮਵਰ ਪੰਜਾਬੀ ਲੇਖਿਕਾ), ਅਮਰਜੀਤ ਕੌਰ ਧੂਹਾ, ਰਿਟਾਇਰਡ ਲੈਕਚਰਾਰ ਸ.ਤੇਜਾ ਸਿੰਘ ਧੂਹਾ, ਜਸਵਿੰਦਰ ਕੌਰ ਸੋਹਲ (ਪ੍ਰਧਾਨ ਹਿਊਮਨ ਰਾਇਟਸ ਮਹਿਲਾ ਵਿੰਗ ਪੰਜਾਬ), ਮਿਲੀ ਗਰਗ (ਪ੍ਰਧਾਨ ਮਹਿਲਾ ਮੋਰਚਾ ਬੀਜੇਪੀ ਪੰਜਾਬ)

**ਪਰਵੀਨ ਸੰਧੂਪ੍ਰਧਾਨ ਪੀ.ਐਸ.**
**ਆਰਟਸ ਐਂਡ ਕਲਚਰਲ ਸੋਸਾਇਟੀ**
**ਮੁਹਾਲੀ (ਚੰਡੀਗੜ੍ਹ)**

# ਪਿੰਡ ਬੇਗੂ ਵਿੱਚ ਸਿਆਸੀ ਆਗੂਆਂ ਦਾ ਦਾਖ਼ਲਾ ਬੰਦ

**ਸਿਰਸਾ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਇਥੋਂ ਦੇ ਪਿੰਡ ਸ਼ਾਹਪੁਰ ਬੇਗੂ ਦੀ ਪੰਚਾਇਤ ਘਰ ਵਿੱਚ ਅੱਜ ਲੋਕਾਂ ਦੀ ਮੀਟਿੰਗ ਹੋਈ ਜਿਸ ਵਿੱਚ ਫੈਸਲਾ ਲਿਆ ਗਿਆ ਕਿ ਕਿਸੇ ਵੀ ਨੇਤਾ ਨੂੰ ਪਿੰਡ ਵਿੱਚ ਨਹੀਂ ਆਉਣ ਦਿੱਤਾ ਜਾਵੇਗਾ ਤੇ ਨਾ ਹੀ ਪਿੰਡ ਦੇ ਲੋਕ ਵੋਟਾਂ ਪਾਉਣਗੇ। ਮੀਟਿੰਗ 'ਚ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਗੋਲਡੀ ਬਜਾਜ, ਸਰਪੰਚ ਗੁਰਤੇਜ ਸਿੰਘ ਨੇ ਕਿਹਾ ਕਿ ਪਿੰਡ ਬੇਗੂ ਏਰੀਏ ਦੀਆਂ ਜ਼ਮੀਨ ਦੀਆਂ ਰਜਿਸਟਰੀਆਂ ਪਿਛਲੇ ਲੰਮੇ ਸਮੇਂ ਤੋਂ ਬੰਦ ਕੀਤੀਆਂ ਹੋਈਆਂ ਹਨ, ਜਿਸ ਕਾਰਨ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੈਂਕ ਤੋਂ ਨਾ ਤਾਂ ਕਰਜ਼ਾ ਮਿਲ ਰਿਹਾ ਹੈ ਅਤੇ ਨਾ ਹੀ ਕੋਈ ਵਿਅਕਤੀ ਆਪਣੀ ਜ਼ਮੀਨ ਨੂੰ ਵੇਚ ਖਰੀਦ ਕਰ ਪਾ ਰਿਹਾ ਹੈ। ਜ਼ਮੀਨ ਦੀਆਂ ਰਜਿਸਟਰੀਆਂ ਬੰਦ ਕੀਤੇ ਜਾਣ ਦੇ ਵਿਰੋਧ ਵਿੱਚ ਅੱਜ ਪਿੰਡ ਵਾਸੀ ਇਕੱਠੇ ਹੋਏ ਹਨ। ਇਸ ਤੋਂ ਇਲਾਵਾ ਪਿੰਡ ਵਿੱਚ ਪਿਛਲੇ ਕਈ ਸਾਲਾਂ ਤੋਂ ਪੀਣ ਲਈ ਗੰਦਾ ਪਾਣੀ ਆ ਰਿਹਾ ਹੈ। ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਅੱਜ ਤੱਕ ਸਾਫ਼ ਪਾਣੀ ਮੁਹੱਈਆ ਨਹੀਂ ਕਰਵਾਇਆ ਗਿਆ। ਇਨ੍ਹਾਂ ਸਮੱਸਿਆਵਾਂ ਬਾਰੇ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਈ ਵਾਰ ਲਿਖਤੀ ਤੇ ਜ਼ੁਬਾਨੀ ਦੱਸਿਆ ਗਿਆ ਹੈ ਪਰ ਕਿਸੇ ਦੇ ਕੰਨ੍ਹਾਂ 'ਤੇ ਕੋਈ ਜੂੰ ਨਹੀਂ ਸਰਕੀ।

# ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਦੀ ਰਣਨੀਤੀ ਨੂੰ ਲੈ ਕੇ ਕੀਤੀ ਅਹਿਮ ਮੀਟਿੰਗ

## ਮੁੱਖ ਮੰਤਰੀ ਅਗਵਾਈ ਹੇਠ ਹੋਈ ਮੀਟਿੰਗ, ਡਾ: ਸੰਦੀਪ ਪਾਠਕ, ਸੰਸਦ ਮੈਂਬਰ ਸੰਜੇ ਸਿੰਘ, ਪ੍ਰਿੰਸੀਪਲ ਬੁੱਧ ਰਾਮ, ਸਾਰੇ 'ਆਪ' ਵਿਧਾਇਕ, ਹਲਕਾ ਇੰਚਾਰਜ ਅਤੇ ਸੰਸਦ ਉਮੀਦਵਾਰ ਹੋਏ ਸ਼ਾਮਲ

ਮੁਹਾਲੀ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਦੀ ਰਣਨੀਤੀ 'ਤੇ ਚਰਚਾ ਕਰਨ ਲਈ ਇਕ ਅਹਿਮ ਮੀਟਿੰਗ ਕੀਤੀ। ਮੀਟਿੰਗ 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ 'ਆਪ' ਦੇ ਕੌਮੀ ਸਕੱਤਰ ਡਾਕਟਰ ਸੰਦੀਪ ਪਾਠਕ, ਦੋ ਵਾਰ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ, 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਕੈਬਨਿਟ ਮੰਤਰੀ ਅਤੇ 'ਆਪ' ਦੇ ਸਾਰੇ ਵਿਧਾਇਕ ਹਾਜ਼ਰ ਸਨ।



ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੀਟਿੰਗ ਵਿੱਚ ਸਕਾਰਾਤਮਕ ਮਾਹੌਲ ਰਿਹਾ। ਮਾਨ ਸਾਹਬ, ਪਾਠਕ ਜੀ ਅਤੇ ਸੰਜੇ ਸਿੰਘ ਜੀ ਨੇ ਆਗਾਮੀ ਚੋਣਾਂ ਲਈ ਪੰਜਾਬ ਦੇ ਵਿਧਾਇਕਾਂ, ਹਲਕਾ ਇੰਚਾਰਜਾਂ ਅਤੇ 'ਆਪ' ਦੇ ਲੋਕ ਸਭਾ ਉਮੀਦਵਾਰਾਂ ਨਾਲ ਆਪਣਾ ਤਜਰਬਾ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸਾਡੇ ਸਾਰੇ ਸੀਨੀਅਰ ਆਗੂਆਂ ਨੇ ਮੀਟਿੰਗ ਵਿੱਚ ਆਪਣਾ ਮੰਤਰ ਸਾਂਝਾ ਕੀਤਾ ਅਤੇ ਦੱਸਿਆ ਕਿ ਅਸੀਂ ਪੰਜਾਬ ਦੀਆਂ ਸਾਰੀਆਂ 13 ਸੀਟਾਂ ਕਿਵੇਂ ਜਿੱਤਣ ਜਾ ਰਹੇ ਹਾਂ।

ਉਨ੍ਹਾਂ ਕਿਹਾ ਕਿ ਅਸੀਂ ਆਪਣੀਆਂ ਨੀਤੀਆਂ, ਫੈਸਲਿਆਂ ਅਤੇ ਕੰਮਾਂ ਨੂੰ ਪੰਜਾਬ ਦੇ ਹਰ ਘਰ ਵਿੱਚ ਪਹੁੰਚਾਉਣ ਦੀ ਗੱਲ ਕੀਤੀ ਹੈ। ਇਸ ਦੇ ਨਾਲ ਹੀ ਅਸੀਂ ਲੋਕਾਂ ਨੂੰ ਦੱਸਾਂਗੇ ਕਿ ਕਿਸ ਤਰ੍ਹਾਂ ਭਾਜਪਾ ਸਾਡੇ ਦੇਸ਼ ਵਿੱਚ ਲੋਕਤੰਤਰ ਦਾ ਘਾਣ ਕਰਨ ਲਈ ਈਡੀ ਅਤੇ ਸੀਬੀਆਈ ਦੀ ਦੁਰਵਰਤੋਂ ਕਰ ਰਹੀ ਹੈ।

ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਿਰਫ਼ 2 ਸਾਲਾਂ ਵਿੱਚ ਪੰਜਾਬ ਵਿੱਚ ਚਾਰ ਵੱਡੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਡੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਦਿੱਤੀ ਗਈ ਸਾਡੀ ਵੱਡੀ ਗਾਰੰਟੀ, ਹਰ ਕਿਸੇ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ, ਸਾਡੀ ਸਰਕਾਰ ਬਣਨ ਤੋਂ ਬਾਅਦ ਦੋ ਮਹੀਨਿਆਂ ਵਿੱਚ ਪੂਰੀ ਹੋ ਗਈ। ਅੱਜ ਪੰਜਾਬ ਦੇ 90% ਤੋਂ ਵੱਧ ਘਰਾਂ ਨੂੰ ਜ਼ੀਰੋ ਬਿਜਲੀ ਦਾ ਬਿੱਲ ਆ ਰਿਹਾ ਹੈ। ਅਸੀਂ ਲਗਾਤਾਰ ਸਕੂਲ ਆਫ਼ ਐਮੀਨੈਂਸ ਅਤੇ ਆਮ ਆਦਮੀ ਕਲੀਨਿਕ ਬਣਾ ਰਹੇ ਹਾਂ। ਸਾਡੇ ਬੱਚੇ ਮੁਫਤ ਵਿਸ਼ਵ ਪੱਧਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਹਰ ਕਿਸੇ ਨੂੰ ਮੁਹੱਲਾ ਕਲੀਨਿਕਾਂ ਵਿੱਚ ਮੁਫਤ ਸਿਹਤ ਸਹੂਲਤਾਂ ਮਿਲ ਰਹੀ ਹੈ। ਚੀਮਾ ਨੇ ਕਿਹਾ ਕਿ ਮਾਨ ਸਰਕਾਰ ਨੇ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਖਰੀਦ ਕੇ ਪੰਜਾਬ ਦੇ ਲੋਕਾਂ ਨੂੰ ਦੇ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਸਭ ਕੁਝ ਸਿਰਫ਼ ਦੋ ਸਾਲਾਂ ਵਿੱਚ ਹੀ ਹਾਸਲ ਕਰ ਲਿਆ। ਅਸੀਂ ਸ਼ਹੀਦਾਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਐਕਸ-ਗ੍ਰੇਸ਼ੀਆ ਦੇ ਰਹੇ ਹਾਂ। ਅਸੀਂ 14 ਟੋਲ ਪਲਾਜ਼ੇ ਬੰਦ ਕਰਕੇ ਆਮ ਲੋਕਾਂ ਦਾ ਆਰਥਿਕ ਬੋਝ ਘਟਾਇਆ ਹੈ। ਅਸੀਂ ਯੋਗਤਾ ਦੇ ਆਧਾਰ 'ਤੇ ਪੰਜਾਬ ਦੇ ਨੌਜਵਾਨਾਂ ਨੂੰ 43000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਸਾਡੀ ਸਰਕਾਰ ਨੇ 13000 ਕੱਚੇ ਅਧਿਆਪਕਾਂ ਨੂੰ ਰੈਗੂਲਰ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਜੋਂ ਸਾਡਾ ਦੋ ਸਾਲਾਂ ਦਾ ਰਿਪੋਰਟ ਕਾਰਡ ਪ੍ਰਭਾਵਸ਼ਾਲੀ ਹੈ ਅਤੇ ਅੱਜ ਸਾਡੀ ਪਾਰਟੀ ਦੇ ਪ੍ਰਮੁੱਖ ਆਗੂਆਂ ਨੇ ਸਾਂਝਾ ਕੀਤਾ ਕਿ ਕਿਵੇਂ ਅਸੀਂ ਆਪਣੇ ਸਾਰੇ ਕੰਮਾਂ, ਪ੍ਰਾਪਤੀਆਂ ਅਤੇ ਪੰਜਾਬ ਪੱਖੀ ਫੈਸਲਿਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਡੇ ਲੋਕ ਸਭਾ ਉਮੀਦਵਾਰ, ਵਲੰਟੀਅਰ ਅਤੇ ਆਗੂ ਘਰ-ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕਰਨਗੇ, ਮੀਟਿੰਗਾਂ ਕਰਨਗੇ। ਇਸ ਦੇ ਨਾਲ ਹੀ ਅਸੀਂ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ, ਉਨ੍ਹਾਂ ਦੀ ਤਾਨਾਸ਼ਾਹੀ, ਦੇਸ਼ ਵਿੱਚ ਭਾਜਪਾ ਦੀ ਅਣ-ਐਲਾਨੀ ਐਮਰਜੈਂਸੀ ਦਾ ਵਿਰੋਧ ਕਰਦੇ ਰਹਾਂਗੇ।

'ਆਪ' ਆਗੂ ਨੇ ਕਿਹਾ ਕਿ ਪ੍ਰਚਾਰ ਦੌਰਾਨ ਉਹ ਲੋਕਾਂ ਨੂੰ ਇਹ ਵੀ ਦੱਸਣਗੇ ਕਿ ਕਿਵੇਂ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸ ਵਿੱਚ ਜੇਲ੍ਹ ਵਿੱਚ ਰੱਖਿਆ ਗਿਆ ਹੈ। ਕਿਸ ਤਰ੍ਹਾਂ ਵਿਰੋਧੀ ਪਾਰਟੀ ਦੇ ਨੇਤਾਵਾਂ ਦੇ ਖਿਲਾਫ ਹਰ ਰੋਜ਼ ਈਡੀ ਅਤੇ ਸੀਬੀਆਈ ਭੇਜੀ ਜਾ ਰਹੀ ਹੈ। ਅਸੀਂ ਇਹ ਸਾਰੀਆਂ ਗੱਲਾਂ ਪੰਜਾਬ ਦੇ ਲੋਕਾਂ ਤੱਕ ਲੈ ਕੇ ਜਾਵਾਂਗੇ। ਪੰਜਾਬ ਨੇ ਹਮੇਸ਼ਾ ਹੀ ਉਨ੍ਹਾਂ ਆਗੂਆਂ ਦਾ ਵਿਰੋਧ ਕੀਤਾ ਹੈ ਜਿਨ੍ਹਾਂ ਨੇ ਪੰਜਾਬ ਨਾਲ ਧੋਖਾ ਕੀਤਾ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਜਦੋਂ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਸਭ ਤੋਂ ਪਹਿਲਾਂ ਪੰਜਾਬ ਤੋਂ ਹੀ ਸ਼ੁਰੂ ਹੋਇਆ। ਬੀਜੇਪੀ ਅਤੇ ਅਕਾਲੀ ਦਲ ਨੇ ਤਿੰਨ ਕਾਲੇ ਕਾਨੂੰਨ ਲਿਆਂਦੇ ਅਤੇ ਦੇਸ਼ ਦੇ ਕਿਸਾਨਾਂ ਨੇ ਇਹਨਾਂ ਖਿਲਾਫ ਲੜਾਈ ਲੜੀ ਅਤੇ ਜਿੱਤੀ। ਲੋਕ ਜਾਣਦੇ ਹਨ ਕਿ ਕਿਸਾਨਾਂ ਦੇ ਧਰਨੇ ਦੌਰਾਨ 750 ਦੇ ਕਰੀਬ ਕਿਸਾਨ ਸ਼ਹੀਦ ਹੋਏ ਸਨ ਅਤੇ ਦੂਜੀ ਵਾਰ ਕਿਸਾਨ ਆਪਣੇ ਹੱਕਾਂ ਲਈ ਇਕੱਠੇ ਹੋਏ ਤਾਂ ਭਾਜਪਾ ਸਰਕਾਰ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ।

ਉਨ੍ਹਾਂ ਕਿਹਾ ਕਿ ਸਾਡੀ ਸੀਨੀਅਰ ਲੀਡਰਸ਼ਿਪ ਨੇ ਇਨ੍ਹਾਂ ਸਾਰੇ ਮੁੱਦਿਆਂ 'ਤੇ ਪੰਜਾਬ ਦੇ ਸਾਰੇ ਵਿਧਾਇਕਾਂ, ਹਲਕਾ ਇੰਚਾਰਜਾਂ ਅਤੇ ਲੋਕ ਸਭਾ ਉਮੀਦਵਾਰਾਂ ਨਾਲ ਚਰਚਾ ਕੀਤੀ ਹੈ। ਪੰਜਾਬ ਦੇ ਲੋਕ ਅਕਾਲੀ ਦਲ ਅਤੇ ਭਾਜਪਾ ਨੂੰ ਹਰਾਉਣਗੇ ਕਿਉਂਕਿ ਲੋਕ ਬੇਅਦਬੀ ਦੀਆਂ ਘਟਨਾਵਾਂ ਨੂੰ ਨਹੀਂ ਭੁੱਲੇ, ਕਾਂਗਰਸ ਨੂੰ ਪੰਜਾਬ ਵਿੱਚ ਕੋਈ ਮੌਕਾ ਨਹੀਂ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਅਤੇ ਸਾਡੀ ਰਾਜਨੀਤੀ ਦੇ ਆਧਾਰ 'ਤੇ ਆਮ ਆਦਮੀ ਪਾਰਟੀ 13-0 ਨਾਲ ਜਿੱਤ ਪ੍ਰਾਪਤ ਕਰੇਗੀ।

# ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਉੱਤੇ ਪ੍ਰਾਈਮ ਸਿਨੇਮਾ ਦੇ ਮਾਲਕ ਅਤੇ ਪ੍ਰਬੰਧਕਾਂ ਖਿਲਾਫ ਮਾਮਲਾ ਦਰਜ: ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਦੇ ਹੋਏ ਪਟਿਆਲਾ ਪੁਲਿਸ ਨੇ ਐਮਸੀਐਮਸੀ, ਪਟਿਆਲਾ (ਮੀਡੀਆ ਸਰਟੀਫਿਕੇਸ਼ਨ ਅਤੇ ਮਾਨੀਟਰਿੰਗ ਕਮੇਟੀ) ਦੀਆਂ ਸਿਫ਼ਾਰਸ਼ਾਂ 'ਤੇ ਪ੍ਰਾਈਮ ਸਿਨੇਮਾ ਦੇ ਮਾਲਕ/ਪ੍ਰਬੰਧਕਾਂ ਅਤੇ ਕਿਊਬ ਸਿਨੇਮਾ ਦੇ ਇੰਚਾਰਜ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਨੂੰ ਇੱਕ ਆਰ.ਟੀ.ਆਈ. ਕਾਰਕੁਨ ਵੱਲੋਂ 6 ਅਪ੍ਰੈਲ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੀ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਸੂਬੇ ਭਰ ਦੇ ਸਿਨੇਮਾਘਰਾਂ 'ਚ ਪੰਜਾਬ ਸਰਕਾਰ ਦੇ ਲੋਗੋ ਅਤੇ ਮੁੱਖ ਮੰਤਰੀ, ਪੰਜਾਬ ਦੀ ਮੌਜੂਦਗੀ ਵਾਲੇ ਪ੍ਰਚਾਰ ਵੀਡੀਓ ਇਸ਼ਤਿਹਾਰ ਵਜੋਂ ਦਿਖਾਏ ਜਾ ਰਹੇ ਹਨ।

ਇਸ ਸ਼ਿਕਾਇਤ ਦਾ ਤੁਰੰਤ ਨੋਟਿਸ ਲੈਂਦਿਆਂ, ਮੁੱਖ ਚੋਣ ਅਧਿਕਾਰੀ ਨੇ ਡਿਪਟੀ ਕਮਿਸ਼ਨਰ ਪਟਿਆਲਾ (ਜਿਸ ਦੇ ਅਧਿਕਾਰ ਖੇਤਰ ਵਿੱਚ ਪ੍ਰਾਈਮ ਸਿਨੇਮਾ, ਰਾਜਪੁਰਾ ਪੈਂਦਾ ਹੈ), ਸਕੱਤਰ ਲੋਕ ਸੰਪਰਕ ਵਿਭਾਗ, ਪੰਜਾਬ ਸਰਕਾਰ (ਜੋ ਪੰਜਾਬ ਸਰਕਾਰ ਦੇ ਸਾਰੇ ਇਸ਼ਤਿਹਾਰਾਂ ਲਈ ਵੱਖ-ਵੱਖ ਏਜੰਸੀਆਂ ਨੂੰ ਰਿਲੀਜ ਆਰਡਰ ਜਾਰੀ ਕਰਦੇ ਹਨ) ਤੋਂ ਇਲਾਵਾ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਕਮ ਜਿਲ੍ਹਾ ਚੋਣ ਅਧਿਕਾਰੀਆਂ ਤੋਂ ਕਿਸੇ ਵੀ ਸਿਨੇਮਾਘਰ ਵਿੱਚ ਅਜਿਹੇ ਸਰਕਾਰੀ ਇਸ਼ਤਿਹਾਰਾਂ ਦੇ ਪ੍ਰਸਾਰਣ ਦੀ ਸਥਿਤੀ ਦਾ ਪਤਾ ਲਗਾਉਣ ਲਈ ਰਿਪੋਰਟ ਮੰਗੀ ਗਈ ਸੀ।



ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਬਾਅਦ ਪ੍ਰਾਈਮ ਸਿਨੇਮਾ, ਰਾਜਪੁਰਾ ਦੇ ਮੈਨੇਜਰ ਪਰਮਜੀਤ ਸਿੰਘ ਨੂੰ 6 ਅਪ੍ਰੈਲ ਨੂੰ ਆਰ.ਓ. 113-ਘਨੌਰ/ ਏ.ਆਰ.ਓ. 13-ਪਟਿਆਲਾ ਨੇ ਨੋਟਿਸ ਜਾਰੀ ਕੀਤਾ ਅਤੇ ਨਾਲ ਹੀ ਫਲਾਇੰਗ ਸਕੁਐਡ ਵੱਲੋਂ ਉਕਤ ਸਿਨੇਮਾ ਦਾ ਦੌਰਾ ਕੀਤਾ ਗਿਆ। ਸਿਨੇਮਾਘਰ ਵਿੱਚ ਇਸ਼ਤਿਹਾਰਾਂ ਦੇ ਪ੍ਰਸਾਰਣ ਨਾਲ ਸਬੰਧਤ ਮਾਮਲਾ ਹੋਣ ਕਰਕੇ ਇਸ ਨੂੰ ਐਮਸੀਐਮਸੀ ਪਟਿਆਲਾ ਦੇ ਸਾਹਮਣੇ ਰੱਖਿਆ ਗਿਆ।

ਐਮਸੀਐਮਸੀ ਪਟਿਆਲਾ ਦੀਆਂ ਸਿਫ਼ਾਰਸ਼ਾਂ ਅਨੁਸਾਰ, ਪਟਿਆਲਾ ਪੁਲਿਸ ਵੱਲੋਂ 8 ਅਪ੍ਰੈਲ ਨੂੰ ਆਈਪੀਸੀ ਦੀ ਧਾਰਾ 188 ਅਤੇ 177 ਦੇ ਤਹਿਤ ਪ੍ਰਾਈਮ ਸਿਨੇਮਾ ਦੇ ਮਾਲਕ ਤੇ ਪ੍ਰਬੰਧਕਾਂ ਅਤੇ ਕਿਊਬ ਸਿਨੇਮਾ ਦੇ ਨੁਮਾਇੰਦਿਆਂ/ਪ੍ਰਬੰਧਕ/ਇੰਚਾਰਜ ਖਿਲਾਫ ਆਈਪੀਸੀ ਦੀ ਧਾਰਾ 188 ਦੇ ਤਹਿਤ ਪਰਚਾ ਦਰਜ ਕੀਤਾ ਗਿਆ ਹੈ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਵੱਲੋਂ ਭਾਰਤੀ ਚੋਣ ਕਮਿਸ਼ਨ ਨੂੰ ਅਗਲੇਰੀ ਕਾਰਵਾਈ ਲਈ ਰਿਪੋਰਟ ਭੇਜ ਦਿੱਤੀ ਗਈ ਹੈ । ਉਨ੍ਹਾਂ ਕਿਹਾ ਕਿ ਬਾਕੀ 22 ਜ਼ਿਲ੍ਹਿਆਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਸੂਬੇ ਦੇ ਕਿਸੇ ਹੋਰ ਹਿੱਸੇ ਤੋਂ ਅਜਿਹੀ ਕੋਈ ਘਟਨਾ ਸਾਹਮਣੇ ਨਹੀਂ ਆਈ ਹੈ।

# ਜਲਾਲਾਬਾਦ ਦੇ ਬਾਹਮਣੀ ਰੋਡ ਰੇਲਵੇ ਫਾਟਕ ਤੇ ਮਿੱਟੀ ਤੇ ਲੁੱਕ ਪਾ ਕੇ ਸੜਕ ਤਿਆਰ ਕੀਤੇ ਜਾਣ ਦੀਆਂ ਤਸਵੀਰਾਂ ਆਈਆਂ ਸਾਹਮਣੇ

ਜਲਾਲਾਬਾਦ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜਲਾਲਾਬਾਦ ਦੇ ਬਾਹਮਣੀ ਰੋਡ ਰੇਲਵੇ ਫਾਟਕ ਤੇ ਤਿਆਰ ਹੋ ਰਹੀ ਸੜਕ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ ਜਿੱਥੇ ਸੜਕ ਤਿਆਰ ਕਰਨ ਵਾਲੇ ਠੇਕੇਦਾਰ ਦੇ ਵੱਲੋਂ ਬਿਨਾਂ ਸਫਾਈ ਕੀਤੇ ਮਿੱਟੀ ਦੇ ਉੱਤੇ ਸਿੱਧੇ ਹੀ ਲੁੱਕ ਪਾਈ ਜਾ ਰਹੀ ਸੀ। ਇਸ ਗੱਲ ਦੀ ਜਾਣਕਾਰੀ ਮਿਲਣ ਤੇ ਉੱਥੇ ਪਹੁੰਚ ਜਦ ਤਸਵੀਰਾਂ ਬਣਾਈਆਂ ਗਈਆਂ ਤਾਂ ਠੇਕੇਦਾਰ ਦੇ ਵੱਲੋਂ ਆਪਣੀ ਸਫਾਈ ਪੇਸ਼ ਕੀਤੀ ਗਈ ਅਤੇ ਕੰਮ ਨੂੰ ਸਹੀ ਠਹਿਰਾਇਆ ਗਿਆ ਜਦ ਕਿ ਉੱਥੇ ਮੌਜੂਦ ਲੋਕਾਂ ਦੇ ਵੱਲੋਂ ਇਸ ਕੰਮ ਨੂੰ ਘਟੀਆ ਦਰਜੇ ਦਾ ਕਰਾਰ ਦਿੱਤਾ ਗਿਆ ਅਤੇ ਇਸ ਤੇ ਤੁਰੰਤ ਰੋਕ ਲਾਉਣ ਦੀ ਮੰਗ ਕੀਤੀ ਗਈ। ਲੋਕਾਂ ਨੇ ਸੜਕ ਨਿਰਮਾਣ ਦੇ ਕੰਮ 'ਚ ਅਣਗਹਿਲੀ ਵਰਤਣ ਦਾ ਦੋਸ਼ ਲਾਉਂਦਿਆਂ ਕਿਹਾ ਕਿ



ਸੜਕ 'ਤੇ ਲੁੱਕ ਤੇ ਬਜ਼ਰੀ ਪਾਉਣ ਤੋਂ ਪਹਿਲਾਂ ਡੰਗ ਟਪਾਊ ਕੰਮ ਕਰਦਿਆਂ ਬਿਨਾਂ ਮਿੱਟੀ-ਘੱਟਾ ਸਾਫ਼ ਕੀਤੇ ਲੁੱਕ-ਬਜ਼ਰੀ ਪਾਈ ਜਾ ਰਹੀ ਹੈ, ਜਿਸ ਕਾਰਨ ਸੜਕ ਛੇਤੀ ਟੁੱਟੇਗੀ ਅਤੇ ਇਹ ਸੜਕ ਇੱਕ ਵੀ ਬਾਰਿਸ਼ ਨਹੀਂ ਸਹਾਰ ਸਕੇਗੀ। ਆਈਆਰ ਦੇ ਵੱਲੋਂ ਤੈਨਾਤ ਕੀਤੇ ਗਏ ਮੈਸਨ ਨੇ ਵੀ ਮੰਨਿਆ ਕਿ ਇੱਥੇ ਸਹੀ ਤਰੀਕੇ ਦੇ ਨਾਲ ਸੜਕ ਨਹੀਂ ਬਣਾਈ ਜਾ ਰਹੀ ਅਤੇ ਇਸ ਸੜਕ ਦੀ ਮਿਆਦ ਜਿਆਦਾ ਨਹੀਂ ਹਵੇਗੀ।

ਇਸ ਸਬੰਧ ਦੇ ਵਿੱਚ ਰੇਲਵੇ ਦੇ ਵੱਲੋਂ ਇੱਥੇ ਡਿਊਟੀ ਤੇ ਤੈਨਾਤ ਕੀਤੇ ਗਏ ਮੈਸਨ ਦੇ ਕਹਿਣ ਦੇ ਬਾਵਜੂਦ ਵੀ ਠੇਕੇਦਾਰ ਦੇ ਵੱਲੋਂ ਲਗਾਤਾਰ ਸੜਕ ਤਿਆਰ ਕੀਤੀ ਜਾ ਰਹੀ ਹੈ।

# ਐਰੋਸਿਟੀ ਬਲਾਕ-ਏ ਵੈਲਫੇਅਰ ਸੁਸਾਇਟੀ ਵਲੋਂ ਖ਼ੂਨਦਾਨ ਕੈਂਪ ਲਗਾਇਆ



ਮੁਹਾਲੀ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਐਰੋਸਿਟੀ ਬਲਾਕ-ਏ ਵੈਲਫੇਅਰ ਸੁਸਾਇਟੀ (ਰਜਿ: 7070) ਵਲੋਂ ਪੀ.ਜੀ.ਆਈ. ਦੀ ਟੀਮ ਦੇ ਸਹਿਯੋਗ ਨਾਲ ਬੀਤੀ ਕੱਲ੍ਹ ਪਹਿਲੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿਚ 35 ਲੋਕਾਂ ਨੇ ਖ਼ੂਨਦਾਨ ਕੀਤਾ।

ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਚੰਦ ਨੇ ਦੱਸਿਆ ਕਿ ਕੈਂਪ ਦੌਰਾਨ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਕਿਰਾਏਦਾਰਾਂ ਦੀ ਵੈਰੀਫਿਕਸ਼ਨ ਲਈ ਇਕ ਕਾਊਂਟਰ ਵੀ ਲਗਾਇਆ ਗਿਆ, ਜਿਥੇ ਉਹਨਾਂ ਵਲੋਂ ਡੀ.ਐਸ..ਪੀ.(2) ਸਿਟੀ ਹਰਸਿਮਰਨ ਸਿੰਘ ਬੱਲ, ਐਸ.ਐਚ.ਓ. ਅਮਨਦੀਪ ਤਰੇਖਾ ਪੁਲਿਸ ਸਟੇਸ਼ਨ ਐਰੋਸਿਟੀ, ਏ.ਐਸ.ਆਈ. ਰਾਜੀਵ ਕੁਮਾਰ, ਐਸ.ਐਸ. ਆਹਲੂਵਾਲੀਆ, ਐਡਵੋਕੇਟ ਧਨਵੀਰ ਵਸ਼ਿਸ਼ਟ ਅਤੇ ਪੰਜਾਬ ਪੁਲਿਸ ਦੀ ਪੂਰੀ ਟੀਮ ਨੇ ਹਿੱਸਾ ਲਿਆ। ਇਸ ਦੌਰਾਨ ਹਰਸਿਮਰਨ ਸਿੰਘ ਬੱਲ ਅਤੇ ਅਮਨਦੀਪ ਸਿੰਘ ਨੇ ਲੋਕਾਂ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਅਤੇ ਕਿਰਾਏਦਾਰਾਂ ਦੀ ਵੈਰੀਫਿਕਸ਼ਨ ਜ਼ਰੂਰੀ ਕਰਵਾਉਣ ਲਈ ਵੀ ਦੱਸਿਆ।

ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਚੰਦ ਨੇ ਖ਼ੂਨਦਾਨ ਮਹਾਂਦਾਨ ਬਾਰੇ ਦੱਸਿਆ ਕਿ ਇਸ ਨਾਲ ਕਿਵੇਂ ਲੋਕਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ। ਕੈਂਪ ਵਿਚ ਆਈ.ਟੀ. ਸਿਟੀ/ਐਰੋਸਿਟੀ ਦੇ ਆਰ.ਡਬਲਿਊ. ਦੇ ਪ੍ਰਧਾਨ ਗੁਰਿੰਦਰ ਜੀ, ਬਲਾਕ ਸੀ ਦੇ ਪ੍ਰਧਾਨ ਸ਼ਿਆਮ ਜੀ, ਤੁਲੀ ਜੀ, ਉਪਲ ਜੀ, ਐਸ.ਐਸ. ਆਹਲੂਵਾਲੀਆ ਜੀ ਨੇ ਖ਼ੂਦਾਨ ਬਾਰੇ ਵਿਸਥਾਰਤ ਚਾਨਣਾ ਪਾਇਆ। ਕੁਲ ਮਿਲਾ ਕੇ ਇਹ ਪਲੇਠਾ ਖ਼ੂਨਦਾਨ ਕੈਂਪ ਯਾਦਗਾਰੀ ਹੋ ਨਿਬੜਿਆ।

# ਜ਼ਿਲ੍ਹਾ ਪੁਲਿਸ ਨੇ ਗੈਰ ਸਮਾਜੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਨਸ਼ੀਲਾ ਪਾਊਡਰ ਕੀਤਾ ਬਰਾਮਦ

ਸ੍ਰੀ ਅਨੰਦਪੁਰ ਸਾਹਿਬ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਗੁਲਨੀਤ ਸਿੰਘ ਖੁਰਾਨਾ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਜੇ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਿਸ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਵਿੱਚ ਲੋਕ ਸਭਾ ਚੋਣਾ ਦੇ ਮੱਦੇਨਜ਼ਰ ਮਾੜੇ ਅਨਸਰਾ ਨੂੰ ਕਾਬੂ ਕਰਨ ਅਤੇ ਗੈਰ ਕਾਨੂੰਨੀ ਗਤੀਵਿਧੀਆ ਨੂੰ ਨੱਥ ਪਾਉਣ ਸਬੰਧੀ ਮੁਹਿੰਮ ਵਿੱਢੀ ਗਈ ਹੈ।

ਜਿਸਦੇ ਤਹਿਤ ਇੰਸਪੈਕਟਰ ਹਿੰਮਤ ਸਿੰਘ ਮੁੱਖ ਅਫਸਰ ਥਾਣਾ ਸ੍ਰੀ ਅਨੰਦਪੁਰ ਸਾਹਿਬ ਦੀ ਟੀਮ ਵੱਲੋ 07.04.2024 ਨੂੰ ਭਾਖੜਾ ਨਹਿਰ ਪਟੜੀ ਗੰਗੂਵਾਲ ਤੋ ਬੀਕਾਪੁਰ ਸਾਈਡ ਨੂੰ ਜਾਦੇਂ ਸਮੇ ਪੱਟੜੀ ਪਰ ਬਣੇ ਗੇਟ ਪਾਸ ਨਾਕਾਬੰਦੀ ਕਰਕੇ ਸ਼ੱਕੀ ਵਹੀਕਲਾ ਦੀ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਇੱਕ ਕਾਰ ਨੰਬਰ PB-ABS-0301 ਰੰਗ ਚਿੱਟਾ ਮਾਰਕਾ ਵਰਨਾ ਜਿਸ ਵਿੱਚ 04 ਨੌਜਵਾਨ ਸਵਾਰ ਸਨ, ਜਿਹਨਾ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਜਿਹਨਾ ਨੂੰ ਕਾਬੂ ਕੀਤਾ ਗਿਆ, ਜਿਹਨਾ ਦੀ ਪਹਿਚਾਣ ਮਨਿੰਦਰਜੀਤ ਸਿੰਘ ਉਰਫ ਮਨੂੰ ਪੁੱਤਰ ਦਲਬੀਰ ਸਿੰਘ ਵਾਸੀ ਪਾਵਰ ਕਾਲੋਨੀ ਮਕਾਨ ਨੰਬਰ 03 ਟਾਇਪ-02 ਸ੍ਰੀ ਅਨੰਦਪੁਰ ਸਾਹਿਬ, ਕਿਰਨਦੀਪ ਸਿੰਘ ਉਰਫ ਕਿਨੂੰ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਮਾਗੇਵਾਲ ਥਾਣਾ ਸ੍ਰੀ ਅਨੰਦਪੁਰ ਸਾਹਿਬ, ਦਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਸ਼ਾਮਪੁਰਾ ਨਿਊ ਕਲੋਨੀ ਰੂਪਨਗਰ ਅਤੇ ਜਸਵਿੰਦਰ ਸਿੰਘ ਉਰਫ ਜੱਸ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਢੇਰ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਜੋਂ ਹੋਈ।

ਉਕਤ ਕਾਰ ਵਿੱਚੋ 255 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ ਹੈ। ਦੋਸ਼ੀਆ ਖਿਲਾਫ ਮੁਕੱਦਮਾ ਨੰਬਰ 40 ਮਿਤੀ 07.04,2024 ਅ/ਧ 22.61.85 ਐਨ.ਡੀ.ਪੀ.ਐਸ. ਐਕਟ ਥਾਣਾ ਸ੍ਰੀ ਅਨੰਦਪੁਰ ਸਾਹਿਬ ਦਰਜ ਰਜਿਸਟਰ ਕੀਤਾ ਗਿਆ।



ਦੋਸ਼ੀਆ ਨੂੰ ਮਿਤੀ 08.04.2024 ਨੂੰ ਮਾਨਯੋਗ ਅਦਾਲਤ ਵਿਖੇ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਮੁਕੱਦਮੇ ਦੀ ਤਫਤੀਸ਼ ਜਾਰੀ ਹੈ।

ਮੁੱਖ ਅਫਸਰ ਥਾਣਾ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਕਿਸੇ ਵੀ ਤਰਾਂ ਦੀ ਗੈਰ ਕਾਨੂੰਨੀ ਗਤੀਵਿਧੀ ਕਰਨ ਵਾਲੇ ਵਿਅਕਤੀਆ ਨੂੰ ਨਹੀਂ ਬਖਸ਼ਿਆ ਜਾਵੇਗਾ ਅਤੇ ਉਹਨਾ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਆਪਣੇ ਆਸ-ਪਾਸ ਜੇਕਰ ਕੋਈ ਗੈਰ ਕਾਨੂੰਨੀ ਗਤੀਵਿਧੀ ਹੋਣ ਦੀ ਸੂਚਨਾ ਮਿਲਦੀ ਹੈ ਤਾਂ ਤੁਰੰਤ ਇਸ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ।

# ਪੈਫਲੇਂਟ ਜਾਂ ਪੋਸਟਰ ਆਦਿ 'ਤੇ ਪ੍ਰਕਾਸ਼ਕ, ਪ੍ਰਕਾਸ਼ਨ ਕਰਵਾਉਣ ਵਾਲੇ ਦਾ ਨਾਂਅ ਹੋਣਾ ਜਰੂਰੀ

ਚੰਡੀਗੜ੍ਹ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਲੋਕਸਭਾ ਚੋਣ 2024 ਦੌਰਾਨ ਪ੍ਰਚਾਰ ਸਮੱਗਰੀ ਦਾ ਪ੍ਰਕਾਸ਼ਨ ਕਰਨ ਦੇ ਲਈ ਪੋਸਟਰ ਜਾਂ ਪੰਫਲੇਟ 'ਤੇ ਪ੍ਰਕਾਸ਼ਨ ਕਰਨ ਵਾਲੇ ਦਾ ਨਾਂਅ ਪ੍ਰਕਾਸ਼ਨ ਕਰਵਾਉਣ ਵਾਲੇ ਦਾ ਨਾਂਅ ਅਤੇ ਕਾਪੀਆਂ ਦੀ ਗਿਣਤੀ ਛਪੀ ਹੋਣੀ ਚਾਹੀਦੀ ਹੈ।

ਚੋਣ ਵਿਭਾਗ ਵੱਲੋਂ ਚੋਣ ਖਰਚ ਦੇ ਵੇਰਵੇ 'ਤੇ ਪੂਰੀ ਨਿਗਰਾਨੀ ਰੱਖੀ ਜਾਵੇਗੀ। ਇਸ ਲਈ ਪ੍ਰਿੰਟਿੰਗ ਪ੍ਰੈਸ ਸੰਚਾਲਕ ਏਨੇਕਸਚਰ ਫਾਰਮ ਵਨ ਅਤੇ ਬੀ ਭਰ ਕੇ ਇਹ ਸਪਸ਼ਟ ਕਰਣਗੇ ਕਿ ਪ੍ਰਚਾਰ ਦੀ ਸਮੱਗਰੀ ਕਿਸੇ ਪ੍ਰੈਸ ਤੋਂ ਛਪਵਾਈ ਗਈ ਅਤੇ ਇਸ ਸਮੱਗਰੀ ਨੂੰ ਛਪਵਾਉਣ ਵਾਲਾ ਕੌਣ ਹੈ। ਨਾਲ ਹੀ ਕਿੰਨ੍ਹੀ ਕਾਪੀਆਂ ਛਾਪੀ ਗਈਆਂ ਹਨ, ਇਹ ਬਿਊਰਾ ਵੀ ਪ੍ਰੈਸ ਸੰਚਾਲਕਾਂ ਨੂੰ ਦੇਣਾ ਹੋਵੇਗਾ।

ਚੋਣ ਪ੍ਰਚਾਰ ਦੀ ਸਮੱਗਰੀ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਪ੍ਰੈਸ ਸੰਚਾਲਕ ਇਸ ਗੱਲ ਦੀ ਜਾਂਚ ਕਰ ਲੈਣ ਕਿ ਪ੍ਰਚਾਰ ਸਮੱਗਰੀ ਦੀ ਭਾਸ਼ਾ ਅਤੇ ਵਿਸ਼ਾ ਵਸਤੂ ਵਿਚ ਕੋਈ ਇਤਰਾਜਜਨਕ ਸ਼ਬਦ ਤਾਂ ਨਹੀਂ ਹਨ। ਪ੍ਰਚਾਰ ਸਮੱਗਰੀ ਦੀ ਭਾਸ਼ਾ ਕਿਸੇ ਵਿਅਕਤੀ ਜਾਂ ਪਾਰਟੀ ਦੇ ਪ੍ਰਤੀ ਇਤਰਾਜਜਨਕ ਨਹੀਂ ਹੋਣੀ ਚਾਹੀਦੀ ਹੈ। ਇਹ ਸ਼ਿਕਾਇਤ ਕਿਤੇ ਪਾਈ ਗਈ ਤਾਂ ਪ੍ਰਕਾਸ਼ਨ ਕਰਵਾਉਣ ਵਾਲੇ ਅਤੇ ਪ੍ਰਕਾਸ਼ਕ ਦੋਵਾਂ ਦੇ ਖਿਲਾਫ ਜਨਪ੍ਰਤੀਨਿਧੀ ਐਕਟ, 1951 ਦੀ ਧਾਰਾ 127 ਏ ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ।

ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਹੈਂਡਬਿੱਲ, ਪੰਫਲੇਟ, ਪੋਸਟਰ, ਬੈਨਰ ਆਦਿ ਛਾਪਣ ਦਾ ਪੂਰਾ ਵੇਰਵਾ ਪ੍ਰੈਸ ਸੰਚਾਲਕ ਆਪਣੇ ਕੋਲ ਰੱਖਣਗੇ। ਇਸ ਨੂੰ ਚੋਣ ਵਿਭਾਗ ਵੱਲੋਂ ਕਦੀ ਵੀ ਮੰਗਿਆ ਜਾ ਸਕਦਾ ਹੈ। ਚੋਣ ਪ੍ਰਚਾਰ ਸਮੱਗਰੀ ਦੇ ਛਾਪਣ 'ਤੇ ਪੂਰੀ ਜਿਮੇਵਾਰੀ ਪ੍ਰਕਾਸ਼ਕ ਅਤੇ ਪ੍ਰਕਾਸ਼ਨ ਕਰਵਾਉਣ ਵਾਲੇ ਦੀ ਰਹੇਗੀ।

# 1,15,000 ਰੁਪਏ ਦੀ ਰਿਸ਼ਵਤ ਲੈਣ ਵਾਲਾ ਮੁੱਖ ਮੁਨਸ਼ੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ

ਚੰਡੀਗੜ੍ਹ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਮੰਗਲਵਾਰ ਨੂੰ ਥਾਣਾ ਜਮਾਲਪੁਰ, ਕਮਿਸ਼ਨਰੇਟ ਲੁਧਿਆਣਾ ਅਧੀਨ ਪੈਂਦੀ ਪੁਲਿਸ ਚੌਕੀ ਰਾਮਗੜ੍ਹ ਵਿਖੇ ਮੁੱਖ ਮੁਨਸ਼ੀ ਵਜੋਂ ਤਾਇਨਾਤ ਹੌਲਦਾਰ ਸੁਖਦੇਵ ਸਿੰਘ ਨੂੰ ਦੋ ਕਿਸ਼ਤਾਂ ਵਿੱਚ 1,15,000 ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਿਸ ਮੁਲਾਜ਼ਮ ਨੂੰ ਜਨਕਪੁਰੀ, ਲੁਧਿਆਣਾ ਸ਼ਹਿਰ ਦੇ ਵਸਨੀਕ ਕਪਿਲ ਓਬਰਾਏ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਹੌਲਦਾਰ ਸੁਖਦੇਵ ਸਿੰਘ ਨੇ ਹੋਰ ਪੁਲਿਸ ਮੁਲਾਜ਼ਮਾਂ ਨਾਲ ਮਿਲ ਕੇ ਸ਼ਿਕਾਇਤਕਰਤਾ ਦੇ ਚਾਚਾ ਸਕਰੈਪ ਡੀਲਰ ਕੈਲਾਸ਼ ਗਰਗ ਨੂੰ ਪੁਲਿਸ ਚੌਕੀ ਰਾਮਗੜ੍ਹ ਵਿਖੇ ਲਿਆਂਦਾ ਅਤੇ ਚੋਰੀ ਦਾ ਸਕਰੈਪ ਸਮਾਨ ਖਰੀਦਣ ਦੇ ਬਹਾਨੇ ਉਸ ਨੂੰ ਧਮਕੀਆਂ ਦਿੱਤੀਆਂ ਅਤੇ ਉਸ ਦੇ ਲੜਕੇ ਦੀਪਕ ਗਰਗ ਤੋਂ 65,000 ਅਤੇ 50,000 ਰੁਪਏ ਦੀਆਂ ਦੋ ਕਿਸ਼ਤਾਂ ਵਿੱਚ 1,15,000 ਰੁਪਏ ਦੀ ਰਿਸ਼ਵਤ ਦੀ ਰਕਮ ਜ਼ਬਰਦਸਤੀ ਲੈ ਲਈ ਅਤੇ ਇਸ ਤੋਂ ਬਾਅਦ ਸਕਰੈਪ ਡੀਲਰ ਕੈਲਾਸ਼ ਗਰਗ ਨੂੰ ਬਿਨਾ ਕਿਸੇ ਕਾਨੂੰਨੀ ਕਾਰਵਾਈ ਕੀਤਿਆਂ ਛੱਡ ਦਿੱਤਾ। ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਇਹ ਵੀ ਪਾਇਆ ਗਿਆ ਹੈ ਕਿ ਰਿਹਾਲ ਨਾਮ ਦੇ ਇੱਕ ਵਿਅਕਤੀ ਦੇ ਰਿਸ਼ਤੇਦਾਰ ਸੋਬੂ ਨੇ ਉਪਰੋਕਤ ਕੈਲਾਸ਼ ਗਰਗ ਨੂੰ ਚੋਰੀ ਸਕਰੈਪ ਦਾ ਸਮਾਨ ਵੇਚਿਆ ਸੀ ਅਤੇ ਇਸ ਸਕਰੈਪ ਵੇਚ ਕੇ ਸੋਬੂ ਨੇ ਉਸ ਪਾਸੋਂ 2,82,000 ਰੁਪਏ ਦੀ ਰਕਮ ਪ੍ਰਾਪਤ ਕੀਤੀ ਸੀ।



ਉਨ੍ਹਾਂ ਅੱਗੇ ਖੁਲਾਸਾ ਕੀਤਾ ਕਿ ਉਪਲਬਧ ਬਿਆਨਾ ਅਤੇ ਰਿਕਾਰਡਿੰਗਾਂ ਅਨੁਸਾਰ ਉਕਤ ਹੌਲਦਾਰ ਸੁਖਦੇਵ ਸਿੰਘ ਨੇ ਵੀ ਸੋਬੂ ਵਿਰੁੱਧ ਕਾਨੂੰਨੀ ਕਾਰਵਾਈ ਨਾ ਕਰਨ ਦੇ ਬਹਾਨੇ ਰਿਹਾਲ ਤੋਂ 5 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ, ਜਿਸ ਨੇ ਡੀਲਰ ਕੈਲਾਸ਼ ਗਰਗ ਨੂੰ ਚੋਰੀ ਦਾ ਸਕਰੈਪ ਵੇਚ ਕੇ 2,82,000 ਰੁਪਏ ਲਏ ਸਨ।

ਉਨ੍ਹਾਂ ਦੱਸਿਆ ਕਿ ਪੜਤਾਲ ਦੌਰਾਨ ਉਕਤ ਮੁਲਾਜ਼ਮ ਸੁਖਦੇਵ ਸਿੰਘ 'ਤੇ ਰਿਸ਼ਵਤ ਦੀ ਰਕਮ ਮੰਗਣ ਅਤੇ ਸਵੀਕਾਰ ਕਰਨ ਦੇ ਦੋਸ਼ ਸਾਬਤ ਹੋ ਗਏ ਹਨ ਅਤੇ ਦੋਸ਼ੀ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਅਗਲੇਰੀ ਜਾਂਚ ਦੌਰਾਨ ਪੁਲਿਸ ਚੌਕੀ ਰਾਮਗੜ੍ਹ ਦੇ ਇੰਚਾਰਜ ਏ.ਐਸ.ਆਈ. ਬਰਿੰਦਰਜੀਤ ਸਿੰਘ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਸੁਖਦੇਵ ਸਿੰਘ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਜ਼ਿਲ੍ਹੇ ਵਿੱਚ ਪਾਣੀ ਦੀਆਂ ਟੈਂਕੀਆਂ ਉਪਰ ਚੜ੍ਹਨ 'ਤੇ ਪਾਬੰਦੀ ਜਾਰੀ

ਪਟਿਆਲਾ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ (ਪਿੰਡਾਂ ਅਤੇ ਸ਼ਹਿਰਾਂ) ਵਿੱਚ ਬਣੀਆਂ ਪਾਣੀ ਦੀਆਂ ਟੈਂਕੀਆਂ ਉਪਰ ਕਿਸੇ ਕਿਸਮ ਦੇ ਵਿਖਾਵੇ ਲਈ ਚੜ੍ਹਨ 'ਤੇ ਪਾਬੰਦੀ ਲਗਾਈ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਇਹਨਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹੇ ਵਿੱਚ ਹੋ ਰਹੀਆਂ ਘਟਨਾਵਾਂ ਸਬੰਧੀ ਆਏ ਦਿਨ ਵੱਖ-ਵੱਖ ਜਥੇਬੰਦੀਆਂ, ਯੂਨੀਅਨਾਂ ਅਤੇ ਆਮ ਪਬਲਿਕ ਵੱਲੋਂ ਆਪਣੀਆਂ ਮੰਗਾਂ ਮਨਵਾਉਣ ਲਈ ਸ਼ਹਿਰਾਂ ਅਤੇ ਪਿੰਡਾਂ ਵਿੱਚ ਬਣੀਆਂ ਹੋਈਆਂ ਪਾਣੀ ਦੀਆਂ ਟੈਂਕੀਆਂ ਉਪਰ ਚੜ੍ਹ ਕੇ ਪ੍ਰਦਰਸ਼ਨ ਕਰਦੇ ਹੋਏ ਪ੍ਰਦਰਸ਼ਨਕਾਰੀ ਜਾਨ ਨੂੰ ਵੀ ਖਤਰੇ ਵਿੱਚ ਪਾ ਲੈਂਦੇ ਹਨ। ਪਿਛਲੇ ਸਮੇਂ ਵਿੱਚ ਵਾਪਰੀਆਂ ਅਜਿਹੀਆਂ ਕਈ ਘਟਨਾਵਾਂ ਕਾਰਨ ਅਮਨ ਤੇ ਕਾਨੂੰਨ ਦੀ ਸਥਿਤੀ ਦੇ ਭੰਗ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ।

# ਸੀਈਸੀ ਸੀਜੀਸੀ ਲਾਂਡਰਾਂ ਵਿਖੇ ਏਆਈ ਸਕਿੱਲ ਲੈਬ ਦਾ ਉਦਘਾਟਨ



ਮੁਹਾਲੀ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਇੰਜਨੀਅਰਿੰਗ ਕਾਲਜ (ਸੀਈਸੀ)-ਸੀਜੀਸੀ ਲਾਂਡਰਾਂ ਵਿਖੇ ਏਆਈ ਫਾਰ ਯੂਥ ਉਪਰਾਲੇ ਤਹਿਤ ਇੰਟੈਲ ਅਤੇ ਡੈਲ ਟੈਕਨਾਲੋਜੀ ਦੇ ਸਹਿਯੋਗ ਸਦਕਾ ਇੱਕ ਆਧੁਨਿਕ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਸਕਿੱਲ ਲੈਬ ਸਥਾਪਿਤ ਕੀਤੀ ਗਈ ਹੈ। ਇਸ ਲੈਬ ਦਾ ਉਦਘਾਟਨ ਸੀਜੀਸੀ ਲਾਂਡਰਾਂ ਦੇ ਪ੍ਰਧਾਨ ਸ.ਰਸ਼ਪਾਲ ਸਿੰਘ ਧਾਲੀਵਾਲ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਪੂਜਾ ਜੀ, ਪ੍ਰੋਗਰਾਮ ਮੈਨੇਜਰ, ਇੰਟੇਲ, ਸ਼੍ਰੀ ਪ੍ਰੀਤਿਸ਼ ਗੁੰਬਰ, ਅਕਾਊਂਟ ਮੈਨੇਜਰ, ਉੱਤਰੀ ਅਤੇ ਕੇਂਦਰੀ, ਡੈਲ ਟੈਕਨਾਲੋਜੀ, ਡਾ.ਪੀ.ਐਨ. ਰੀਸ਼ੀਕੇਸ਼ਾ, ਕੈਂਪਸ ਡਾਇਰੈਕਟਰ, ਸੀਜੀਸੀ ਲਾਂਡਰਾਂ, ਡਾ.ਰਾਜਦੀਪ ਸਿੰਘ, ਕਾਰਜਕਾਰੀ ਨਿਰਦੇਸ਼ਕ ਇੰਜੀਨੀਅਰਿੰਗ, ਡਾ.ਸੁਖਪ੍ਰੀਤ ਕੌਰ, ਐਚਓਡੀ, ਸੀਐਸਈ, ਸੀਈਸੀ-ਸੀਜੀਸੀ ਲਾਂਡਰਾਂ, ਆਦਿ ਹਾਜ਼ਰ ਸਨ।

ਏਆਈ ਫਾਰ ਯੂਥ ਉਪਰਾਲੇ ਤਹਿਤ ਇਹ ਲੈਬ 25 ਤੋਂ ਵੱਧ ਚੋਣਵੇਂ ਫੈਕਲਟੀ ਮੈਂਬਰਾਂ ਨੂੰ ਪ੍ਰਮਾਣਿਤ ਟ੍ਰੇਨਰਾਂ ਵਜੋਂ ਸਿਖਲਾਈ ਦੇਣ ਦੇ ਨਾਲ-ਨਾਲ ਸੀਜੀਸੀ ਦੇ ਿਵਿਦਆਰਥੀਆਂ ਨੂੰ ਉਦਯੋਗ ਲਈ ਤਿਆਰ ਪੇਸ਼ੇਵਰ, ਨਵੀਨਤਾਕਾਰੀ ਅਤੇ ਉੱਤਮ ਤਕਨੀਕੀ ਗਿਆਨ ਅਤੇ ਹੁਨਰ ਪ੍ਰਦਾਨ ਕਰ ਕੇ ਭਵਿੱਖ ਲਈ ਨੌਕਰੀ ਨਿਰਮਾਤਾ ਬਣਨ ਦੇ ਸਮਰੱਥ ਬਣਾਏਗੀ। 200 ਘੰਟੇ ਦੀ ਸਿਖਲਾਈ ਪੂਰੀ ਹੋਣ ਉਪਰੰਤ ਿਵਿਦਆਰਥੀਆਂ ਨੂੰ ਇੰਟੈਲ ਅਤੇ ਡੈਲ ਟੈਕਨਾਲੋਜੀ ਵੱਲੋਂ ਸਰਟੀਫਿਕੇਟ ਦਿੱਤੇ ਜਾਣਗੇ। ਡੈਲ ਆਪਟੀਪਲੇਕਸ ਕੰਪਿਊਟਰਾਂ ਅਤੇ ਇੰਟੈਲ ਦੇ ਨਿਊਰਲ ਕੰਪਿਊਟ ਸਟਿਕ-2 ਨਾਲ ਲੈਸ ਇਹ ਲੈਬ ਿਵਿਦਆਰਥੀਆਂ ਨੂੰ ਕੰਪਿਊਟਰ ਵਿਜ਼ਨ, ਨੈਚੁਰਲ ਲੈਂਗੂਏਜ ਪ੍ਰੋਸੈਸਿੰਗ (ਐਨਐਲਪੀ), ਓਪਨਵਾਇਨੋ ਅਤੇ ਹੋਰ ਏਆਈ ਤਕਨੀਕਾਂ ਨਾਲ ਜੁੜੇ ਪ੍ਰੋਜੈਕਟਾਂ ਤੇ ਕੰਮ ਕਰਨ ਦੀ ਇਜਾਜ਼ਤ ਦੇਵੇਗੀ। ਇਸ ਦੇ ਨਾਲ ਹੀ ਿਵਿਦਆਰਥੀ ਏਆਈ ਵਰਗੀਆਂ ਉੱਭਰਦੀਆਂ ਤਕਨੀਕਾਂ ਅਤੇ ਬੂਟਕੈਂਪਾਂ, ਏਆਈ-ਥਾੱਨਸ, ਵਰਚੁਅਲ ਸ਼ੋਅਕੇਸ ਅਤੇ ਹੋਰ ਸਾਧਨਾਂ ਰਾਹੀਂ ਵਿਸ਼ਵ 'ਤੇ ਪੈਂਦੇ ਇਸ ਦੇ ਪ੍ਰਭਾਵਾਂ ਅਤੇ ਪਰਿਵਰਤਨਸ਼ੀਲ ਭੂਮਿਕਾ ਨੂੰ ਸਮਝਣ ਦੇ ਯੋਗ ਹੋਣਗੇ।

ਸੀਜੀਸੀ ਲਾਂਡਰਾਂ ਦੇ ਪ੍ਰਧਾਨ ਸ.ਰਸ਼ਪਾਲ ਸਿੰਘ ਧਾਲੀਵਾਲ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਕੈਂਪਸ ਵਿੱਚ ਖੋਜ ਅਤੇ ਨਵੀਨਤਾ ਦੇ ਸੱਭਿਆਚਾਰ ਨੂੰ ਬੜਾਵਾ ਦੇਣ ਲਈ ਫਿਊਚਰ ਰੇਡੀ ਵਰਕ ਫੋਰਸ ਤਿਆਰ ਕਰਨ ਵਿੱਚ ਸਹਿਯੋਗ ਦੇਣ ਲਈ ਸੀਜੀਸੀ ਦੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ ਜੋ ਕਿ ਦੇਸ਼ ਦੀ ਆਰਥਿਕ ਵਿਕਾਸ ਨੂੰ ਵਧਾਏਗੀ।

ਉਦਯੋਗ ਅਤੇ ਅਕਾਦਮਿਕ ਮਾਹਿਰਾਂ ਨੂੰ ਇੱਕੋ ਮੰਚ 'ਤੇ ਇਕੱਠਾ ਕਰ ਕੇ ਏਆਈ ਸਕਿੱਲ ਲੈਬ ਡਿਜੀਟਲ ਸਕਿੱਲ ਵਿਚਕਾਰਲੇ ਪਾੜੇ ਨੂੰ ਪੂਰਾ ਕਰਨ ਵਿੱਚ ਸਹਾਇਕ ਹੋਵੇਗੀ। ਜਿਸ ਨਾਲ ਸੀਜੀਸੀ ਦੇ ਿਵਿਦਆਰਥੀ ਰੋਜ਼ਗਾਰ ਬਾਜ਼ਾਰ ਵਿੱਚ ਵਧਣ ਫੁੱਲਣ ਵਿੱਚ ਮਾਹਰ ਹੋਣਗੇ ਅਤੇ ਭਵਿੱਖ ਵਿੱਚ ਕੰਮ ਕਰਨ ਲਈ ਤਿਆਰ ਹੋਣਗੇ।

ਇਸ ਉਪਰਾਲੇ ਨਾਲ ਿਵਿਦਆਰਥੀ ਬੁਨਿਆਦੀ ਪੱਧਰ ਦਾ ਗਿਆਨ ਹਾਸਲ ਕਰਨ ਲਈ ਖੋਜ ਕਰਨ, ਇਸ ਨੂੰ ਸਮਝਣ, ਨਵੀਨਤਾਕਾਰੀ ਅਤੇ ਹੈਂਡਜ਼-ਆੱਨ (ਵਿਹਾਰਕ ਅਤੇ ਕਰਿਆਸ਼ੀਲ) ਟ੍ਰੇਨਿੰਗ ਪ੍ਰਾਪਤ ਕਰਨ ਦੇ ਸਮਰੱਥ ਹੋਣਗੇ।ਇਹ ਸਿਖਲਾਈ ਉਨ੍ਹਾਂ ਨੂੰ ਸਮਾਜਿਕ ਸਮੱਸਿਆਵਾਂ ਖਤਮ ਕਰਨ ਲਈ ਪ੍ਰਭਾਵਸ਼ਾਲੀ ਏਆਈ ਹੱਲ ਵਿਕਸਿਤ ਕਰਨ ਵਿੱਚ ਸਹਾਇਕ ਹੋਵੇਗੀ।

# ਪਟਿਆਲਾ ਜ਼ਿਲ੍ਹੇ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ

ਪਟਿਆਲਾ, 12 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਫ਼ੌਜਦਾਰੀ, ਜਾਬਤਾ, ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀਆਂ ਹੱਦਾਂ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ ਜੋ 5 ਜੂਨ 2024 ਤੱਕ ਲਾਗੂ ਰਹਿਣਗੇ। ਹੁਕਮਾਂ ਅਨੁਸਾਰ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਆਗੂਆਂ ਤੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨੇ ਆਦਿ ਮੌਕੇ 'ਤੇ ਅਤੇ ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ, ਸਮਾਜਿਕ, ਧਾਰਮਿਕ, ਵਪਾਰਕ ਸੰਸਥਾਵਾਂ/ਅਦਾਰਿਆਂ ਆਦਿ ਦੇ ਪ੍ਰਬੰਧਕਾਂ/ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ, ਸਮਾਗਮ ਆਦਿ ਮੌਕੇ ਕਿਸੇ ਵੀ ਇਮਾਰਤ, ਜਨਤਕ ਸਥਾਨਾਂ, ਖੁੱਲ੍ਹੇ ਸਥਾਨਾਂ, ਪੰਡਾਲਾਂ ਵਿੱਚ ਲਾਊਡ ਸਪੀਕਰ ਆਦਿ ਦੀ ਵਰਤੋਂ ਲਈ ਕਿਸੇ ਵੱਲੋਂ ਵੀ ਵਿਆਹ ਸ਼ਾਦੀਆਂ, ਖੁਸ਼ੀ ਦੇ ਮੌਕਿਆਂ ਅਤੇ ਵੱਖ-ਵੱਖ ਮੌਕਿਆਂ ਆਦਿ 'ਤੇ ਮੈਰਿਜ ਪੈਲਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨ ਆਦਿ ਵਿੱਚ ਡੀ.ਜੇ. ਆਰਕੈਸਟਰਾ, ਸੰਗੀਤਕ ਯੰਤਰ ਆਦਿ ਸਬੰਧਤ ਉਪ ਮੰਡਲ ਮੈਜਿਸਟਰੇਟ ਕੋਲੋਂ ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ ਨੁਆਇਸ) ਐਕਟ, 1956 ਵਿੱਚ ਦਰਜ ਸ਼ਰਤਾਂ ਸਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਲਾਊਡ ਸਪੀਕਰ ਅਤੇ ਕਿਸੇ ਵੀ ਹੋਰ ਸੰਗੀਤਕ/ ਆਵਾਜ਼ੀ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਵੀ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ ਉਕਤ ਕਿਸੇ ਵੀ ਆਵਾਜ਼ੀ ਅਤੇ ਸੰਗੀਤਕ ਯੰਤਰਾਂ ਆਦਿ ਦੇ ਕਿਸੇ ਵੀ ਇਮਾਰਤ ਅਤੇ ਸਥਾਨ ਵਿੱਚ ਚਲਾਉਣ/ ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ, ਸਬੰਧਤ ਉਪ ਮੰਡਲ ਮੈਜਿਸਟ੍ਰੇਟ ਪਾਸੋਂ ਪ੍ਰਵਾਨਗੀ ਲੈਣ ਦੇ ਬਾਵਜੂਦ ਜਿਨ੍ਹਾਂ-ਜਿਨ੍ਹਾਂ ਥਾਵਾਂ 'ਤੇ ਇਹ ਲਾਊਡ ਸਪੀਕਰ, ਆਵਾਜ਼ੀ/ਸੰਗੀਤਕ ਯੰਤਰ ਆਦਿ ਚਲਾਏ ਜਾਣਗੇ, ਦੀ ਆਵਾਜ਼ ਪ੍ਰੋਗਰਾਮ/ਸਮਾਗਮ ਵਾਲੇ ਸਥਾਨ, ਧਾਰਮਿਕ ਸਥਾਨ ਅਤੇ ਇਮਾਰਤ ਦੀ ਚਾਰਦੀਵਾਰੀ ਦੇ ਦਾਇਰੇ ਅੰਦਰ ਰਹਿਣੀ ਚਾਹੀਦੀ ਹੈ, ਜੋ ਕਿ ਭਾਰਤ ਸਰਕਾਰ ਵੱਲੋਂ ਜਾਰੀ " ਨੁਆਇਸ ਪਲਿਊਸ਼ਨ (ਰੈਗੂਲੇਸ਼ਨ ਐਂਡ ਕੰਟਰੋਲ) ਰੂਲਜ਼, 2000" ਤਹਿਤ ਜਾਰੀ ਨੋਟੀਫਿਕੇਸ਼ਨ ਮਿਤੀ 14/2/2000 ਵਿੱਚ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੇ ਆਵਾਜ਼ੀ, ਸਟੈਂਡਰਡ (ਸਬੰਧਤ ਜਗ੍ਹਾ ਦੇ ਆਵਾਜ਼ੀ ਸਟੈਂਡਰਡ) ਤੋਂ, ਕਿਸੇ ਵੀ ਹਾਲਤ ਵਿੱਚ ਵੱਧ ਨਹੀਂ ਹੋਣੀ ਚਾਹੀਦੀ। ਕਿਸੇ ਵੀ ਆਵਾਜ਼ੀ/ ਸੰਗੀਤਕ ਯੰਤਰ, ਮਸ਼ੀਨ ਆਦਿ ਜਿਸ ਦੇ ਚੱਲਣ 'ਤੇ ਪੈਦਾ ਹੋਣ ਵਾਲੀ ਆਵਾਜ਼ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੀ ਆਵਾਜ਼ੀ ਸੀਮਾ ਤੋਂ ਵੱਧ ਹੋਵੇਗੀ, ਨੂੰ ਚਲਾਉਣ/ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਹ ਹੁਕਮ ਜ਼ਿਲ੍ਹੇ ਵਿੱਚ 5 ਜੂਨ 2024 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਆਵਾਜ਼ੀ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਅਤੇ ਲੋਕ ਹਿੱਤ ਵਿੱਚ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿੱਚ ਕਿਸੇ ਵੱਲੋਂ ਵੀ ਅਜਿਹੇ ਪਟਾਕੇ ਜਿਨ੍ਹਾਂ ਦੇ ਚਲਾਏ ਜਾਣ 'ਤੇ, ਚੱਲਣ ਵਾਲੇ ਸਥਾਨ ਤੋਂ ਚਾਰ ਮੀਟਰ ਦੇ ਦਾਇਰੇ ਅੰਦਰ 125 ਡੀ.ਬੀ. (ਏ ਆਈ) ਜਾਂ 145 ਡੀ.ਬੀ (ਸੀ) ਪੀ.ਕੇ. ਤੋਂ ਵੱਧ ਆਵਾਜ਼/ਧਮਕ ਪੈਦਾ ਹੁੰਦੀ ਹੋਵੇ ਅਤੇ ਜਿਆਦਾ ਧੂੰਆਂ ਛੱਡਣ ਤੇ ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੇ ਬਣਾਉਣ, ਵੇਚਣ ਅਤੇ ਸਟੋਰ ਕਰਨ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਪਾਬੰਦੀਸ਼ੁਦਾ ਧਮਾਕਾਖੇਜ ਸਮੱਗਰੀ ਬਣਾਉਣ, ਵੇਚਣ ਅਤੇ ਇਸ ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਦੇ ਪਟਾਕਿਆਂ ਵਿੱਚ ਵਰਤਣ 'ਤੇ ਵੀ ਮੁਕੰਮਲ ਪਾਬੰਦੀ ਹੋਵੇਗੀ। ਇਹ ਪਾਬੰਦੀ ਨਿਰਧਾਰਤ ਆਵਾਜ਼ ਅਤੇ ਰੰਗ/ ਰੌਸ਼ਨੀ ਪੈਦਾ ਕਰਨ ਵਾਲੇ ਪਟਾਕਿਆਂ 'ਤੇ ਲਾਗੂ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕਿਸੇ ਵੱਲੋਂ ਵੀ ਕਿਸੇ ਵੀ ਸਥਾਨ 'ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਪਟਾਖੇ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਕਿਸੇ ਸਮੱਰਥ ਅਧਿਕਾਰੀ ਵੱਲੋਂ ਐਲਾਨੇ ਸਾਇਲੈਂਸ ਜੋਨ ਜਿਵੇਂ ਮੰਤਰਾਲਾ, ਇਨਵਾਇਰਮੈਂਟ, ਜੰਗਲਾਤ, ਹਸਪਤਾਲਾਂ, ਵਿਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸਸਥਾਵਾਂ ਆਦਿ ਦੇ 100 ਮੀਟਰ ਦੇ ਘੇਰੇ ਵਿੱਚ ਪਟਾਕੇ ਚਲਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਕਿਸੇ ਵੀ ਸਥਾਨ ਅਤੇ ਗੱਡੀਆਂ ਆਦਿ ਵਿੱਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਕਿਸੇ ਖਾਸ ਹਾਲਾਤ ਨੂੰ ਛੱਡ ਕੇ ਹਾਰਨ ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਕਿਸੇ ਤਰ੍ਹਾਂ ਦੇ ਪ੍ਰੈਸ਼ਰ ਹਾਰਨ, ਵੱਖ-ਵੱਖ ਆਵਾਜ਼, ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦਾ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਹਾਰਨ ਨੂੰ ਕਿਸੇ ਵੀ ਸਥਾਨ 'ਤੇ ਵਜਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਪ੍ਰੈਸ਼ਰ ਹਾਰਨ ਅਤੇ ਹੋਰ ਅਜਿਹੇ ਹਾਰਨ ਜੋ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਦੇ ਹੋਣ, ਦੇ ਬਣਾਉਣ ਅਤੇ ਵੇਚਣ 'ਤੇ ਵੀ ਪੂਰਨ ਪਾਬੰਦੀ ਹੋਵੇਗੀ। ਮਨਾਹੀ ਹੁਕਮਾਂ ਅਨੁਸਾਰ ਕਿਸੇ ਵੀ ਇਮਾਰਤ, ਵਪਾਰਕ ਸਥਾਨਾਂ, ਜਨਤਕ ਥਾਵਾਂ, ਸਿਨੇਮਿਆਂ, ਮਾਲ, ਹੋਟਲ, ਰੈਸਟੋਰੈਂਟ ਅਤੇ ਮੇਲਿਆਂ ਦੇ ਪ੍ਰਬੰਧਕਾਂ/ਮਾਲਕਾਂ ਵੱਲੋਂ ਕਿਸੇ ਵੀ ਹਾਲਤ ਵਿੱਚ ਉੱਚੀ ਆਵਾਜ਼ ਅਤੇ ਧਮਕ ਪੈਦਾ ਕਰਨ ਵਾਲੇ ਸੰਗੀਤ ਅਤੇ ਅਸ਼ਲੀਲ ਗੀਤ ਚਲਾਏ ਜਾਣ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਪਟਿਆਲਾ ਜ਼ਿਲ੍ਹੇ ਵਿੱਚ ਸਥਿਤ ਕਿਸੇ ਵੀ ਪਟਾਕਾ ਫੈਕਟਰੀ/ਯੂਨਿਟ ਵਿੱਚ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਆਵਾਜ਼ ਪ੍ਰਦੂਸ਼ਣ ਅਤੇ ਵਾਤਾਵਰਣ ਪ੍ਰਦੂਸ਼ਣ ਰੋਕਣ ਸਬੰਧੀ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਿਰਧਾਰਤ ਆਵਾਜ਼/ਧਮਕ ਪੈਦਾ ਕਰਨ ਵਾਲੇ ਅਤੇ ਨਿਰਧਾਰਤ ਸਾਈਜ਼ ਵਾਲੇ ਪਟਾਕੇ ਹੀ ਤਿਆਰ ਕੀਤੇ ਜਾਣਗੇ। ਨਿਰਧਾਰਤ ਆਵਾਜ਼ੀ ਸੀਮਾ ਤੋਂ ਵੱਧ ਆਵਾਜ਼/ਧਮਕ ਪੈਦਾ ਕਰਨ ਵਾਲੇ ਪਟਾਕਿਆਂ, ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਅਤੇ ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਬਣਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ ਇਹ ਹੁਕਮ ਸਰਕਾਰੀ ਮਸ਼ੀਨਰੀ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਲਾਗੂ ਨਹੀਂ ਹੋਵੇਗਾ। ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਸੰਪਾਦਕੀ

# ਰੱਖਿਆ ਖੇਤਰ ਦੇ ਸੁਧਾਰ

ਨਵੀਂ ਦਿੱਲੀ ਵਿੱਚ ਸੋਮਵਾਰ ਨੂੰ ਹੋਇਆ ਤਿੰਨਾਂ ਸੈਨਾਵਾਂ ਦਾ ਪਹਿਲਾ 'ਪਰਿਵਰਤਨ ਚਿੰਤਨ' ਰੱਖਿਆ ਬਲਾਂ ਨੂੰ ਸੰਯੁਕਤ ਰੂਪ ਦੇਣ ਤੇ ਇਨ੍ਹਾਂ ਦੇ ਏਕੀਕਰਨ ਦੇ ਮੰਤਵਾਂ ਦੀ ਪੂਰਤੀ ਲਈ ਚੁੱਕਿਆ ਗਿਆ ਵੱਡਾ ਕਦਮ ਹੈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰੱਖਿਆ ਸਟਾਫ ਮੁਖੀ (ਸੀਡੀਐੱਸ) ਜਨਰਲ ਅਨਿਲ ਚੌਹਾਨ ਨੇ ਬਲਾਂ ਲਈ 'ਸਾਂਝੀ ਤਹਿਜ਼ੀਬ' ਵਿਕਸਿਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ ਤਾਂ ਕਿ ਤਿੰਨਾਂ ਸੈਨਾਵਾਂ ਦੀ ਸੰਪੂਰਨ ਸਮਰੱਥਾ ਦਾ ਲਾਭ ਲਿਆ ਜਾ ਸਕੇ ਤੇ ਨਾਲ ਹੀ ਇਨ੍ਹਾਂ ਦੀ ਵਿਲੱਖਣਤਾ ਦੀ ਅਹਿਮੀਅਤ ਵੀ ਬਣੀ ਰਹੇ। ਉਨ੍ਹਾਂ ਜੰਗੀ ਸਮਰੱਥਾ ਵਿੱਚ ਵਾਧਾ ਕਰਨ ਅਤੇ ਸੈਨਾਵਾਂ ਦਾ ਆਪਸੀ ਤਾਲਮੇਲ ਬਿਹਤਰ ਕਰਨ ਲਈ ਵਿਆਪਕ ਸੁਧਾਰਾਂ ਦੀ ਗੱਲ ਕੀਤੀ।

ਸੰਯੁਕਤ ਕਾਰਵਾਈ ਅਤੇ ਏਕੀਕਰਨ ਉਹ ਥੰਮ੍ਹ ਹਨ ਜਿਨ੍ਹਾਂ ਦੇ ਸਿਰ 'ਤੇ ਸਰਕਾਰ ਹਥਿਆਰਬੰਦ ਬਲਾਂ ਨੂੰ 'ਭਵਿੱਖੀ ਚੁਣੌਤੀਆਂ' ਲਈ ਤਿਆਰ ਕਰਨਾ ਚਾਹੁੰਦੀ ਹੈ। ਇਹ ਚਿੰਤਾਜਨਕ ਹੈ ਕਿ ਥੀਏਟਰ ਕਮਾਂਡ ਦੇ ਉੱਦਮ ਜਿਸ ਤਹਿਤ ਤਿੰਨਾਂ ਸੈਨਾਵਾਂ ਨੇ ਸਾਂਝੇ ਫੌਜੀ ਕਮਾਂਡਰ ਦੀ ਅਗਵਾਈ ਹੇਠ ਇਕ-ਦੂਜੇ ਨਾਲ ਸੰਯੁਕਤ ਅਤੇ ਏਕੀਕ੍ਰਿਤ ਅਪਰੇਸ਼ਨਲ ਢਾਂਚੇ ਅਧੀਨ ਕੰਮ ਕਰਨਾ ਸੀ, ਵਿਚ ਬੇਲੋੜੀ ਦੇਰੀ ਹੋਈ ਹੈ। ਇਨ੍ਹਾਂ ਵਿਆਪਕ ਸੁਧਾਰਾਂ ਵਿੱਚ ਮੁੱਖ ਅੜਿੱਕਾ ਛੋਟੇ ਆਕਾਰ ਦੀ ਜਲ ਸੈਨਾ ਅਤੇ ਹਵਾਈ ਸੈਨਾ ਬਾਰੇ ਪ੍ਰਗਟਾਏ ਗਏ ਖ਼ਦਸ਼ੇ ਬਣੇ ਹਨ ਕਿਉਂਕਿ ਤਜਵੀਜ਼ਸ਼ੁਦਾ ਕਮਾਂਡਾਂ ਵਿੱਚ ਮੁਕਾਬਲਤਨ ਥਲ ਸੈਨਾ ਦਾ ਦਬਦਬਾ ਰਹਿਣ ਦੀ ਸੰਭਾਵਨਾ ਹੈ। ਸਰਕਾਰ ਅਤੇ ਰੱਖਿਆ ਅਧਿਕਾਰੀਆਂ ਲਈ ਵੱਡੀ ਚੁਣੌਤੀ ਇਨ੍ਹਾਂ ਸੰਯੁਕਤ ਢਾਂਚਿਆਂ ਦਰਮਿਆਨ ਤਵਾਜ਼ਨ ਬਿਠਾਉਣਾ ਹੈ ਅਤੇ ਇਸ ਦੇ ਨਾਲ ਹੀ ਹਰੇਕ ਸੈਨਾ ਦੀ ਵਿਲੱਖਣ ਪਛਾਣ ਤੇ ਚਰਿੱਤਰ ਨੂੰ ਕਾਇਮ ਰੱਖਣਾ ਵੀ ਜ਼ਰੂਰੀ ਹੈ।

ਸੁਧਾਰਾਂ ਦੇ ਰਾਹ ਵਿੱਚ ਬਣੇ ਅੜਿੱਕਿਆਂ 'ਤੇ ਕਾਨਫਰੰਸ ਵਿਚ ਹੋਈ ਡੂੰਘੀ ਵਿਚਾਰ-ਚਰਚਾ ਤੋਂ ਬਾਅਦ ਉਮੀਦ ਜਤਾਈ ਜਾ ਰਹੀ ਹੈ ਕਿ ਹੁਣ ਰਲੇਵੇਂ ਲਈ ਰਾਹ ਪੱਧਰਾ ਕਰਨ ਵਿਚ ਸੌਖ ਹੋਵੇਗੀ। ਦੋ ਦੁਸ਼ਮਣ ਗੁਆਂਢੀਆਂ ਵਿਚਾਲੇ ਬੈਠਾ ਭਾਰਤ ਆਧੁਨਿਕੀਕਰਨ ਅਤੇ ਏਕੀਕਰਨ 'ਚ ਕੋਈ ਢਿੱਲ ਨਹੀਂ ਵਰਤ ਸਕਦਾ। ਇੱਕੀਵੀਂ ਸਦੀ ਵਿੱਚ ਜੰਗ ਮੁੱਖ ਤੌਰ 'ਤੇ ਸਮਰੱਥਾ 'ਚ ਵਾਧੇ ਅਤੇ ਸਾਧਨਾਂ ਦੀ ਤੋਂ ਘੱਟ ਬਰਬਾਦੀ ਉਤੇ ਨਿਰਭਰ ਕਰਦੀ ਹੈ। ਇਸ ਪਾਸੇ ਪੂਰੀ ਤਿਆਰੀ ਅਤੇ ਇਹਤਿਆਤ ਨਾਲ ਅਗਾਂਹ ਵਧਣ ਦੀ ਬੇਹੱਦ ਲੋੜ ਹੈ। ਥੀਏਟਰੀਕਰਨ ਨੂੰ ਜਲਦੀ ਲਾਗੂ ਕਰਨ ਲਈ ਏਕੀਕਰਨ ਅਤੇ ਸੰਯੁਕਤ ਕਮਾਂਡਾਂ 'ਤੇ ਜਲਦੀ ਸਹਿਮਤੀ ਬਣਾਉਣੀ ਜ਼ਰੂਰੀ ਹੈ। ਜੰਗੀ ਤਿਆਰੀਆਂ ਨੂੰ ਤਕੜਾ ਰੱਖਣ ਅਤੇ ਭਾਰਤੀ ਸਰਹੱਦਾਂ ਉਤੇ ਹਰ ਕਿਸਮ ਦੇ ਫ਼ੌਜੀ ਉਲੰਘਣ ਨੂੰ ਰੋਕਣ ਲਈ ਇਹ ਅਤਿ ਮਹੱਤਵਪੂਰਨ ਹੈ।

ਰੱਖਿਆ ਖੇਤਰ ਦੇ ਸੁਧਾਰ

ਨਵੀਂ ਦਿੱਲੀ ਵਿੱਚ ਸੋਮਵਾਰ ਨੂੰ ਹੋਇਆ ਤਿੰਨਾਂ ਸੈਨਾਵਾਂ ਦਾ ਪਹਿਲਾ 'ਪਰਿਵਰਤਨ ਚਿੰਤਨ' ਰੱਖਿਆ ਬਲਾਂ ਨੂੰ ਸੰਯੁਕਤ ਰੂਪ ਦੇਣ ਤੇ ਇਨ੍ਹਾਂ ਦੇ ਏਕੀਕਰਨ ਦੇ ਮੰਤਵਾਂ ਦੀ ਪੂਰਤੀ ਲਈ ਚੁੱਕਿਆ ਗਿਆ ਵੱਡਾ ਕਦਮ ਹੈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰੱਖਿਆ ਸਟਾਫ ਮੁਖੀ (ਸੀਡੀਐੱਸ) ਜਨਰਲ ਅਨਿਲ ਚੌਹਾਨ ਨੇ ਬਲਾਂ ਲਈ 'ਸਾਂਝੀ ਤਹਿਜ਼ੀਬ' ਵਿਕਸਿਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ ਤਾਂ ਕਿ ਤਿੰਨਾਂ ਸੈਨਾਵਾਂ ਦੀ ਸੰਪੂਰਨ ਸਮਰੱਥਾ ਦਾ ਲਾਭ ਲਿਆ ਜਾ ਸਕੇ ਤੇ ਨਾਲ ਹੀ ਇਨ੍ਹਾਂ ਦੀ ਵਿਲੱਖਣਤਾ ਦੀ ਅਹਿਮੀਅਤ ਵੀ ਬਣੀ ਰਹੇ। ਉਨ੍ਹਾਂ ਜੰਗੀ ਸਮਰੱਥਾ ਵਿੱਚ ਵਾਧਾ ਕਰਨ ਅਤੇ ਸੈਨਾਵਾਂ ਦਾ ਆਪਸੀ ਤਾਲਮੇਲ ਬਿਹਤਰ ਕਰਨ ਲਈ ਵਿਆਪਕ ਸੁਧਾਰਾਂ ਦੀ ਗੱਲ ਕੀਤੀ।

ਸੰਯੁਕਤ ਕਾਰਵਾਈ ਅਤੇ ਏਕੀਕਰਨ ਉਹ ਥੰਮ੍ਹ ਹਨ ਜਿਨ੍ਹਾਂ ਦੇ ਸਿਰ 'ਤੇ ਸਰਕਾਰ ਹਥਿਆਰਬੰਦ ਬਲਾਂ ਨੂੰ 'ਭਵਿੱਖੀ ਚੁਣੌਤੀਆਂ' ਲਈ ਤਿਆਰ ਕਰਨਾ ਚਾਹੁੰਦੀ ਹੈ। ਇਹ ਚਿੰਤਾਜਨਕ ਹੈ ਕਿ ਥੀਏਟਰ ਕਮਾਂਡ ਦੇ ਉੱਦਮ ਜਿਸ ਤਹਿਤ ਤਿੰਨਾਂ ਸੈਨਾਵਾਂ ਨੇ ਸਾਂਝੇ ਫੌਜੀ ਕਮਾਂਡਰ ਦੀ ਅਗਵਾਈ ਹੇਠ ਇਕ-ਦੂਜੇ ਨਾਲ ਸੰਯੁਕਤ ਅਤੇ ਏਕੀਕ੍ਰਿਤ ਅਪਰੇਸ਼ਨਲ ਢਾਂਚੇ ਅਧੀਨ ਕੰਮ ਕਰਨਾ ਸੀ, ਵਿਚ ਬੇਲੋੜੀ ਦੇਰੀ ਹੋਈ ਹੈ। ਇਨ੍ਹਾਂ ਵਿਆਪਕ ਸੁਧਾਰਾਂ ਵਿੱਚ ਮੁੱਖ ਅੜਿੱਕਾ ਛੋਟੇ ਆਕਾਰ ਦੀ ਜਲ ਸੈਨਾ ਅਤੇ ਹਵਾਈ ਸੈਨਾ ਬਾਰੇ ਪ੍ਰਗਟਾਏ ਗਏ ਖ਼ਦਸ਼ੇ ਬਣੇ ਹਨ ਕਿਉਂਕਿ ਤਜਵੀਜ਼ਸ਼ੁਦਾ ਕਮਾਂਡਾਂ ਵਿੱਚ ਮੁਕਾਬਲਤਨ ਥਲ ਸੈਨਾ ਦਾ ਦਬਦਬਾ ਰਹਿਣ ਦੀ ਸੰਭਾਵਨਾ ਹੈ। ਸਰਕਾਰ ਅਤੇ ਰੱਖਿਆ ਅਧਿਕਾਰੀਆਂ ਲਈ ਵੱਡੀ ਚੁਣੌਤੀ ਇਨ੍ਹਾਂ ਸੰਯੁਕਤ ਢਾਂਚਿਆਂ ਦਰਮਿਆਨ ਤਵਾਜ਼ਨ ਬਿਠਾਉਣਾ ਹੈ ਅਤੇ ਇਸ ਦੇ ਨਾਲ ਹੀ ਹਰੇਕ ਸੈਨਾ ਦੀ ਵਿਲੱਖਣ ਪਛਾਣ ਤੇ ਚਰਿੱਤਰ ਨੂੰ ਕਾਇਮ ਰੱਖਣਾ ਵੀ ਜ਼ਰੂਰੀ ਹੈ।

ਸੁਧਾਰਾਂ ਦੇ ਰਾਹ ਵਿੱਚ ਬਣੇ ਅੜਿੱਕਿਆਂ 'ਤੇ ਕਾਨਫਰੰਸ ਵਿਚ ਹੋਈ ਡੂੰਘੀ ਵਿਚਾਰ-ਚਰਚਾ ਤੋਂ ਬਾਅਦ ਉਮੀਦ ਜਤਾਈ ਜਾ ਰਹੀ ਹੈ ਕਿ ਹੁਣ ਰਲੇਵੇਂ ਲਈ ਰਾਹ ਪੱਧਰਾ ਕਰਨ ਵਿਚ ਸੌਖ ਹੋਵੇਗੀ। ਦੋ ਦੁਸ਼ਮਣ ਗੁਆਂਢੀਆਂ ਵਿਚਾਲੇ ਬੈਠਾ ਭਾਰਤ ਆਧੁਨਿਕੀਕਰਨ ਅਤੇ ਏਕੀਕਰਨ 'ਚ ਕੋਈ ਢਿੱਲ ਨਹੀਂ ਵਰਤ ਸਕਦਾ। ਇੱਕੀਵੀਂ ਸਦੀ ਵਿੱਚ ਜੰਗ ਮੁੱਖ ਤੌਰ 'ਤੇ ਸਮਰੱਥਾ 'ਚ ਵਾਧੇ ਅਤੇ ਸਾਧਨਾਂ ਦੀ ਤੋਂ ਘੱਟ ਬਰਬਾਦੀ ਉਤੇ ਨਿਰਭਰ ਕਰਦੀ ਹੈ।

ਇਸ ਪਾਸੇ ਪੂਰੀ ਤਿਆਰੀ ਅਤੇ ਇਹਤਿਆਤ ਨਾਲ ਅਗਾਂਹ ਵਧਣ ਦੀ ਬੇਹੱਦ ਲੋੜ ਹੈ। ਥੀਏਟਰੀਕਰਨ ਨੂੰ ਜਲਦੀ ਲਾਗੂ ਕਰਨ ਲਈ ਏਕੀਕਰਨ ਅਤੇ ਸੰਯੁਕਤ ਕਮਾਂਡਾਂ 'ਤੇ ਜਲਦੀ ਸਹਿਮਤੀ ਬਣਾਉਣੀ ਜ਼ਰੂਰੀ ਹੈ। ਜੰਗੀ ਤਿਆਰੀਆਂ ਨੂੰ ਤਕੜਾ ਰੱਖਣ ਅਤੇ ਭਾਰਤੀ ਸਰਹੱਦਾਂ ਉਤੇ ਹਰ ਕਿਸਮ ਦੇ ਫ਼ੌਜੀ ਉਲੰਘਣ ਨੂੰ ਰੋਕਣ ਲਈ ਇਹ ਅਤਿ ਮਹੱਤਵਪੂਰਨ ਹੈ।

# ਮੁਨਾਫ਼ਾ, ਮੰਡੀ ਅਤੇ ਸਮਾਜਿਕ ਸਰੋਕਾਰ

**ਅਰੁਣ ਮੈਰਾ**



ਸਮਾਜਿਕ ਸਮੱਸਿਆਵਾਂ ਸਣੇ ਲਗਭੱਗ ਸਾਰੀਆਂ ਗੁੰਝਲਦਾਰ ਮੁਸ਼ਕਿਲਾਂ ਦਾ ਹੱਲ ਅਰਥ ਸ਼ਾਸਤਰੀ ਬਾਜ਼ਾਰ ਜਾਂ ਮੰਡੀ 'ਤੇ ਛੱਡ ਰਹੇ ਹਨ। ਅਰਥ ਸ਼ਾਸਤਰੀਆਂ ਦਾ ਮੰਡੀਆਂ ਦਾ ਆਪਣਾ ਸਿਧਾਂਤ ਹੈ। ਉਨ੍ਹਾਂ ਦਾ ਮਤਲਬ ਹੈ ਪੂੰਜੀਵਾਦੀ ਮੰਡੀਆਂ ਲਈ ਆਜ਼ਾਦੀ, ਜਿੱਥੇ ਕੀਮਤ ਦਾ ਮਾਪ ਪੈਸਾ ਹੈ, ਜਿੱਥੇ ਕੋਈ ਵੀ ਮੁਨਾਫ਼ਾ ਕਮਾਉਣ ਵਾਲਾ ਪੈਸੇ ਨੂੰ ਪੂੰਜੀ ਵਜੋਂ ਜਮ੍ਹਾਂ ਕਰ ਸਕਦਾ ਹੈ ਤੇ ਪੂੰਜੀ ਦਾ ਮਾਲਕ ਆਪਣੀ ਮਰਜ਼ੀ ਮੁਤਾਬਿਕ ਇਸ ਨੂੰ ਵਰਤ ਸਕਦਾ ਹੈ। ਇਸ ਪੂੰਜੀ ਰਾਹੀਂ ਹੋਰ ਪੂੰਜੀ ਇਕੱਠੀ ਕਰਨ ਦਾ ਵੀ ਉਸ ਨੂੰ ਹੱਕ ਹੈ।

ਬਾਜ਼ਾਰ ਦਾ ਕੀ ਹਾਲ ਹੈ? ਪੂੰਜੀਵਾਦੀ ਦਾਇਰੇ 'ਚ ਇਸ ਸਵਾਲ ਦਾ ਜਵਾਬ ਹੋਵੇਗਾ ਕਿ ਲੰਘੀ ਰਾਤ ਡਾਓ ਜੋਨਸ, ਨੈਸਡੈਕ ਤੇ ਸੈਂਸੈਕਸ ਦੀ ਕਾਰਗੁਜ਼ਾਰੀ ਕਿਵੇਂ ਰਹੀ। ਭਾਰਤ ਵਿੱਚ ਅੱਸੀਵਿਆਂ 'ਚ ਬਾਜ਼ਾਰ ਦਾ ਦਾਇਰਾ ਬਹੁਤ ਛੋਟਾ ਸੀ ਜਿਸ ਵਿੱਚ ਜਿ ?ਆਦਾਤਰ ਮੁੰਬਈ ਦੇ ਸ਼ੇਅਰ ਦਲਾਲ ਸਨ, ਉਨ੍ਹਾਂ ਲਈ ਬੰਬਈ ਸਟਾਕ ਐਕਸਚੇਂਜ (ਬੀਐੱਸਈ) ਹੀ ਬਾਜ਼ਾਰ ਸੀ। 1990ਵਿਆਂ ਦੀ ਸ਼ੁਰੂਆਤ ਵਿੱਚ ਜਦੋਂ ਭਾਰਤ ਦੇ ਦਰ ਵਿਦੇਸ਼ੀ ਪੂੰਜੀ ਤੇ ਪੂੰਜੀਵਾਦ ਦੇ ਅਮਰੀਕੀ ਵਿਚਾਰਾਂ ਲਈ ਖੋਲ੍ਹ ਦਿੱਤੇ ਗਏ ਤਾਂ ਭਾਰਤ ਵਿੱਚ ਵਿੱਤੀ ਖੇਤਰ ਦੇ ਪੇਸ਼ੇਵਰਾਂ ਦੀਆਂ ਨਵੀਆਂ ਨਸਲਾਂ ਦਾ ਵੀ ਵਿਸਤਾਰ ਹੋਇਆ: ਵੈਂਚਰ ਕੈਪੀਟਲਿਸਟ, ਇਨਵੈਸਟਮੈਂਟ ਬੈਂਕਰ ਤੇ ਵਿੱਤੀ ਸਲਾਹਕਾਰ। ਬੰਗਲੁਰੂ ਤੇ ਗੁਰੂਗ੍ਰਾਮ ਦੇ ਰੂਪ ਵਿੱਚ ਉਨ੍ਹਾਂ ਨੂੰ ਗਾਹਕਾਂ ਦੀ ਨਿਰੰਤਰ ਫੈਲਦੀ ਹੋਈ ਮਾਰਕੀਟ ਮਿਲੀ। ਪੂੰਜੀਵਾਦੀ ਬਾਜ਼ਾਰਾਂ ਦੇ ਫੈਲਾਓ ਦੇ ਨਾਲ-ਨਾਲ ਸ਼ੇਅਰ ਬਾਜ਼ਾਰਾਂ ਦੇ ਉੱਪਰ ਹੇਠਾਂ ਹੁੰਦੇ ਗਰਾਫ਼ ਫੈਸ਼ਨ ਵਾਂਗ ਕਾਰੋਬਾਰੀ ਮੀਡੀਆ ਦਾ ਹਿੱਸਾ ਬਣ ਗਏ ਤੇ ਸਮਾਜਿਕ ਮੁੱਦੇ ਵੀ ਇਸ ਦੀ ਜ਼ੱਦ ਵਿੱਚ ਆ ਗਏ।

ਮੰਡੀ ਪੁਰਾਤਨ ਵਿਚਾਰ ਹੈ। ਸਦੀਆਂ ਪਹਿਲਾਂ ਆਧੁਨਿਕ ਸ਼ੇਅਰ ਬਾਜ਼ਾਰ ਤੇ ਵਿੱਤੀ ਲੈਣ-ਦੇਣ ਸ਼ੁਰੂ ਹੋਣ ਤੋਂ ਪਹਿਲਾਂ ਲੋਕ ਮੰਡੀਆਂ 'ਚ ਕਈ ਵਸਤਾਂ ਦਾ ਵਣਜ-ਵਪਾਰ ਕਰਦੇ ਸਨ। ਉਹ ਆਪਣੀ ਉਪਜ, ਆਪਣੇ ਕੰਮ ਤੇ ਅਜਿਹੀਆਂ ਕਈ ਚੀਜ਼ਾਂ ਦਾ ਵਪਾਰ ਕਰਦੇ ਸਨ ਜੋ ਪੈਸੇ ਨਾਲ ਨਹੀਂ ਖ਼ਰੀਦੀਆਂ ਜਾ ਸਕਦੀਆਂ। ਇਨ੍ਹਾਂ ਵਪਾਰਕ ਰਿਸ਼ਤਿਆਂ ਵਿੱਚ ਮੁੱਲ ਦਾ ਲੈਣ-ਦੇਣ ਹੁੰਦਾ ਸੀ ਤੇ ਸਾਰੇ ਮਾਮਲਿਆਂ ਵਿੱਚ ਪੈਸਾ ਹੀ ਕਰੰਸੀ ਨਹੀਂ ਹੁੰਦਾ ਸੀ, ਜਿਵੇਂ ਫਿਲਾਸਫਰ ਕੋਜਿਨ ਕਰਾਤਾਨੀ ਨੇ 'ਵਿਸ਼ਵ ਇਤਿਹਾਸ ਦਾ ਢਾਂਚਾ: ਉਤਪਾਦਨ ਦੇ ਮਾਧਿਅਮਾਂ ਤੋਂ ਵਟਾਂਦਰੇ ਦੇ ਮਾਧਿਅਮਾਂ ਤੱਕ' ਵਿੱਚ ਬਿਆਨ ਕੀਤਾ ਹੈ।

ਸਮਾਜਿਕ ਤੇ ਆਰਥਿਕ ਸੰਸਥਾਵਾਂ ਨੂੰ ਖੜ੍ਹਵੇਂ ਰੁਖ਼ (ਵਰਟੀਕਲ) ਅਤੇ ਲੇਟਵੇਂ ਰੁਖ਼ (ਹੌਰੀਜ਼ੌਂਟਲ) ਢਾਂਚਿਆਂ ਨਾਲ ਸਾਜਿਆ ਹੁੰਦਾ ਹੈ। ਸੱਤਾ ਨਾਲ ਜੁੜੇ ਰਿਸ਼ਤੇ ਖੜ੍ਹਵੇਂ ਹਨ। ਪਿੱਤਰਾਂ, ਰਾਜੇ-ਮਹਾਰਾਜਿਆਂ, ਤਾਨਾਸ਼ਾਹਾਂ, ਕਾਰਪੋਰੇਸ਼ਨਾਂ ਦੇ ਮੁਖੀਆਂ ਤੇ ਇੱਥੋਂ ਤੱਕ ਕਿ ਚੁਣੀਆਂ ਸਰਕਾਰਾਂ ਦੇ ਮੁਖੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ 'ਚ ਵਿਵਸਥਾ ਕਾਇਮ ਰੱਖਣ। ਕਿਸੇ ਰਾਜ ਦੀ ਤਾਕਤ ਪ੍ਰਜਾ ਤੇ ਉਸ ਦੇ ਸ਼ਾਸਕਾਂ ਦਰਮਿਆਨ ਹੁੰਦੇ ਤਬਾਦਲੇ ਉੱਤੇ ਨਿਰਭਰ ਹੈ: ਸ਼ਾਸਕਾਂ ਪ੍ਰਤੀ ਆਗਿਆਕਾਰੀ ਰਹਿਣ 'ਤੇ ਪ੍ਰਜਾ ਨੂੰ ਬਦਲੇ 'ਚ ਸ਼ਾਂਤੀ ਤੇ ਵਿਵਸਥਾ ਮਿਲਦੀ ਹੈ। ਲੇਟਵੇਂ ਪਹਿਲੂ ਵਿੱਚ ਸਮਾਜ ਦੇ ਮੈਂਬਰਾਂ ਵਿਚਾਲੇ ਆਪਸੀ ਵਟਾਂਦਰਾ ਹੁੰਦਾ ਹੈ। ਵਪਾਰ ਖੜ੍ਹਵਾਂ ਢਾਂਚਾ ਹੈ। ਲੋਕ ਆਪਣੇ ਪਰਿਵਾਰਾਂ, ਫਿ ?ਰਕਿਆਂ ਤੇ ਸਮਾਜ ਵਿੱਚ ਆਪਸ 'ਚ ਕਈ ਚੀਜ਼ਾਂ ਦਾ ਵਪਾਰ ਕਰਦੇ ਹਨ।

ਗਿਣਾਤਮਕ ਅਰਥ ਸ਼ਾਸਤਰੀਆਂ ਲਈ ਹਰ ਚੀਜ਼ ਦੀ ਮਾਇਕ ਕੀਮਤ ਹੋਣੀ ਲਾਜ਼ਮੀ ਹੈ ਤਾਂ ਹੀ ਉਹ ਆਪਣੇ ਗਣਿਤ ਦੇ ਸਮੀਕਰਨਾਂ ਮੁਤਾਬਿਕ ਇਸ ਦੀ ਗਿਣਤੀ ਕਰ ਸਕਣਗੇ। ਹੋਰ ਕੋਈ ਵੀ ਚੀਜ਼ ਭਾਵੇਂ ਉਹ ਖ਼ਰੀ ਹੀ ਹੋਵੇ, ਜਿਵੇਂ ਸਮਾਜੀ ਤੇ ਸਿਆਸੀ ਤਾਕਤ ਦੇ ਸਰੋਤ ਜਿਨ੍ਹਾਂ ਨੂੰ ਸਹੀ-ਸਹੀ ਗਿਣਿਆ-ਮਿਣਿਆ ਨਹੀਂ ਜਾ ਸਕਦਾ, ਉਨ੍ਹਾਂ ਨੂੰ ਇਹ ਅਰਥ ਸ਼ਾਸਤਰੀ ਆਪਣੇ ਗਣਿਤ ਦੇ ਮਾਡਲਾਂ ਵਿੱਚੋਂ ਚੰਗੇ ਅਰਥ ਸ਼ਾਸਤਰ 'ਚ ਪਿਆ ਵਿਘਨ ਦੱਸ ਕੇ ਬਾਹਰ ਕੱਢ ਦਿੰਦੇ ਹਨ।

ਨੋਬੇਲ ਪੁਰਸਕਾਰ ਜੇਤੂ ਅਰਥ ਸ਼ਾਸਤਰੀ ਐਂਗਸ ਡੀਟਨ ਨੇ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਵੱਲੋਂ ਹਾਲ ਹੀ 'ਚ ਪ੍ਰਕਾਸ਼ਿਤ ਖੋਜ ਪੱਤਰ ਵਿੱਚ ਇਸ ਨੂੰ ਇੱਕੀਵੀਂ ਸਦੀ ਦੇ ਅਰਥ ਸ਼ਾਸਤਰੀਆਂ ਦੀ ਦੁਬਿਧਾ ਕਰਾਰ ਦਿੱਤਾ ਹੈ। ਆਪਣੇ ਸਾਥੀ ਅਰਥ ਸ਼ਾਸਤਰੀਆਂ ਬਾਰੇ ਆਲੋਚਨਾਤਮਕ ਪੱਖ ਤੋਂ ਉਨ੍ਹਾਂ ਕਿਹਾ, ਅਸੀਂ ਅਕਸਰ ਆਪਣੇ ਆਪ ਨੂੰ ਜਿ ?ਆਦਾ ਹੀ ਸਹੀ ਮੰਨ ਕੇ ਬੈਠੇ ਹੁੰਦੇ ਹਾਂ। ਅਰਥ ਸ਼ਾਸਤਰ ਕੋਲ ਅਜਿਹੇ ਤਾਕਤਵਰ ਸਾਧਨ ਹਨ ਜੋ ਸਪੱਸ਼ਟ ਜਵਾਬ ਦੇ ਸਕਦੇ ਹਨ, ਉਸ ਲਈ ਅਜਿਹੀਆਂ ਧਾਰਨਾਵਾਂ ਦੀ ਲੋੜ ਹੈ ਜੋ ਸਾਰੀਆਂ ਹਾਲਤਾਂ ਵਿੱਚ ਪ੍ਰਮਾਣਿਕ ਨਾ ਹੋਣ। ਕਿੱਤਾ ਕਈ ਚੀਜ਼ਾਂ ਜਾਣਦਾ ਤੇ ਸਮਝਦਾ ਹੈ। ਉਂਝ, ਇਸ ਦੇ ਬਾਵਜੂਦ ਅੱਜ ਅਸੀਂ ਕਿਸੇ ਤਰ੍ਹਾਂ ਦੀ ਬੇਤਰਤੀਬੀ 'ਚ ਉਲਝ ਗਏ ਹਾਂ। ਅਸੀਂ ਮਿਲ-ਜੁਲ ਕੇ ਵੀ ਆਰਥਿਕ ਸੰਕਟ ਦਾ ਅਨੁਮਾਨ ਨਹੀਂ ਲਾ ਸਕੇ, ਇਸ ਤੋਂ ਵੀ ਬਦਤਰ ਹਾਲੇ ਤੱਕ, ਅਸੀਂ ਸ਼ਾਇਦ ਬਾਜ਼ਾਰਾਂ ਖ਼ਾਸ ਤੌਰ 'ਤੇ ਵਿੱਤੀ ਬਾਜ਼ਾਰਾਂ ਦੀ ਸਮਰੱਥਾ 'ਚ ਲੋੜੋਂ ਵੱਧ ਉਤਸ਼ਾਹ ਦਿਖਾ ਕੇ ਇਸ ਸੰਕਟ ਵਿੱਚ ਹੋਰ ਯੋਗਦਾਨ ਹੀ ਪਾਇਆ ਹੈ, ਵਿੱਤੀ ਬਾਜ਼ਾਰਾਂ ਦੇ ਢਾਂਚੇ ਤੇ ਪ੍ਰਭਾਵਾਂ ਨੂੰ ਅਸੀਂ ਉਸ ਪੱਧਰ ਤੱਕ ਹਾਲੇ ਨਹੀਂ ਸਮਝ ਸਕੇ ਹਾਂ ਜਿੰਨਾ ਸਾਨੂੰ ਲੱਗਦਾ ਹੈ।

ਆਧੁਨਿਕ ਕਾਰਪੋਰੇਸ਼ਨਾਂ ਦਾ ਢਾਂਚਾ ਨਿਵੇਸ਼ਕਾਂ ਨੂੰ ਵੱਧ ਤੋਂ ਵੱਧ ਮੁਨਾਫ਼ਾ ਦੇਣ ਦੇ ਮੰਤਵ ਤਹਿਤ ਵਿਉਂਤਿਆ ਗਿਆ ਹੈ। ਇਹ ਆਪਣੀਆਂ ਕਾਰਵਾਈਆਂ ਦੇ ਸਿੱਟਿਆਂ ਲਈ ਸਮਾਜ ਤੇ ਵਾਤਾਵਰਨ ਪ੍ਰਤੀ ਸੀਮਤ ਤੌਰ 'ਤੇ ਕਾਨੂੰਨਨ ਜਵਾਬਦੇਹ ਹਨ। ਵੱਧ ਤੋਂ ਵੱਧ ਨਿਵੇਸ਼ਕਾਂ ਨੂੰ ਖਿੱਚਣ ਲਈ ਹੋੜ ਵਿਚ ਰੁੱਝੀਆਂ ਸਰਕਾਰਾਂ ਨੇ ਕਾਰਪੋਰੇਟ ਕੰਪਨੀਆਂ ਨੂੰ ਬਿਨਾਂ ਸਮਾਜਿਕ ਸੁਰੱਖਿਆ ਤੋਂ ਵਰਕਰਾਂ ਨੂੰ ਘੱਟ ਮਿਆਦ ਦੇ ਕੰਟਰੈਕਟ ਉੱਤੇ ਰੱਖਣ ਦੀ ਇਜਾਜ਼ਤ ਦੇ ਕੇ ਤੇ ਯੂਨੀਅਨਾਂ ਨੂੰ ਕਮਜ਼ੋਰ ਕਰ ਕੇ ਉਨ੍ਹਾਂ ਲਈ ਵੱਧ ਤੋਂ ਵੱਧ ਲਾਭ ਕਮਾਉਣ ਦਾ ਰਾਹ ਸੌਖਾ ਕਰ ਦਿੱਤਾ ਹੈ। ਮੁਨਾਫ਼ੇ ਲਈ ਜਨਤਕ ਜ਼ਮੀਨਾਂ ਨੂੰ ਕਾਰਪੋਰੇਟ ਸੰਪਤੀਆਂ 'ਚ ਤਬਦੀਲ ਕੀਤਾ ਜਾ ਰਿਹਾ ਹੈ। ਵਿੱਤੀ ਸਮਰੱਥਾ ਵਧਾਉਣ ਖਾਤਰ ਔਰਤਾਂ ਨੂੰ ਪਰਿਵਾਰਾਂ ਨਾਲੋਂ ਤੋੜ ਕੇ ਫੈਕਟਰੀਆਂ ਵਿੱਚ ਰੱਖਿਆ ਜਾ ਰਿਹਾ ਹੈ। ਜੀਡੀਪੀ ਵਧ ਰਹੀ ਹੈ ਪਰ ਵਾਤਾਵਰਨ ਤੇ ਸਮਾਜ ਕਸ਼ਟ ਝੱਲ ਰਿਹਾ ਹੈ।

ਸਾਨੂੰ ਇਹ ਸਿੱਖਣ ਦੀ ਲੋੜ ਹੈ ਕਿ ਦੂਜਿਆਂ ਦਾ ਖਿਆਲ ਰੱਖਣ ਦੀ ਭਾਵਨਾ ਦੀ ਕਦਰ ਕਿਵੇਂ ਕਰਨੀ ਹੈ। ਇਹ ਸ਼ਰਮਨਾਕ ਹੈ ਕਿ ਹੇਠਲੇ ਪੱਧਰ 'ਤੇ ਲੋਕਾਂ ਦੀ ਦੇਖ ਭਾਲ ਕਰਨ ਵਾਲੇ ਆਸ਼ਾ (ਐਕ੍ਰੈਡਿਟਡ ਸੋਸ਼ਲ ਹੈਲਥ ਐਕਟਿਵਿਸਟ) ਅਤੇ ਆਂਗਣਵਾੜੀ ਵਰਕਰਾਂ ਨੂੰ ਮਾਮੂਲੀ ਤਨਖ਼ਾਹ ਦਿੱਤੀ ਜਾਂਦੀ ਹੈ ਅਤੇ ਇਸੇ ਤਰ੍ਹਾਂ ਘਰੇਲੂ ਕਾਮਿਆਂ ਜਿਨ੍ਹਾਂ ਵਿਚ ਆਮ ਤੌਰ 'ਤੇ ਔਰਤਾਂ ਹੁੰਦੀਆਂ ਹਨ, ਨੂੰ ਕੋਈ ਸਮਾਜਿਕ ਸੁਰੱਖਿਆ ਨਹੀਂ ਮਿਲਦੀ ਤੇ ਉਨ੍ਹਾਂ ਨਾਲ ਮਾੜਾ ਸਲੂਕ ਕੀਤਾ ਜਾਂਦਾ ਹੈ।

ਸਾਰੀਆਂ ਸੰਸਥਾਵਾਂ ਦਾ ਸਮਾਜਿਕ ਖਾਸਾ ਹੁੰਦਾ ਹੈ ਤੇ ਇਨ੍ਹਾਂ ਵਾਸਤੇ ਖੜ੍ਹਵੀਆਂ ਅਤੇ ਲੇਟਵੀਆਂ/ਕਾਟਵੀਆਂ ਤੰਦਾਂ ਦਰਕਾਰ ਹੁੰਦੀਆਂ ਹਨ ਤਾਂ ਕਿ ਇਨ੍ਹਾਂ ਨੂੰ ਆਪੋ ਵਿਚ ਗੁੰਦ ਕੇ ਸਮਾਜ ਦੇ ਤਾਣੇ ਨੂੰ ਮਜ਼ਬੂਤ ਬਣਾਇਆ ਜਾ ਸਕੇ। ਸ਼ਾਸਕ (ਚੁਣਿਆ ਹੋਇਆ ਹੋਵੇ ਜਾਂ ਤਾਨਾਸ਼ਾਹ) ਅਤੇ ਨਾਗਰਿਕਾਂ ਵਿਚਕਾਰ ਸਬੰਧਾਂ ਦੇ ਖੜ੍ਹਵੇਂ ਢਾਂਚੇ ਹੁੰਦੇ ਹਨ। ਲੋਕਾਂ ਦਰਮਿਆਨ ਲੁਕਵੇਂ ਸਬੰਧ ਕਾਟਵੇਂ ਕਿਸਮ ਦੇ ਹੁੰਦੇ ਹਨ। ਜਦੋਂ ਕਾਟਵੇਂ ਢਾਂਚੇ ਕਮਜ਼ੋਰ ਪੈਂਦੇ ਹਨ ਅਤੇ ਤਾਣੇ ਵਿੱਚ ਤਣਾਅ ਆ ਜਾਂਦਾ ਹੈ ਤਾਂ ਨਾਗਰਿਕ ਹਰ ਸ਼ਖ਼ਸ ਅਤੇ ਚੀਜ਼ ਨੂੰ ਇਕੱਠਾ ਰੱਖਦੇ ਹਨ।

ਪੀਊ ਰਿਸਰਚ ਸੈਂਟਰ ਨੇ ਇਹ ਪਤਾ ਕਰਨ ਲਈ 2023 ਵਿਚ ਕਈ ਦੇਸ਼ਾਂ ਵਿਚ ਸਰਵੇਖਣ ਕਰਵਾਇਆ ਕਿ ਕਿੰਨੇ ਲੋਕ ਬਹੁ-ਪਾਰਟੀ ਲੋਕਤੰਤਰ ਨਾਲੋਂ ਨਿਰੰਕੁਸ਼ ਹਾਕਮਾਂ ਦੀ ਤਵੱਕੋ ਰੱਖਦੇ ਹਨ। ਤਾਨਾਸ਼ਾਹਾਂ ਨੂੰ ਚਾਹੁਣ ਵਾਲਿਆਂ ਦੀ ਸੰਖਿਆ ਦੇਖ ਕੇ ਲੋਕਰਾਜੀ ਧਿਰਾਂ ਨੂੰ ਮਾਯੂਸੀ ਹੋਵੇਗੀ। ਵਿਕਾਸਸ਼ੀਲ ਮੁਲਕਾਂ ਦੇ ਸਮੂਹ ਗਲੋਬਲ ਸਾਊਥ ਵਿੱਚ ਸਭ ਤੋਂ ਉੱਪਰ ਭਾਰਤ (85 ਫ਼ੀਸਦ) ਅਤੇ ਇਸ ਤੋਂ ਬਾਅਦ ਇੰਡੋਨੇਸ਼ੀਆ (77 ਫ਼ੀਸਦ), ਦੱਖਣੀ ਅਫਰੀਕਾ (66 ਫ਼ੀਸਦ) ਅਤੇ ਬ੍ਰਾਜ਼ੀਲ (57 ਫ਼ੀਸਦ) ਆਉਂਦੇ ਹਨ। ਵਿਕਸਤ ਦੇਸ਼ਾਂ ਵਿੱਚੋਂ ਬਰਤਾਨੀਆ ਵਿੱਚ 37 ਫ਼ੀਸਦ, ਅਮਰੀਕਾ ਵਿੱਚ 32 ਫ਼ੀਸਦ ਅੰਕੜਾ ਵੀ ਘੱਟ ਅਹਿਮ ਨਹੀਂ ਹੈ। ਚੀਨ ਅਤੇ ਰੂਸ ਵਿੱਚ ਇਹ ਸਰਵੇਖਣ ਨਹੀਂ ਕਰਵਾਇਆ ਗਿਆ ਸੀ। ਅਸਥਿਰਤਾ ਦੇ ਸਮਿਆਂ ਵਿੱਚ ਲੋਕ ਸਥਿਰਤਾ ਦੀ ਤਵੱਕੋ ਕਰਦੇ ਹਨ। ਉਹ ਤਾਂਤਰਿਕਾਂ, ਤਾਨਾਸ਼ਾਹਾਂ ਅਤੇ ਧਨਾਢ ਤਕਨਾਲੋਜੀਵਾਦੀਆਂ ਦੇ ਪਿੱਛੇ ਚਲਦੇ ਹਨ ਕਿਉਂਕਿ ਉਹ ਦਾਅਵਾ ਕਰਦੇ ਹਨ ਕਿ ਉਹ ਸਚਾਈ ਜਾਣਦੇ ਹਨ ਅਤੇ ਇਸ ਨੂੰ ਲਾਗੂ ਕਰਨ ਦੀ ਤਾਕਤ ਉਨ੍ਹਾਂ ਕੋਲ ਹੈ।

ਜਮਹੂਰੀ ਦੇਸ਼ਾਂ ਦੇ ਨਾਗਰਿਕਾਂ ਨੇ ਆਪਣੀਆਂ ਸਰਕਾਰਾਂ ਦੀਆਂ ਆਰਥਿਕ ਨੀਤੀਆਂ ਵਿਚ ਭਰੋਸਾ ਗੁਆ ਲਿਆ ਹੈ। ਔਸਤਨ ਆਮਦਨ ਵਧ ਸਕਦੀ ਹੈ ਪਰ ਬਹੁਤ ਜਿ ?ਆਦਾ ਅਮੀਰ ਲੋਕ ਹੋਰ ਤੇਜ਼ੀ ਨਾਲ ਅਮੀਰ ਹੋ ਰਹੇ ਹਨ।

ਦੁਨੀਆ ਨੂੰ ਮੁਕਾਬਲੇਬਾਜ਼ੀ ਘੱਟ ਸਗੋਂ ਇੱਕ ਦੂਜੇ ਦੀ ਦੇਖ ਭਾਲ ਕਰਨ ਦੇ ਭਾਵ ਦੀ ਜਿ ?ਆਦਾ ਲੋੜ ਹੈ। ਕਾਰੋਬਾਰੀ ਕਾਰਪੋਰੇਸ਼ਨਾਂ ਅਤੇ ਫ਼ੌਜਾਂ ਦਾ ਮੰਤਵ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਅਤੇ ਤਾਕਤ ਇਕੱਤਰ ਕਰਨਾ ਹੈ। ਦੁਨੀਆ ਦੇ ਹਾਲਾਤ ਸਭ ਲਈ ਤਦੇ ਬਿਹਤਰ ਹੋਣਗੇ ਜਦੋਂ ਇਨ੍ਹਾਂ ਨੂੰ ਚਲਾਉਣ ਵਾਲੀਆਂ ਸੰਸਥਾਵਾਂ ਦਾ ਮਨੋਰਥ ਸਹਿਯੋਗੀ ਹੋਵੇਗਾ, ਮੁਕਾਬਲੇਬਾਜ਼ੀ ਵਾਲਾ ਨਹੀਂ। ਔਰਤਾਂ ਸੁਭਾਵਿਕ ਤੌਰ 'ਤੇ ਪਰਿਵਾਰਾਂ ਦਾ ਨਿਰਮਾਣ ਕਰਨ ਵਾਲੀਆਂ ਹੁੰਦੀਆਂ ਹਨ; ਪੁਰਸ਼ਾਂ ਦਾ ਪਾਲਣ ਪੋਸ਼ਣ ਮੁਕਾਬਲੇਬਾਜ਼ੀ ਲਈ ਕੀਤਾ ਜਾਂਦਾ ਹੈ। ਔਰਤਾਂ ਨੂੰ ਪੁਰਸ਼ਾਂ ਵਾਂਗ ਸੋਚਣ, ਫ਼ੌਜ ਵਿੱਚ ਭਰਤੀ ਹੋਣ ਅਤੇ ਕਾਰਪੋਰੇਸ਼ਨਾਂ ਅੰਦਰ ਦਰਜਾਬੰਦੀਆਂ ਵਿਚ ਉਨ੍ਹਾਂ ਨਾਲ ਆਢਾ ਲੈਣ ਦੀ ਜਾਚ ਸਿਖਾਉਣ ਦੀ ਬਜਾਇ ਪੁਰਸ਼ਾਂ ਨੂੰ ਔਰਤਾਂ ਕੋਲੋਂ ਦੂਜੇ ਦਾ ਖਿਆਲ ਰੱਖਣ ਦਾ ਵੱਲ ਸਿੱਖਣ ਦੀ ਲੋੜ ਹੈ, ਤਦ ਹੀ ਦੁਨੀਆ ਨੂੰ ਸਭਨਾਂ ਲਈ ਬਿਹਤਰ ਬਣਾਇਆ ਜਾ ਸਕਦਾ ਹੈ।

# ਰੁਪਿੰਦਰ ਸਿੰਘ ਬੈਨੀਪਾਲ ਦੀ ਅਗਵਾਈ ਵਿੱਚ ਗੜ੍ਹੀ ਪੁਲ ਤੇ ਪੈਟਰੋਲ ਪੰਪ ਉੱਪਰ ਹੋਇਆ ਇਤਿਹਾਸਿਕ ਇਕੱਠ

## ਅਕਾਲੀ ਦਲ ਦੇ 'ਪੰਜਾਬ ਬਚਾਓ' ਯਾਤਰਾ ਦਾ ਮਾਛੀਵਾੜਾ ਸਾਹਿਬ ਪੁੱਜਣ ਤੇ ਭਰਵਾਂ ਸਵਾਗਤ

**ਮਾਛੀਵਾੜਾ ਸਾਹਿਬ, 12 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਹਲਕਾ ਸਮਰਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਵਲੋਂ ਕੱਢੀ ਜਾ ਰਹੀ 'ਪੰਜਾਬ ਬਚਾਓ' ਯਾਤਰਾ ਇਤਿਹਾਸਕ ਸ਼ਹਿਰ ਮਾਛੀਵਾੜਾ ਵਿਖੇ ਆ ਕੇ ਸਮਾਪਤ ਹੋਈ। ਇਸ 'ਪੰਜਾਬ ਬਚਾਓ' ਯਾਤਰਾ ਦੀ ਅਗਵਾਈ ਕਰ ਰਹੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਮਾਛੀਵਾੜ ?ਾ ਵਿਖੇ ਪੁੱਜਣ 'ਤੇ ਅਕਾਲੀ ਵਰਕਰਾਂ ਵਲੋਂ ਥਾਂ-ਥਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ। ਰੁਪਿੰਦਰ ਸਿੰਘ ਬੈਨੀਪਾਲ ਪ੍ਰਧਾਨ ਸ਼ੈਲਰ ਐਸੋਸੀਏਸ਼ਨ ਦੀ ਅਗਵਾਈ ਵਿੱਚ ਨੇ ਸਮਰਾਲਾ ਰੋਡ ਤੇ ਆਪਣੇ ਪੈਟਰੋਲ ਪੰਪ ਤੇ ਸੈਂਕੜੇ ਵਰਕਰਾਂ ਦੇ ਭਾਰੀ ਇਕੱਠ ਨੇ ਫੁੱਲਾਂ ਦੀ ਵਰਖਾ ਨਾਲ ਸੁਖਬੀਰ ਸਿੰਘ ਬਾਦਲ ਦਾ ਸਵਾਗਤ ਕੀਤਾ ਜਿੱਥੇ ਪੀ.ਏ.ਡੀ.ਬੀ. ਦੇ ਸਾਬਕਾ ਚੇਅਰਮੈਨ ਰੁਪਿੰਦਰ ਸਿੰਘ ਬੈਨੀਪਾਲ ਨੇ ਸ੍ਰੀ ਸਾਹਿਬ ਅਤੇ ਦੋਸ਼ਾਲਾ ਭੇਟ ਕਰਕੇ ਸਨਮਾਨ ਕੀਤਾ। ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰੁਪਿੰਦਰ ਸਿੰਘ ਬੈਨੀਪਾਲ ਨੂੰ ਥਾਪੜਾ ਦਿੰਦੇ ਹੋਏ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾ ਕੇ ਭੇਜੋ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਲਈ ਕੰਮ ਕਰਨ ਵਾਲੇ ਜੁਝਾਰੂ ਆਗੂਆਂ ਦਾ ਵੱਡਾ ਮਾਣ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਰੁਪਿੰਦਰ ਸਿੰਘ ਬੈਨੀਪਾਲ ਅਗਵਾਈ ਵਿੱਚ ਸੈਂਕੜੇ ਵਰਕਰਾਂ ਦਾ ਠਾਠਾ ਮਾਰਦਾ ਇਕੱਠ ਦੇਖ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਗੋ-ਬਾਗ ਹੋ ਗਏ ਅਤੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇੰਨ੍ਹਾਂ ਵੱਡਾ ਇਕੱਠ ਕੀਤਾ। ਇਸ ਮੌਕੇ 'ਪੰਜਾਬ ਬਚਾਓ ਯਾਤਰਾ' ਵਿੱਚ ਰੁਪਿੰਦਰ ਸਿੰਘ ਬੈਨੀਪਾਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵਿਰੋਧੀ ਪਾਰਟੀ ਤੇ ਉਮੀਦਵਾਰਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਉਮੀਦਵਾਰ ਨੂੰ ਬਹੁ ਗਿਣਤੀ ਵਿੱਚ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗੇ।

ਬੈਨੀਪਾਲ ਨੇ ਆਏ ਹੋਏ ਸੈਂਕੜੇ ਅਕਾਲੀ ਵਰਕਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਂ ਹਰ ਵਰਕਰ ਦਾ ਰਿਣੀ ਰਹਾਂਗਾ ਜਿਨ੍ਹਾਂ ਨੇ ਮੇਰੇ ਇੱਕ ਛੋਟੇ ਜਿਹੇ ਸੱਦੇ ਉੱਤੇ ਇੰਨ੍ਹਾਂ ਵੱਡਾ ਇਕੱਠ ਕੀਤਾ। 'ਪੰਜਾਬ ਬਚਾਓ' ਯਾਤਰਾ ਵਿੱਚ ਰੁਪਿੰਦਰ ਸਿੰਘ ਬੈਨੀਪਾਲ ਦੀ ਅਗਵਾਈ ਵਿੱਚ ਅਕਾਲੀ ਦਲ ਦੇ ਸਮਰਥਕਾਂ ਵਲੋਂ ਜ਼ੋਰਦਾਰ ਸਵਾਗਤ ਕੀਤਾ ਅਤੇ ਇਹ ਯਾਤਰਾ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਆ ਕੇ ਸਮਾਪਤ ਹੋਈ ਜਿੱਥੇ ਸੁਖਬੀਰ ਬਾਦਲ ਨਤਮਸਤਕ ਹੋਏ।


ਇੱਥੇ ਹਲਕਾ ਸਮਰਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਬਾਦਲ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ ਭੇਟ ਕਰਕੇ ਸਨਮਾਨਿਤ ਕੀਤਾ।

ਇਸ ਮੌਕੇ ਗੁਰਨਾਮ ਸਿੰਘ ਨਾਗਰਾ, ਸੋਨੂੰ ਨਾਗਪਾਲ, ਮਨਜੀਤ ਸਿੰਘ ਇਰਾਕ, ਸ਼ਾਮ ਸੁੰਦਰ, ਹਰਦੀਪ ਸਿੰਘ ਭੱਟੀਆਂ, ਗੁਰਮੀਤ ਸਿੰਘ ਕਾਹਲੋਂ, ਕੁਲਵਿੰਦਰ ਸਿੰਘ ਮਾਨ, ਸੰਤੋਖ ਸਿੰਘ ਲੌਂਗੀਆ, ਕੁਲਜੀਤ ਸਿੰਘ ਗਿੱਲ, ਜਗਦੀਸ਼ ਸਿੰਘ ਬਰਾੜ, ਬਲਜੀਤ ਸਿੰਘ ਗਿੱਲ, ਧਰਮਪਾਲ ਗੋਰਾ ਪ੍ਰਧਾਨ ਅਕਾਊਂਟੈਂਟ ਵੈਲਫੇਅਰ ਐਸੋਸੀਏਸ਼ਨ, ਗੁਰਦੇਵ ਸਿੰਘ ਗਿੱਲ, ਗਗਨਦੀਪ ਸਿੰਘ ਲੱਕੀ, ਅਸ਼ੋਕ ਕੁਮਾਰ ਸਤਿਆਣਾ, ਕਰਨ ਗਿੱਲ, ਦਵਿੰਦਰ ਸਿੰਘ ਗਿੱਲ, ਪਰਮਿੰਦਰ ਸਿੰਘ ਗਿੱਲ, ਦੇਸਰਾਜ ਰਹਿਮਾਬਾਦ, ਗੁਰਜਿੰਦਰ ਸਿੰਘ ਗਿੱਲ, ਗੁਰਦੀਪ ਸਿੰਘ ਗੁਰੋਂ, ਜਗਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਸਰਪੰਚ-ਪੰਚ ਅਤੇ ਆੜ੍ਹਤੀ ਭਾਈਚਾਰਾ ਮੌਜੂਦ ਸੀ।

# ਕਣਕ ਦੀ ਵਾਢੀ ਤੋਂ ਪਹਿਲਾਂ ਪਿੰਡਾਂ ਵਿੱਚ ਲੱਗੀਆਂ ਚੋਣ ਰੌਣਕਾਂ

## ਫਰੀਦਕੋਟ ਹਲਕੇ ਵਿੱਚ ਅਨਮੋਲ ਅਤੇ ਹੰਸ ਰਾਜ ਹੰਸ ਨੇ ਰੁੱਸਿਆਂ ਨੂੰ ਮਨਾਉਣ ਵਾਲਾ ਪਹਿਲਾ ਪੜਾਅ ਮੁਕੰਮਲ ਕੀਤਾ

**ਮੋਗਾ, 12 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**



ਮੋਗਾ ਵਿੱਚ ਪਿੰਡਾਂ ਵਿੱਚ ਚੋਣ ਪ੍ਰਚਾਰ ਦੌਰਾਨ 'ਆਪ' ਉਮੀਦਵਾਰ ਕਰਮਜੀਤ ਅਨਮੋਲ



ਭਾਜਪਾ ਆਗੂ ਸਾਬਕਾ ਐੱਸਪੀ ਮੁਖ਼ਤਿਆਰ ਸਿੰਘ ਦੇ ਘਰ ਭਾਜਪਾ ਉਮੀਦਵਾਰ ਹੰਸ ਰਾਜ ਹੰਸ

ਫ਼ਰੀਦਕੋਟ ਰਾਖਵਾਂ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਅੱਜ ਮੋਗਾ ਸ਼ਹਿਰੀ ਵਿਧਾਨ ਸਭਾ ਹਲਕੇ ਦੇ ਕਰੀਬ 15 ਪਿੰਡਾਂ ਵਿੱ ਪ੍ਰਚਾਰ ਕੀਤਾ ਜਦੋਂਕਿ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦੀ ਸ਼ਹਿਰੀ ਵੋਟਰਾਂ 'ਤੇ ਟੇਕ ਹੈ ਅਤੇ ਉਹ ਚੋਣ ਪ੍ਰਚਾਰ ਵਿੱਚ ਫ਼ਾਡੀ ਹਨ। ਦੂਜੇ ਪਾਸੇ ਅਕਾਲੀ ਦਲ ਅਤੇ ਕਾਂਗਰਸ ਵੱਲੋਂ ਉਮੀਦਵਾਰਾਂ ਲਈ ਮੰਥਨ ਕੀਤਾ ਜਾ ਰਿਹਾ ਹੈ। ਹਲਕੇ 'ਚ 'ਆਪ' ਤੇ ਭਾਜਪਾ ਉਮੀਦਵਾਰਾਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਦੋਵੇਂ ਉਮੀਦਵਾਰਾਂ ਨੇ ਡੇਰਿਆਂ 'ਤੇ ਨਤਮਸਤਕ ਹੋਣ ਅਤੇ ਰੁੱਸਿਆਂ ਨੂੰ ਮਨਾਉਣ ਵਾਲਾ ਪਹਿਲਾ ਪੜਾਅ ਮੁਕੰਮਲ ਕਰ ਲਿਆ ਹੈ।

ਪੰਜਾਬ ਵਿੱਚ ਪਹਿਲੀ ਜੂਨ ਨੂੰ ਵੋਟਾਂ ਪੈਣੀਆਂ ਹਨ। ਉਦੋਂ ਤੱਕ ਕਣਕ ਦੀ ਵਾਢੀ ਦਾ ਕੰਮ ਨਿੱਬੜ ਜਾਵੇਗਾ। ਬੇਮੌਸਮੀ ਬਰਸਾਤ ਕਾਰਨ ਕਣਕ ਦੀ ਵਾਢੀ ਪਛੜ ਗਈ ਹੈ ਤੇ ਵਾਢੀ ਕੁਝ ਦਿਨ ਪਛੜਨ ਦਾ 'ਆਪ' ਉਮੀਦਵਾਰ ਵੱਲੋਂ ਲਾਹਾ ਲਿਆ ਜਾ ਰਿਹਾ ਹੈ। ਇਸੇ ਕਾਰਨ ਅਨਮੋਲ ਨੇ ਇਨ੍ਹੀਂ ਦਿਨੀਂ ਆਪਣਾ ਸਾਰਾ ਧਿਆਨ ਪੇਂਡੂ ਖੇਤਰ 'ਤੇ ਹੀ ਕੇਂਦਰਿਤ ਕੀਤਾ ਹੋਇਆ ਹੈ ਅਤੇ ਸ਼ਹਿਰੀ ਖੇਤਰ ਨੂੰ ਲਗਪਗ ਨਜ਼ਰਅੰਦਾਜ਼ ਹੀ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਵਰਕਰਾਂ ਵੱਲੋਂ ਪ੍ਰਚਾਰ ਨੂੰ ਰੋਡ ਸ਼ੋਅ ਦਾ ਰੂਪ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਦੋ ਸਾਲ ਵਿੱਚ ਕੀਤੇ ਕੰਮਾਂ ਨੂੰ ਹਰ ਵੋਟਰ ਕੋਲ ਲੈ ਕੇ ਜਾਵਾਂਗੇ।

ਇਸ ਹਲਕੇ ਤੋਂ ਭਾਜਪਾ ਉਮੀਦਵਾਰ ਹੰਸ ਦੀ ਸ਼ਹਿਰੀ ਵੋਟਰਾਂ ਉੱਤੇ ਹੀ ਟੇਕ ਹੈ। ਉਹ ਚੋਣ ਪ੍ਰਚਾਰ ਪੱਖੋਂ ਵੀ ਫਾਡੀ ਹਨ। ਭਾਜਪਾ ਦਾ ਵਿਰੋਧ ਹੋਣ ਕਾਰਨ ਉਨ੍ਹਾਂ ਸਾਰਾ ਧਿਆਨ ਸ਼ਹਿਰੀ ਵੋਟਰਾਂ ਉੱਤੇ ਕੇਂਦਰਿਤ ਕੀਤਾ ਹੋਇਆ ਹੈ। ਉਨ੍ਹਾਂ ਵੱਲੋਂ ਸ਼ਹਿਰ ਵਿੱਚ ਹਾਸ਼ੀਆਗਤ ਅਤੇ ਅੰਦਰੂਨੀ ਤੌਰ 'ਤੇ ਨਾਰਾਜ਼ ਚੱਲ ਰਹੇ ਸਿਆਸੀ ਆਗੂਆਂ ਨਾਲ ਵੀ ਬੰਦ ਕਮਰਾ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਭਾਜਪਾ ਆਗੂ ਮੁਤਾਬਕ ਪਾਰਟੀ ਦੀ ਯੋਜਨਾ ਹੈ ਕਿ ਪਿੰਡਾਂ ਦਾ ਵੋਟ ਬੈਂਕ 'ਆਪ' ਕਾਂਗਰਸ ਤੇ ਅਕਾਲੀ ਦਲ ਵਿੱਚ ਵੰਡਿਆ ਜਾਣਾ ਹੈ। ਪਾਰਟੀ ਦਾ ਸਾਰਾ ਧਿਆਨ ਸ਼ਹਿਰੀ ਵੋਟਰਾਂ ਉੱਤੇ ਹੈ। ਹੰਸ ਦੇ ਸਥਾਨਕ ਭਾਜਪਾ ਆਗੂਆਂ ਦੇ ਹੀ ਘਰਾਂ ਵਿੱਚ ਜਾਣ 'ਤੇ ਪਾਰਟੀ ਆਗੂਆਂ ਨੇ ਹੀ ਸਵਾਲ ਖੜ੍ਹੇ ਕਰਦੇ ਆਖਿਆ ਕਿ ਵਰਕਰਾਂ ਨੂੰ ਕਲਾਵੇ ਵਿੱਚ ਲੈਣਾ ਚਾਹੀਦਾ ਹੈ।

# ਚੋਣ ਜ਼ਾਬਤੇ ਦੀ ਉਲੰਘਣਾ ਤਹਿਤ ਪਟਿਆਲਾ 'ਚ ਕੇਸ ਦਰਜ

**ਪਟਿਆਲਾ, 12 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦਾ ਨੋਟਿਸ ਲੈਂਦਿਆਂ, ਪਟਿਆਲਾ ਪੁਲੀਸ ਨੇ ਪੀਸੀਐੱਮਸੀ ਕਮੇਟੀ ਪਟਿਆਲਾ ਦੀਆਂ ਸਿਫ਼ਾਰਸ਼ਾਂ 'ਤੇ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਸਥਿਤ ਪ੍ਰਾਈਮ ਸਿਨੇਮਾ ਦੇ ਮਾਲਕਾਂ ਅਤੇ ਪ੍ਰਬੰਧਕਾਂ ਸਣੇ ਕਿਊਬ ਸਿਨੇਮਾ ਦੇ ਇੰਚਾਰਜ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਸੀਈਓ ਦਫ਼ਤਰ ਨੂੰ 6 ਅਪਰੈਲ ਨੂੰ ਆਰਟੀਆਈ ਕਾਰਕੁਨ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੀ ਸ਼ਿਕਾਇਤ ਭੇਜੀ ਗਈ ਸੀ। ਇਸ ਵਿੱਚ ਸਰਕਾਰ ਅਤੇ ਮੁੱਖ ਮੰਤਰੀ ਦੇ ਲੋਗੋ ਵਾਲੇ ਪ੍ਰਚਾਰ 'ਤੇ ਆਧਾਰਤ ਵੀਡੀਓ ਸੂਬੇ ਭਰ ਦੇ ਸਿਨੇਮਾਘਰਾਂ 'ਚ ਦਿਖਾਉਣ ਬਾਰੇ ਦੱਸਿਆ ਗਿਆ ਸੀ। ਪ੍ਰਾਈਮ ਸਿਨੇਮਾ ਰਾਜਪੁਰਾ ਵਿੱਚ ਹੋਣ ਕਾਰਨ ਇਹ ਡੀਸੀ ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਜਦਕਿ ਸਰਕਾਰ ਦੇ ਅਜਿਹੇ ਸਾਰੇ ਇਸ਼ਤਿਹਾਰ ਜਾਰੀ ਕਰਨ ਦਾ ਅਧਿਕਾਰੀ ਲੋਕ ਸੰਪਰਕ ਵਿਭਾਗ ਪੰਜਾਬ ਦੇ ਸਕੱਤਰ ਅਧੀਨ ਆਉਂਦਾ ਹੈ। ਇਸ ਤਰ੍ਹਾਂ ਸੀਈਓ ਪੰਜਾਬ ਨੇ ਇਸ ਸਬੰਧੀ ਡੀਸੀ ਪਟਿਆਲਾ ਤੋਂ ਰਿਪੋਰਟ ਮੰਗੀ। ਅਜਿਹੀ ਮੁਢਲੀ ਕਾਰਵਾਈ ਦੇ ਚੱਲਦਿਆਂ ਆਖਰ ਸੀਈਓ ਦੇ ਆਦੇਸ਼ਾਂ 'ਤੇ ਪ੍ਰਾਈਮ ਸਿਨੇਮਾ ਰਾਜਪੁਰਾ ਦੇ ਮੈਨੇਜਰ ਪਰਮਜੀਤ ਸਿੰਘ ਨੂੰ ਪਹਿਲਾਂ ਨੋਟਿਸ ਜਾਰੀ ਕੀਤਾ ਗਿਆ। ਫੇਰ ਉਡਣ ਦਸਤੇ ਨੇ ਸਿਨੇਮੇ ਦਾ ਦੌਰਾ ਕੀਤਾ। ਜਾਂਚ ਮਗਰੋਂ ਪਟਿਆਲਾ ਪੁਲੀਸ ਨੇ ਪ੍ਰਾਈਮ ਸਿਨੇਮਾ ਦੇ ਮਾਲਕ ਅਤੇ ਪ੍ਰਬੰਧਕਾਂ ਖ਼ਿਲਾਫ਼ ਕੇਸ ਦਰਜ ਕਰ ਲਿਆ।

ਸੰਪਰਕ ਕਰਨ 'ਤੇ ਪਟਿਆਲਾ ਦੇ ਐੱਸਐੱਸਪੀ ਵਰੁਣ ਸ਼ਰਮਾ ਨੇ ਇਹ ਕੇਸ ਦਰਜ ਹੋਣ ਦੀ ਪੁਸ਼ਟੀ ਕੀਤੀ ਹੈ। ਉਧਰ, ਸੀਈਓ ਨੇ ਕਿਹਾ ਕਿ ਕਮਿਸ਼ਨ ਦੇ ਅਗਲੇ ਨਿਰਦੇਸ਼ਾਂ ਲਈ ਸੀਈਓ ਦਫ਼ਤਰ ਪੰਜਾਬ ਵੱਲੋਂ ਇੱਕ ਰਿਪੋਰਟ ਭਾਰਤੀ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਗਈ ਹੈ।

# ਰੋਆਇਲ ਪਟਿਆਲਾ ਕਲਚਰ ਐਂਡ ਵੈਲਫੇਅਰ ਸੁਸਾਈਟੀ

**ਪਟਿਆਲਾ, 12 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**



ਰੋਆਇਲ ਪਟਿਆਲਾ ਕਲਚਰ ਐਂਡ ਵੈਲਫੇਅਰ ਸੁਸਾਈਟੀ ਵਲੋਂ ਸਥਾਨਕ ਇਕ ਹੋਟਲ ਵਿਖੇ ਸੁਸਾਈਟੀ ਦੀ ਮੀਟਿੰਗ ਹੋਈ। ਸੁਸਾਈਟੀ ਦੇ ਪ੍ਰੈਸ ਸਕੱਤਰ ਜਗਪ੍ਰੀਤ ਸਿੰਘ ਮਹਾਜਨ ਨੇ ਦੱਸਿਆ ਕਿ ਮੀਟਿੰਗ ਵਿਚੱ ਸੁਸਾਈਟੀ ਦੇ ਚੀਫ ਐਡਵਾਈਜ਼ਰ ਕਰਨਲ ਸੁਰਿੰਦਰ ਸਿੰਘ, ਪ੍ਰਧਾਨ ਬਰਿੰਦਰ ਸਿੰਘ ਖੁੱਰਲ, ਚੈਅਰਮੈਨ ਡਾ. ਬ੍ਰਿਜੇਸ਼ ਮੌਦੀ, ਪਰਵੀਨ ਜੀ, ਡਾ.ਜੇ.ਐਸ.ਸੇਠੀ, ਰਵਿੰਦਰ ਕੈੜਾ, ਸ੍ਰੀਮਤੀ ਅੰਮ੍ਰਿਤਾ ਸਿੰਘ, ਮੈਡਮ ਅਰਵਿੰਦਰ ਕੌਰ, ਪ੍ਰੇਮ ਸੇਠੀ, ਜੋਤੀ ਰਾਣਾ ਅਤੇ ਰਨਦੀਪ ਅਰੋੜਾ ਸ਼ਾਮਲ ਸਨ। ਸੁਸਾਈਟੀ ਵਲੋਂ ਕਈਂ ਵਿਸ਼ੇਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਵੇਂ ਕਿ ਨਵੇਂ ਬੱਚਿਆਂ ਨੂੰ ਸੰਗੀਤ ਨਾਲ ਜੋੜਨ ਬਾਰੇ, ਹੋਰ ਸੰਸਥਾਵਾਂ ਨਾਲ ਮਿਲ ਕੇ ਪ੍ਰੋਗਰਾਮ ਉਲੀਕਣ ਬਾਰੇ, ਬੱਚਿਆਂ ਨੂੰ ਪ੍ਰਮੋਟ ਕਰਨ ਬਾਰੇ, ਹੋਰਨਾਂ ਸੰਸਥਾਵਾਂ ਨੂੰ ਸਹਿਯੋਗ ਦੇਣ ਬਾਰੇ, ਸਿੰਗਰਜ਼ ਦੀ ਗਾਈਕੀ ਵਿੱਚ ਸੁਧਾਰ ਲਿਆਉਣ ਬਾਰੇ ਆਦਿ ਕਈਂ ਮੱਹਤਵਪੂਰਨ ਫੈਂਸਲੇ ਲਏ ਗਏ। ਮੀਟਿੰਗ ਦੋਰਾਨ ਵਿਚਾਰ ਵਟਾਂਦਰੇ ਤੋਂ ਬਾਅਦ ਆਏ ਸਾਰੇ ਮੈਂਬਰਾਂ ਨੇ ਗੀਤ ਗਾਉਣੇ ਸੁ ?ਰੂ ਕੀਤੇ ਤੇ ਮਾਹੋਲ ਨੂੰ ਸੰਗੀਤਮਈ ਬਣਾਇਆ। ਅੰਤ ਵਿੱਚ ਡਾ. ਬ੍ਰਿਜੇਸ਼ ਮੌਦੀ ਨੇ ਆਏ ਸਾਰੇ ਮੈਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਈਟੀ ਦੇ ਮੈਂਬਰਾਂ ਦੀ ਅਜਿਹੀ ਮੀਟਿੰਗ ਘੱਟੋ ਘੱਟ ਦੋ ਮਹੀਨੇ ਬਾਅਦ ਜਰੂਰ ਰਖੀ ਜਾਵੇਗੀ।

# ਮਜ਼ਬੂਤ ਮੋਦੀ ਸਰਕਾਰ ਹੇਠ ਅਤਿਵਾਦੀਆਂ ਨੂੰ ਉਨ੍ਹਾਂ ਦੇ ਘਰਾਂ 'ਚ ਜਾ ਕੇ ਮਾਰਿਆ ਜਾਂਦਾ ਹੈ: ਪ੍ਰਧਾਨ ਮੰਤਰੀ

**ਰਿਸ਼ੀਕੇਸ਼, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਮਜ਼ਬੂਤ' ਸਰਕਾਰ ਦੇ ਤਹਿਤ ਦੇਸ਼ ਦੇ ਸੁਰੱਖਿਆ ਬਲ ਅਤਿਵਾਦੀਆਂ ਨੂੰ ਉਨ੍ਹਾਂ ਦੇ ਘਰ ਵਿੱਚ ਜਾ ਕੇ ਖਤਮ ਕਰ ਰਹੇ ਹਨ।



ਇੱਥੇ ਚੋਣ ਰੈਲੀ ਵਿੱਚ ਸ੍ਰੀ ਮੋਦੀ ਨੇ ਕਿਹਾ ਕਿ 'ਫਿਰ ਏਕ ਬਾਰ ਮੋਦੀ ਸਰਕਾਰ' ਦੀ ਗੂੰਜ ਦੇਸ਼ ਭਰ ਵਿੱਚ ਸੁਣ ਰਹੀ ਹੈ ਕਿਉਂਕਿ ਲੋਕਾਂ ਨੇ ਸਥਿਰ ਸਰਕਾਰ ਹੋਣ ਦੇ ਫਾਇਦੇ ਦੇਖ ਲਏ ਹਨ। ਦੇਸ਼ ਵਿੱਚ ਜਦੋਂ ਵੀ ਕਮਜ਼ੋਰ ਅਤੇ ਅਸਥਿਰ ਸਰਕਾਰਾਂ ਆਈਆਂ ਤਾਂ ਦੁਸ਼ਮਣਾਂ ਨੇ ਫਾਇਦਾ ਉਠਾਇਆ ਅਤੇ ਅਤਿਵਾਦ ਫੈਲਿਆ ਪਰ ਇੱਕ ਮਜ਼ਬੂਤ ? ?ਮੋਦੀ ਸਰਕਾਰ ਅਧੀਨ ਸਾਡੀਆਂ ਫੌਜਾਂ ਅਤਿਵਾਦੀਆਂ ਨੂੰ ਉਨ੍ਹਾਂ ਦੇ ਘਰ ਵਿੱਚ ਵੜ ਕੇ ਮਾਰ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰੀਆਂ ਨੂੰ ਦੇਸ਼ ਨੂੰ ਲੁੱਟਣ ਤੋਂ ਰੋਕਿਆ।

# ਦਿੱਲੀ ਆਬਕਾਰੀ ਮਾਮਲੇ 'ਚ ਸੀਬੀਆਈ ਨੇ ਕਵਿਤਾ ਨੂੰ ਗ੍ਰਿਫ਼ਤਾਰ ਕੀਤਾ

**ਨਵੀਂ ਦਿੱਲੀ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਕਥਿਤ ਦਿੱਲੀ ਆਬਕਾਰੀ ਨੀਤੀ ਘਪਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਨੇਤਾ ਕੇ. ਕਵਿਤਾ ਨੂੰ ਅੱਜ ਗ੍ਰਿਫਤਾਰ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਤਿਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਧੀ ਕਵਿਤਾ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਤਿਹਾੜ ਜੇਲ੍ਹ ਵਿੱਚ ਹੈ। ਉੱਥੇ ਹੀ ਸੀਬੀਆਈ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ।



# ਸਿਕੰਦਰ ਸਿੰਘ ਮਲੂਕਾ ਦੀ ਨੂੰਹ ਤੇ ਪੁੱਤ ਭਾਜਪਾ 'ਚ ਸ਼ਾਮਲ, ਪਰਮਪਾਲ ਕੌਰ ਸਿੱਧੂ ਬਠਿੰਡਾ ਤੋਂ ਲੜ ਸਕਦੀ ਹੈ ਲੋਕ ਸਭਾ ਚੋਣ

## ਮਾਨ ਵੱਲੋਂ ਮਲੂਕਾ ਦੀ ਨੂੰਹ ਦਾ ਅਸਤੀਫ਼ਾ ਨਾ ਮਨਜ਼ੂਰ





**ਨਵੀਂ ਦਿੱਲੀ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸਤ ਵਿਚ ਦਲ ਬਦਲੀਆਂ ਦਾ ਦੌਰ ਲਗਾਤਾਰ ਜਾਰੀ ਹੈ। ਇਸ ਦੇ ਨਾਲ ਹੀ ਹੁਣ ਅਕਾਲੀ ਦਲ ਦੇ ਸਿਰ ਕੱਢ ਆਗੂ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਅਤੇ ਨੂੰਹ ਪਰਮਪਾਲ ਕੌਰ ਮਲੂਕਾ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਰਾਮਪੂਰਾ ਫੂਲ ਦੇ ਪਿੰਡ ਮਲੂਕਾ ਦੇ ਰਹਿਣ ਵਾਲੇ ਮਲੂਕਾ ਪਰਿਵਾਰ ਦੀ ਸਿਆਤ ਵਿਚ ਚੰਗੀ ਪੈਠ ਹੈ।

ਆਈ. ਏ. ਐੱਸ ਅਧਿਕਾਰੀ ਪਰਮਪਾਲ ਕੌਰ ਸਿੱਧੂ ਦੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵਿਰੁੱਧ ਚੋਣ ਲੜਨ ਦੀ ਸੰਭਾਵਨਾ ਹੈ। ਭਾਜਪਾ 'ਚ ਸ਼ਮੂਲੀਅਤ ਕਰਾਉਣ ਵੇਲੇ ਕੇਂਦਰੀ ਮੰਤਰੀ ਹਰਦੀਪ ਪੁਰੀ ਹਾਜ਼ਰ ਸਨ।

ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਵੱਲੋਂ ਆਈ. ਏ. ਐੱਸ ਅਹੁਦੇ ਤੋਂ ਦਿੱਤਾ ਅਸਤੀਫ਼ਾ ਨਾਮਨਜ਼ੂਰ ਕਰ ਲਿਆ ਹੈ। ਅੱਜ ਆਪਣੇ ਪਤੀ ਨਾਲ ਭਾਜਪਾ ਵਿਚ ਸ਼ਾਮਲ ਹੋਣ ਵਾਲੀ ਪਰਮਪਾਲ ਕੌਰ ਦੇ ਅਸਤੀਫ਼ੇ 'ਤੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਰਮਪਾਲ ਕੌਰ ਜੀ ਆਈ. ਏ. ਐੱਸ. ਅਫਸਰ ਦੇ ਤੌਰ 'ਤੇ ਅਸਤੀਫਾ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਨਹੀਂ ਕੀਤਾ ਗਿਆ। ਬੀਬਾ ਜੀ ਜਿੰਨੀ ਕਾਹਲੀ ਆਈ. ਏ. ਐੱਸ. ਬਣਨ ਦੀ ਸੀ ਛੱਡਣ ਲਈ ਕੋਈ ਤੌਰ ਤਰੀਕੇ ਹਨ। ਕਿਰਪਾ ਕਰਕੇ ਅਸਤੀਫ਼ਾ ਦੇਣ ਦੇ ਤਰੀਕੇ ਸਮਝੋ, ਨਹੀਂ ਤਾਂ ਸਾਰੀ ਉਮਰ ਦੀ ਕਮਾਈ ਖਤਰੇ 'ਚ ਪੈ ਸਕਦੀ ਹੈ।

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਪੀ.ਏ.ਐੱਮ.ਐੱਸ. ਦੀ ਸ਼ੁਰੂਆਤ



**ਚੰਡੀਗੜ੍ਹ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਰਪੱਖ ਅਤੇ ਸੁਚਾਰੂ ਚੋਣ ਅਮਲ ਨੂੰ ਯਕੀਨੀ ਬਣਾਉਣ ਲਈ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਅੱਜ ਇੱਥੇ ਆਪਣੇ ਦਫ਼ਤਰ ਵਿਖੇ ਲੋਕ ਸਭਾ ਚੋਣਾਂ 2024 ਲਈ ਪੋਲ ਐਕਟੀਵਿਟੀ ਮੈਨੇਜਮੈਂਟ ਸਿਸਟਮ (ਪੀ.ਏ.ਐਮ.ਐਸ.) ਦੀ ਸ਼ੁਰੂਆਤ ਕੀਤੀ ਗਈ। ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੀ.ਏ.ਐੱਮ.ਐੱਸ. ਨੇ ਵੱਖ-ਵੱਖ ਚੋਣ ਪ੍ਰੋਗਰਾਮਾਂ ਜਿਵੇਂ ਕਿ ਪੋਲ ਪਾਰਟੀਆਂ ਦੀਆਂ ਗਤੀਵਿਧੀਆਂ, ਮੌਕ ਪੋਲ, ਵੋਟਿੰਗ ਪ੍ਰਕਿਰਿਆ ਸ਼ੁਰੂ ਤੇ ਬੰਦ ਹੋਣ, ਸ਼ਾਮ 6 ਵਜੇ ਕਤਾਰ ਵਿਚ ਖੜ੍ਹੇ ਵੋਟਰਾਂ ਦੀ ਗਿਣਤੀ, ਜਮ੍ਹਾਂ ਕਰਵਾਈ ਗਈ ਸਮੱਗਰੀ ਆਦਿ ਦੀ ਨਿਗਰਾਨੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਹ ਪ੍ਰਣਾਲੀ ਇਕ ਸਮਰਪਿਤ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਜ਼ਰੀਏ ਸੈਕਟਰ ਮੈਜਿਸਟ੍ਰੇਟਾਂ ਵੱਲੋਂ ਸਾਰੇ ਪੋਲਿੰਗ ਸਟੇਸ਼ਨਾਂ ਵਿਖੇ ਵੱਖ-ਵੱਖ ਗਤੀਵਿਧੀਆਂ ਦੀ ਰੀਅਲ ਟਾਈਮ ਮਾਨੀਟਰਿੰਗ ਲਈ ਵਧੇਰੇ ਮਦਦਗਾਰ ਸਿੱਧ ਹੋਈ।

ਸਿਬਿਨ ਸੀ ਨੇ ਦੱਸਿਆ ਕਿ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਪੀ.ਏ.ਐਮ.ਐਸ. ਨੂੰ ਹੋਰ ਵੀ ਕਾਰਗਰ ਬਣਾਇਆ ਗਿਆ ਹੈ, ਜੋ ਚੋਣ ਪ੍ਰਕਿਰਿਆ ਦੌਰਾਨ ਪਾਰਦਰਸ਼ਤਾ ਨੂੰ ਯਕੀਨੀ ਬਣਾਉਂਦਿਆਂ ਚੋਣਾਂ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਦੇ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਅੱਗੇ ਦੱਸਿਆ ਕਿ ਰੀਅਲ-ਟਾਈਮ ਅਪਡੇਟਸ ਲਈ ਐਂਡਰਾਇਡ ਅਤੇ ਆਈ.ਓ.ਐੱਸ. ਪਲੇਟਫਾਰਮਾਂ ਵਾਸਤੇ ਮੋਬਾਈਲ ਐਪਲੀਕੇਸ਼ਨਾਂ ਵਿਕਸਿਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਐਪਲੀਕੇਸ਼ਨ ਅਤੇ ਸਰਵਰ ਦਰਮਿਆਨ ਪ੍ਰਭਾਵੀ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਇਕ ਟੋਕਨ-ਅਧਾਰਤ ਅਕਸੈਸ ਐਲਗੋਰਿਦਮ ਵੀ ਲਾਗੂ ਕੀਤਾ ਗਿਆ ਹੈ।

ਜੀ.ਪੀ.ਐਸ. ਕੋਆਰਡੀਨੇਟਸ ਦੀ ਵਰਤੋਂ ਕਰਦਿਆਂ ਇਹ ਐਪਲੀਕੇਸ਼ਨ ਡਿਸਪੈਚ ਪ੍ਰਕਿਰਿਆ ਦੌਰਾਨ ਪਾਰਟੀਆਂ ਦੀ ਹਲਚਲ 'ਤੇ ਬਾਰੀਕੀ ਨਾਲ ਨਜ਼ਰ ਰੱਖਦੀ ਹੈ ਅਤੇ ਹਰ ਕਦਮ 'ਤੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਂਦੀ ਹੈ।

# ਕਣਕ ਦੇ ਸੀਜਨ ਨੂੰ ਲੈ ਕੇ ਨਾਭਾ ਦਾਣਾ ਮੰਡੀ ਦੇ ਅਹੁਦੇਦਾਰਾਂ ਨਾਲ ਦੇਵ ਮਾਨ ਨੇ ਕੀਤੀ ਵਿਸ਼ੇਸ਼ ਮੀਟਿੰਗ



**ਨਾਭਾ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋ ਮੰਡੀਆਂ ਵਿੱਚ ਕਣਕ ਦੀ ਖਰੀਦ ਦੀਆਂ ਤਿਆਰੀਆਂ ਦੀ ਪਿਛਲੇ ਦਿਨੀ ਸਮੀਖਿਆ ਕੀਤੀ ਗਈ ਜਿਸ ਵਿੱਚ ਮੰਡੀਆਂ 'ਚ ਪ੍ਰਬੰਧ ਮੁਕੰਮਲ ਕਰਨ ਲਈ ਹਦਾਇਤਾਂ ਦਿੱਤੀਆਂ ਗਈਆ ਅਤੇ ਉਨਾਂ ਵੱਲੋ ਇਹ ਕਿਹਾ ਗਿਆ ਕਿ ਟਰਾਲੀ ਤੋਂ ਫ਼ਸਲ ਲੈਂਦੇ ਹੀ ਕਿਸਾਨਾਂ ਦੀ ਫ਼ਸਲ ਦਾ ਭੁਗਤਾਨ ਹੋਵੇਗਾ ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਅਨਾਜ ਮੰਡੀ ਨਾਭਾ ਦੇ ਦਫਤਰ ਵਿੱਚ ਕਰਮਜੀਤ ਸਿੰਘ ਅਲਹੋਰਾਂ ਦੀ ਅਗਵਾਈ ਵਿੱਚ ਕੀਤੀ ਮੀਟਿੰਗ ਉਪਰੰਤ ਕੀਤਾ ਮੀਟਿੰਗ ਵਿੱਚ ਉਨਾਂ ਦੱਸਿਆ ਕਿ ਬਾਰਦਾਨੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ , ਢੋਅ ਢੁਆਈ ਨੂੰ ਲੈ ਕੇ ਟਰੱਕ ਯੂਨੀਅਨ ਨਾਭਾ ਵਿਸ਼ੇਸ਼ ਨੂੰ ਹਦਾਇਤਾਂ ਦਿੱਤੀਆ ਗਈਆ ,ਠੇਕੇਦਾਰ ਨੂੰ ਲੇਬਰ ਦੀ ਕਮੀ ਤੁਰੰਤ ਦੂਰ ਕਰਨ ਲਈ ਹਦਾਇਤਾਂ ਦਿੱਤੀਆ ਗਈਆ ਹਨ।

# ਪੰਜਾਬੀ ਆਪਣੀਆਂ ਵੋਟਾਂ ਨਾਲ ਦਿੱਲੀ ਆਧਾਰਿਤ ਪਾਰਟੀਆਂ ਵਾਸਤੇ ਪੰਜਾਬ ਦੇ ਬਾਰਡਰ ਸੀਲ ਕਰ ਦੇਣ: ਸੁਖਬੀਰ ਸਿੰਘ ਬਾਦਲ

**ਪਟਿਆਲਾ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੀਆਂ ਵੋਟਾਂ ਨਾਲ ਦਿੱਲੀ ਆਧਾਰਿਤ ਪਾਰਟੀਆਂ ਲਈ ਪੰਜਾਬ ਦੇ ਬਾਰਡਰ ਸੀਲ ਕਰ ਦੇਣ ਤੇ ਉਹਨਾਂ ਜ਼ੋਰ ਦੇ ਕੇ ਕਿਹਾ ਕਿ ਦਿੱਲੀ ਆਧਾਰਿਤ ਸਾਰੀਆਂ ਪਾਰਟੀਆਂ ਸਿਰਫ ਆਪਣੀ ਹਾਈ ਕਮਾਂਡ ਦੀ ਸੁਣਦੀਆਂ ਹਨ ਜਿਵੇਂ ਕਿ ਪੰਜਾਬ ਦੇ ਭਾਰਤੀ ਜਨਤਾ ਪਾਰਟੀ ਦੇ ਆਗੂ ਕਰਦੇ ਹਨ ਤੇ ਉਹ ਕਿਸਾਨ ਅੰਦੋਲਨ ਦੇ ਖਿਲਾਫ ਡਟੇ ਰਹੇ ਹਨ।

ਅਕਾਲੀ ਦਲ ਦੇ ਪ੍ਰਧਾਨ ਨੇ ਸੂਬਾ ਭਾਜਪਾ ਕਾਰਜਕਾਰਨੀ ਮੈਂਬਰ ਤੇ ਪ੍ਰਮੁੱਖ ਸਮਾਜ ਸੇਵੀ ਪ੍ਰੋ. ਸੁਮਰਿੰਦਰ ਸਿੰਘ ਸੀੜ੍ਹਾ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਵਾਇਆ। ਪ੍ਰੋ. ਸੀੜ੍ਹਾ ਨੂੰ ਸ਼ਾਮਲ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਉਹਨਾਂ ਨੂੰ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲਾ ਮੋਹਰੀ ਆਗੂ ਦੱਸਿਆ ਜੋ ਖਿੱਤੇ ਵਿਚ ਸਮਾਜ ਸੇਵਾ ਕਰਦਾ ਹੈ। ਉਹਨਾਂ ਨੇ ਪ੍ਰੋ. ਸੀੜ੍ਹਾ ਨੂੰ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕਰਨ ਦਾ ਵੀ ਐਲਾਨ ਕੀਤਾ। ਪ੍ਰੋ. ਸੀੜ੍ਹਾ ਨੇ ਅਕਾਲੀ ਦਲ ਦੇ ਪ੍ਰਧਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ। ਪ੍ਰੋ. ਸੁਮਰਿੰਦਰ ਸੀੜ੍ਹਾ ਦੀ ਰਿਹਾਇਸ਼ ਲਾਲ ਕੋਠੀ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਸਾਡੇ ਕਿਸਾਨਾਂ ਨੂੰ ਆਪਣੀਆਂ ਮੁਸ਼ਕਿਲਾਂ ਲੈ ਕੇ ਦਿੱਲੀ ਨਹੀਂ ਜਾਣ ਦੇ ਰਹੀ ਅਤੇ ਉਸਨੇ ਕਿਸਾਨਾਂ 'ਤੇ ਗੋਲੀਆਂ ਵੀ ਚਲਾਈਆਂ ਤੇ ਕੌਮੀ ਸ਼ਾਹ ਮਾਰਗ ਸੀਲ ਵੀ ਕਰ ਰੱਖਿਆ ਹੈ। ਉਹਨਾਂ ਕਿਹਾ ਕਿ ਮੈਂ ਕਿਸਾਨਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੀ ਵੋਟਾਂ ਨਾਲ ਦਿੱਲੀ ਆਧਾਰਿਤ ਪਾਰਟੀਆਂ ਵਾਸਤੇ ਪੰਜਾਬ ਦੇ ਬਾਰਡਰ ਸੀਲ ਕਰ ਦੇਣ। ਉਹਨਾਂ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਦਿੱਲੀ ਅਤੇ ਪੰਜਾਬ ਵਿਚਾਲੇ ਲੜਾਈ ਬਣ ਗਈਆਂ ਹਨ ਕਿਉਂਕਿ ਪੰਜਾਬੀਆਂ ਨੇ ਹਮੇਸ਼ਾ ਦਿੱਲੀ ਆਧਾਰਿਤ ਪਾਰਟੀਆਂ ਦੇ ਹੱਥਾਂ ਵਿਚ ਮੁਸ਼ਕਿਲਾਂ ਹੀ ਝੱਲੀਆਂ ਹਨ।

ਸਰਦਾਰ ਬਾਦਲ ਨੇ ਇਹ ਵੀ ਦੱਸਿਆ ਕਿ ਕਿਵੇਂ ਭਾਜਪਾ ਵਰਗੀਆਂ ਦਿੱਲੀ ਆਧਾਰਿਤ ਪਾਰਟੀਆਂ ਦੇ ਪੰਜਾਬ ਦੇ ਆਗੂਆਂ ਨੇ ਦੋ ਸਾਲ ਪਹਿਲਾਂ ਕਿਸਾਨ ਅੰਦੋਲਨ ਦੇ ਖਿਲਾਫ ਡੱਟ ਕੇ ਸਟੈਂਡ ਲਿਆ। ਉਹਨਾਂ ਕਿਹਾ ਕਿ ਇਸੇ ਤਰੀਕੇ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਨੇ ਵੀ ਕਿਸਾਨ ਵਿਰੋਧੀ ਸਟੈਂਡ ਲਿਆ ਤੇ ਹਰਿਆਣਾ ਪੁਲਿਸ ਨੂੰ ਚਲ ਰਹੇ ਕਿਸਾਨੀ ਸੰਘਰਸ਼ ਦੌਰਾਨ ਕਿਸਾਨਾਂ 'ਤੇ ਗੋਲੀਆਂ ਚਲਾਉਣ ਦੀ ਆਗਿਆ ਦੇ ਦਿੱਤੀ।

# ਮੁਸਲਿਮ ਭਾਈਚਾਰੇ ਨੇ ਈਦ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ



**ਮਾਛੀਵਾੜਾ ਸਾਹਿਬ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪੂਰੇ ਹਿੰਦੁਸਤਾਨ ਵਿੱਚ ਮੁਸਲਿਮ ਭਾਈਚਾਰੇ ਦਾ ਤਿਉਹਾਰ ਈਦ ਪੂਰੇ ਉਤਸਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ,ਜੋ ਕਿ ਮੁਸਲਮਾਨ ਭਾਈਚਾਰੇ ਦਾ ਸਭ ਤੋਂ ਵੱਡਾ ਤਿਹਾਰ ਮੰਨਿਆ ਜਾਂਦਾ ਹੈ।

ਇਤਿਹਾਸਿਕ ਸ਼ਹਿਰ ਗੁਰੂ ਦੀ ਨਗਰੀ ਵਿਖੇ ਵੀ ਮੁਸਲਮਾਨ ਭਾਈਚਾਰੇ ਨੇ ਈਦਗਾਹ ਵਿਚ ਇਕੱਠੇ ਹੋ ਕੇ ਈਦ ਉਲ ਫੀਤਰ ਦਾ ਤਿਉਹਾਰ ਪੂਰੇ ਉਤਸ਼ਾਹ ਅਤੇ ਧੂਮ ਧਾਮ ਨਾਲ ਮਨਾਇਆ। ਮਾਛੀਵਾੜਾ ਸਾਹਿਬ ਦੇ ਸ਼ਹਿਰ ਵਿਚ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਇਕੱਠੇ ਹੋ ਕੇ ਮੁਸਲਿਮ ਭਾਈਚਾਰੇ ਨੂੰ ਈਦ ਉਲ ਫੀਤਰ ਦੀਆਂ ਮੁਬਾਰਕਾਂ ਦਿੱਤੀਆਂ।

# ਕਣਕ ਦੀ ਫ਼ਸਲ ਨੂੰ ਅੱਗ ਤੋਂ ਬਚਾਉਣ ਲਈ ਪੀਐੱਸਪੀਸੀਐੱਲ ਨੇ ਕੰਟਰੋਲ ਰੂਮ ਕਾਇਮ ਕੀਤਾ

**ਮੁਹਾਲੀ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਨੇ ਕਣਕ ਦੀ ਫ਼ਸਲ ਨੂੰ ਅੱਗ ਲੱਗਣ ਤੋਂ ਰੋਕਣ ਲਈ ਕੰਟਰੋਲ ਰੂਮ ਸਥਾਪਤ ਕੀਤਾ ਹੈ।

ਹੈਲਪਲਾਈਨ ਵਟਸਐਪ ਨੰਬਰ 9646106836 'ਤੇ ਖੇਤਾਂ ਵਿੱਚ ਢਿੱਲੀਆਂ, ਖ਼ਤਰਨਾਕ ਲਟਕਦੀਆਂ ਤਾਰਾਂ ਅਤੇ ਸਪਾਰਕਿੰਗ ਦੀ ਰਿਪੋਰਟ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕਿਸਾਨ ਅਜਿਹੀਆਂ ਘਟਨਾਵਾਂ ਦੀ ਸੂਚਨਾ ਕੰਟਰੋਲ ਰੂਮ ਦੇ ਨੰਬਰ 9646106835 ਅਤੇ 1912 'ਤੇ ਵੀ ਦੇ ਸਕਦੇ ਹਨ।

# ਏਡੀਬੀ ਨੇ ਵਿਕਾਸ ਦਰ ਦਾ ਅਨੁਮਾਨ 7 ਫ਼ੀਸਦ ਮਿੱਥਿਆ

**ਨਵੀਂ ਦਿੱਲੀ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਏਸ਼ਿਆਈ ਵਿਕਾਸ ਬੈਂਕ (ਏਡੀਬੀ) ਨੇ ਅੱਜ ਚਾਲੂ ਵਿੱਤੀ ਸਾਲ 2024-25 ਲਈ ਭਾਰਤ ਲਈ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿਕਾਸ ਦਰ ਦੇ ਅਨੁਮਾਨ ਨੂੰ ਵਧਾ ਕੇ ਸੱਤ ਫੀਸਦੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਸ ਨੇ ਵਿਕਾਸ ਦਰ 6.7 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਸੀ। ਬੈਂਕ ਅਨੁਸਾਰ ਜਨਤਕ ਅਤੇ ਨਿੱਜੀ ਖੇਤਰ ਦੇ ਨਿਵੇਸ਼ ਅਤੇ ਖਪਤਕਾਰਾਂ ਦੀ ਮੰਗ ਮਜ਼ਬੂਤ ? ?ਵਿਕਾਸ ਲਈ ਰਾਹ ਪੱਧਰਾ ਕਰੇਗੀ। ਵਿੱਤੀ ਸਾਲ 2024-25 ਲਈ ਵਿਕਾਸ ਅਨੁਮਾਨ ਵਿੱਤੀ ਸਾਲ 2022-23 ਦੇ ਅਨੁਮਾਨਿਤ 7.6 ਫ਼ੀਸਦ ਤੋਂ ਘੱਟ ਹੈ।

# ਪਾਕਿਸਤਾਨ ਦੇ ਬਲੋਚਿਸਤਾਨ ਸੂਬੇ 'ਚ ਬੱਸ ਖੱਡ ਵਿੱਚ ਡਿੱਗਣ ਕਾਰਨ 17 ਸ਼ਰਧਾਲੂਆਂ ਦੀ ਮੌਤ ਤੇ 38 ਜ਼ਖ਼ਮੀ

**ਕਰਾਚੀ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਸਿੰਧ ਅਤੇ ਬਲੋਚਿਸਤਾਨ ਸੂਬਿਆਂ ਵਿਚ ਸਰਹੱਦੀ ਸ਼ਹਿਰ ਨੇੜੇ ਸ਼ਰਧਾਲੂਆਂ ਨਾਲ ਭਰੀ ਬੱਸ ਡੂੰਘੀ ਖੱਡ ਵਿਚ ਡਿੱਗ ਗਈ, ਜਿਸ ਕਾਰਨ ਘੱਟੋ-ਘੱਟ 17 ਵਿਅਕਤੀਆਂ ਦੀ ਮੌਤ ਹੋ ਗਈ ਅਤੇ 38 ਜ਼ਖ਼ਮੀ ਹੋ ਗਏ। ਸ਼ਰਧਾਲੂ ਬਲੋਚਿਸਤਾਨ ਦੇ ਖੁਜ਼ਦਾਰ ਜ਼ਿਲ੍ਹੇ 'ਚ ਦੂਰ-ਦੁਰਾਡੇ ਸਥਿਤ ਮੁਸਲਿਮ ਸੂਫੀ ਦਰਗਾਹ ਸ਼ਾਹ ਨੂਰਾਨੀ 'ਤੇ ਜਾ ਰਹੇ ਸਨ, ਜਦੋਂ ਉਨ੍ਹਾਂ ਦੀ ਬੱਸ ਖੱਡ 'ਚ ਡਿੱਗ ਗਈ। ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਚਾਲਕ ਨੇ ਤਿੱਖੇ ਮੋੜ 'ਤੇ ਸੰਤੁਲਨ ਗੁਆ ਦਿੱਤਾ ਸੀ

# ਹਾਰਦਿਕ ਪਾਂਡਿਆ ਨਾਲ 4.3 ਕਰੋੜ ਰੁਪਏ ਦੀ ਧੋਖਾਧੜੀ ਦੇ ਦੋਸ਼ 'ਚ ਮਤਰੇਆ ਭਰਾ ਵੈਭਵ ਗ੍ਰਿਫ਼ਤਾਰ

**ਮੁੰਬਈ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੀ ਪੁਲੀਸ ਨੇ ਭਾਰਤੀ ਕ੍ਰਿਕਟਰ ਹਾਰਦਿਕ ਅਤੇ ਕਰੁਣਾਲ ਪਾਂਡਿਆ ਦੇ ਮਤਰੇਏ ਭਰਾ ਵੈਭਵ ਪਾਂਡਿਆ ਨੂੰ ਗ੍ਰਿਫਤਾਰ ਕਰ ਲਿਆ ਹੈ। ਵੈਭਵ 'ਤੇ ਦੋਸ਼ ਹੈ ਕਿ ਉਸ ਨੇ ਹਾਰਦਿਕ-ਕਰੁਣਾਲ ਨਾਲ ਵਪਾਰਕ ਸਾਂਝੇਦਾਰੀ 'ਚ ਕਰੀਬ 4.3 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਹੈ। 37 ਸਾਲਾ ਵੈਭਵ 'ਤੇ ਸਾਂਝੇਦਾਰੀ ਫਰਮ ਤੋਂ ਲਗਪਗ 4.3 ਕਰੋੜ ਰੁਪਏ ਦੀ ਗਬਨ ਕਰਨ ਦਾ ਦੋਸ਼ ਹੈ। ਇਸ ਕਾਰਨ ਹਾਰਦਿਕ-ਕਰੁਣਾਲ ਨੂੰ ਕਾਫੀ ਆਰਥਿਕ ਨੁਕਸਾਨ ਹੋਇਆ ਹੈ। ਰਿਪੋਰਟ ਮੁਤਾਬਕ ਤਿੰਨ ਸਾਲ ਪਹਿਲਾਂ ਤਿੰਨਾਂ ਨੇ ਮਿਲ ਕੇ ਪੌਲੀਮਰ ਕਾਰੋਬਾਰ ਦੀ ਸਥਾਪਨਾ ਕੀਤੀ ਸੀ। ਕ੍ਰਿਕਟਰ ਭਰਾਵਾਂ ਨੇ ਪੂੰਜੀ ਦਾ 40 ਪ੍ਰਤੀਸ਼ਤ ਨਿਵੇਸ਼ ਕਰਨਾ ਸੀ, ਜਦੋਂ ਕਿ ਵੈਭਵ ਨੇ 20 ਪ੍ਰਤੀਸ਼ਤ ਯੋਗਦਾਨ ਪਾਉਣਾ ਸੀ ਅਤੇ ਰੋਜ਼ਾਨਾ ਕੰਮਕਾਜ ਦਾ ਪ੍ਰਬੰਧਨ ਕਰਨਾ ਸੀ। ਮੁਨਾਫ਼ਾ ਇਨ੍ਹਾਂ ਸ਼ੇਅਰਾਂ ਦੇ ਹਿਸਾਬ ਨਾਲ ਵੰਡਿਆ ਜਾਣਾ ਸੀ। ਹਾਲਾਂਕਿ ਵੈਭਵ ਨੇ ਕਥਿਤ ਤੌਰ 'ਤੇ ਆਪਣੇ ਸੌਤੇਲੇ ਭਰਾਵਾਂ ਨੂੰ ਦੱਸੇ ਬਿਨਾਂ ਉਸੇ ਕਾਰੋਬਾਰ ਵਿਚ ਇਕ ਹੋਰ ਫਰਮ ਖੜ੍ਹੀ ਕੀਤੀ ਅਤੇ ਸਾਂਝੇਦਾਰੀ ਸਮਝੌਤੇ ਦੀ ਉਲੰਘਣਾ ਕੀਤੀ।

ਨਤੀਜਾ ਇਹ ਹੋਇਆ ਕਿ ਸਾਂਝੇਦਾਰੀ ਦਾ ਅਸਲ ਮੁਨਾਫਾ ਘਟ ਗਿਆ। ਕਰੀਬ 3 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਵੀ ਦੋਸ਼ ਲਾਇਆ ਗਿਆ ਸੀ ਕਿ ਵੈਭਵ ਨੇ ਚੁੱਪਚਾਪ ਆਪਣੇ ਮੁਨਾਫ਼ੇ ਦਾ ਹਿੱਸਾ 20 ਪ੍ਰਤੀਸ਼ਤ ਤੋਂ ਵਧਾ ਕੇ 33.3 ਪ੍ਰਤੀਸ਼ਤ ਕਰ ਦਿੱਤਾ, ਜਿਸ ਨਾਲ ਹਾਰਦਿਕ ਅਤੇ ਕਰੁਣਾਲ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ। ਮੁੰਬਈ ਪੁਲੀਸ ਦੀ ਆਰਥਿਕ ਅਪਰਾਧ ਸ਼ਾਖਾ ਨੇ ਵੈਭਵ 'ਤੇ ਇਨ੍ਹਾਂ ਕਾਰਵਾਈਆਂ ਦੇ ਸਬੰਧ 'ਚ ਧੋਖਾਧੜੀ ਅਤੇ ਜਾਅਲਸਾਜ਼ੀ ਦੇ ਦੋਸ਼ ਲਗਾਏ ਹਨ।

# ਨਿੱਝਰ ਹੱਤਿਆ ਕਾਂਡ : 'ਕੈਨੇਡਾ ਸਰਕਾਰ ਆਪਣੇ ਦੇਸ਼ ਵਾਸੀਆਂ ਲਈ ਦ੍ਰਿੜਤਾ ਨਾਲ ਖੜ੍ਹੀ ਹੈ' : ਟਰੂਡੋ

**ਓਟਵਾ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ 'ਚ ਖਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਸਰਕਾਰ ਕੈਨੇਡੀਅਨਾਂ ਦੀ ਸੁਰੱਖਿਆ ਦੇ ਮੁੱਦੇ 'ਤੇ ਹਮੇਸ਼ਾ ਦ੍ਰਿੜਤਾ ਨਾਲ ਖੜ੍ਹੀ ਹੈ ਅਤੇ ਖਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਮੁੱਦਾ ਚੁੱਕ ਕੇ ਉਸ ਨੇ ਇਹ ਸਾਬਤ ਕੀਤਾ ਹੈ। ਦਰਅਸਲ ਕੈਨੇਡਾ 'ਚ ਚੋਣ ਪ੍ਰਕਿਰਿਆ 'ਚ ਵਿਦੇਸ਼ੀ ਦਖਲ ਦੀ ਜਾਂਚ ਚੱਲ ਰਹੀ ਹੈ ਤੇ ਟਰੂਡੋ ਨੇ ਇਸ ਵਿੱਚ ਗਵਾਹੀ ਦਿੱਤੀ ਹੈ। ਨਿੱਝਰ ਦੀ ਪਿਛਲੇ ਸਾਲ ਜੂਨ ਵਿੱਚ ਸਰੀ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।



ਟਰੂਡੋ ਨੇ ਇਸ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ ਲਾਏ ਸਨ, ਜਿਨ੍ਹਾਂ ਨੂੰ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਰੱਦ ਕਰ ਦਿੱਤਾ ਸੀ। ਕਿਊਬਿਕ ਦੀ ਜੱਜ ਮੈਰੀ-ਜੋਸੀ ਹੋਗ ਦੀ ਅਗਵਾਈ ਵਾਲੇ ਵਿਦੇਸ਼ੀ ਦਖਲ ਕਮਿਸ਼ਨ ਦੀ ਸੁਣਵਾਈ ਦੌਰਾਨ ਟਰੂਡੋ ਨੇ ਦੇਸ਼ ਦੀ ਪਿਛਲੀ ਕੰਜ਼ਰਵੇਟਿਵ ਸਰਕਾਰ 'ਤੇ ਮੌਜੂਦਾ ਭਾਰਤ ਸਰਕਾਰ ਪ੍ਰਤੀ ਨਰਮ ਰਵੱਈਏ ਦਾ ਦੋਸ਼ ਲਾਇਆ। ਟਰੂਡੋ ਨੇ ਕਿਹਾ ਕਿ ਸਾਡੀ ਸਰਕਾਰ ਕੈਨੇਡਾ ਵਿੱਚ ਘੱਟ ਗਿਣਤੀਆਂ ਅਤੇ ਘੱਟ ਗਿਣਤੀਆਂ ਦੇ ਬੋਲਣ ਦੇ ਅਧਿਕਾਰਾਂ ਦੀ ਰਾਖੀ ਲਈ ਹਮੇਸ਼ਾ ਖੜ੍ਹੀ ਰਹੀ ਹੈ।

# ਸਕੂਲ ਬੱਸ ਪਲਟਣ ਕਾਰਨ 6 ਬੱਚਿਆਂ ਦੀ ਮੌਤ ਤੇ 20 ਜ਼ਖ਼ਮੀ, ਫ਼ਰਾਰ ਡਰਾਈਵਰ ਗ੍ਰਿਫ਼ਤਾਰ



**ਕਨੀਨਾ, 11 ਅਪਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮਹਿੰਦਰਗੜ੍ਹ ਦੇ ਉਨਹਾਨੀ ਪਿੰਡ ਵਿੱਚ ਅੱਜ ਸਵੇਰੇ 9 ਵਜੇ ਬੱਚਿਆਂ ਨਾਲ ਭਰੀ ਨਿੱਜੀ ਸਕੂਲ ਦੀ ਬੱਸ ਪਲਟ ਗਈ। ਇਸ ਹਾਦਸੇ ਵਿੱਚ ਛੇ ਬੱਚਿਆਂ ਦੀ ਮੌਤ ਹੋ ਗਈ ਤੇ 20 ਜ਼ਖਮੀ ਹੋ ਗਏ। ਕਥਿਤ ਸ਼ਰਾਬੀ ਬੱਸ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ ਪਰ ਬਾਅਦ ਵਿੱਚ ਪੁਲੀਸ ਨੇ ਉਸ ਨੂੰ ਕਾਬੂ ਕਰ ਲਿਆ। ਬੱਸ ਵਿੱਚ 50 ਦੇ ਕਰੀਬ ਬੱਚੇ ਸਵਾਰ ਸਨ। 3 ਬੱਚਿਆਂ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ 3 ਬੱਚਿਆਂ ਦੀ ਹਸਪਤਾਲ 'ਚ ਮੌਤ ਹੋਈ। ਬੱਸ ਡਰਾਈਵਰ ਨੇ ਕਥਿਤ ਤੌਰ 'ਤੇ ਸ਼ਰਾਬ ਪੀਤੀ ਹੋਈ ਸੀ, ਜਿਸ ਕਾਰਨ ਪਿੰਡ ਖੇੜੀ ਦੇ ਲੋਕਾਂ ਨੇ ਡਰਾਈਵਰ ਨੂੰ ਝਾੜਿਆ ਸੀ। ਇਸ ਦੌਰਾਨ ਬੱਸ ਉੱਥੇ ਕਰੀਬ 10 ਮਿੰਟ ਪਛੜ ਗਈ। ਸਮੇਂ ਦੀ ਦੇਰੀ ਨੂੰ ਪੂਰਾ ਕਰਨ ਲਈ ਡਰਾਈਵਰ ਨੇ ਬੱਸ ਨੂੰ ਤੇਜ਼ ਰਫਤਾਰ ਨਾਲ ਭਜਾਇਆ। ਇਸ ਦੌਰਾਨ ਓਵਰਟੇਕ ਕਰਦਿਆਂ ਬੱਸ ਹਾਦਸਾਗ੍ਰਸਤ ਹੋ ਗਈ। ਬੱਸ ਚਾਲਕ ਮੌਕੇ ਦਾ ਫਾਇਦਾ ਉਠਾ ਕੇ ਫਰਾਰ ਹੋ ਗਿਆ। ਪੁਲੀਸ ਨੇ ਕਿਹਾ ਕਿ ਡਰਾਈਵਰ ਦਾ ਮੈਡੀਕਲ ਕਰਵਾਇਆ ਜਾ ਰਿਹਾ ਹੈ ਤੇ ਇਸ ਤੋਂ ਬਾਅਦ ਹੀ ਉਸ ਦੇ ਸ਼ਰਾਬ ਪੀਤੀ ਹੋਣ ਦਾ ਪਤਾ ਲੱਗੇਗਾ।

# ਦਵਿੰਦਰ ਬੰਬੀਹਾ ਗੈਂਗ ਦੇ 6 ਖ਼ਤਰਨਾਕ ਗੈਂਗਸਟਰ ਗ੍ਰਿਫ਼ਤਾਰ, ਮਹਿੰਗੀਆਂ ਕਾਰਾਂ ਤੇ ਭਾਰੀ ਅਸਲਾ ਬਰਾਮਦ

**ਮੋਗਾ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਂਗਸਟਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਮੋਗਾ ਪੁਲਸ ਨੇ ਗੈਂਗਸਟਰ ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ 6 ਗੈਂਗਸਟਰਾਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਤੋਂ 3 ਪਿਸਟਲ 30 ਬੋਰ, 3 ਕਾਰਤੂਸ, ਇਕ ਕੱਟਾ 315 ਬੋਰ ਸਮੇਤ 2 ਕਾਰਾਂ ਬਰਾਮਦ ਕਰਨ ਤੋਂ ਇਲਾਵਾ ਇਕ ਫਾਰਚੂਨਰ ਅਤੇ ਵਰਨਾਂ ਕਾਰਾਂ ਵੀ ਬਰਾਮਦ ਕੀਤੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਦੱਸਿਆ ਬਾਲਕ੍ਰਿਸ਼ਨ ਸਿੰਗਲਾ ਐੱਸ. ਪੀ. ਆਈ., ਹਰਿੰਦਰ ਸਿੰਘ ਡੀ. ਐੱਸ. ਪੀ. ਦੀ ਰਹਿਨੁਮਾਈ ਹੇਠ ਮੋਗਾ ਸੀ. ਆਈ. ਸਟਾਫ਼ ਦੇ ਇੰਚਾਰਜ ਦਲਜੀਤ ਸਿੰਘ ਅਤੇ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਮਾਨ ਇਲਾਕੇ ਵਿਚ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਗੈਂਗਸਟਰ ਦਵਿੰਦਰ ਬੰਬੀਹਾ ਨਾਲ ਸਬੰਧਿਤ ਲਵਪ੍ਰੀਤ ਸਿੰਘ ਉਰਫ਼ ਲੱਬੀ ਨਿਵਾਸੀ ਲਾਹੌਰੀਆਂ ਵਾਲਾ ਮੁਹੱਲਾ ਮੋਗਾ ਜੋ ਸਬ ਜੇਲ੍ਹ ਮੋਗਾ ਵਿਖੇ ਬੰਦ ਹੈ ਅਤੇ ਸੁਨੀਲ ਕੁਮਾਰ ਉਰਫ਼ ਬਾਬਾ ਨਿਵਾਸੀ ਰੈਗਰ ਬਸਤੀ ਮੋਗਾ ਦੇ ਸਾਥੀ ਕਰਨ ਕੁਮਾਰ ਨਿਵਾਸੀ ਇੰਦਰਾ ਕਾਲੋਨੀ, ਵਿੱਕੀ ਉਰਫ਼ ਗਾਂਧੀ ਨਿਵਾਸੀ ਹਜ਼ਾਰਾਂ ਸਿੰਘ ਵਾਲੀ ਗਲੀ, ਹੇਮਪ੍ਰੀਤ ਸਿੰਘ ਉਰਫ਼ ਚੀਮਾ ਨਿਵਾਸੀ ਹਰੀਜਨ ਕਾਲੋਨੀ, ਸਾਹਿਲ ਸ਼ਰਮਾ ਉਰਫ਼ ਸ਼ਾਲੂ ਨਿਵਾਸੀ ਪਰਵਾਨਾ ਨਗਰ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਫਾਰਚੂਨਰ ਅਤੇ ਵਰਨਾ ਕਾਰ ਤੇ ਸਵਾਰ ਹੋ ਕੇ ਮਹਿਣਾ ਬੱਸ ਸਟੈਂਡ ਦੇ ਨੇੜੇ ਖੜ੍ਹੇ ਹਨ ਅਤੇ ਜੇਕਰ ਨਾਕੇਬੰਦੀ ਕੀਤੀ ਜਾਵੇ ਤਾਂ ਇਹ ਕਾਬੂ ਆ ਸਕਦੇ ਹਨ।



ਉਨ੍ਹਾਂ ਕੋਲ ਅਸਲਾ ਅਤੇ ਨਜਾਇਜ਼ ਕਾਰਤੂਸ ਵੀ ਹਨ ਅਤੇ ਸੁਨੀਲ ਕੁਮਾਰ ਬਾਬਾ ਅਤੇ ਲਵਪ੍ਰੀਤ ਸਿੰਘ ਲੱਬੀ ਦੇ ਕਹਿਣ 'ਤੇ ਇਹ ਵਾਰਦਾਤ ਕਰਨ ਦੀ ਯੋਜਨਾ ਬਣਾ ਰਹੇ ਹਨ। ਪੁਲਸ ਨੇ ਤੁਰੰਤ ਉਨ੍ਹਾਂ ਨੂੰ ਫੜਿਆ ਅਤੇ ਉਨ੍ਹਾਂ ਖਿਲਾਫ਼ ਥਾਣਾ ਮਹਿਣਾ ਵਿਖੇ ਮਾਮਲਾ ਦਰਜ ਕਰਕੇ 3 ਪਿਸਟਲ 30 ਬੋਰ ਸਮੇਤ 3 ਕਾਰਤੂਸ, ਇਕ ਕੱਟਾ 315 ਬੋਰ, 2 ਕਾਰਤੂਸ ਬਰਾਮਦ ਹੋਏ ਪੁਲਸ ਪਾਰਟੀ ਫਾਰਚੂਰਨ ਅਤੇ ਵਰਨਾ ਕਾਰ ਨੂੰ ਵੀ ਕਬਜ਼ੇ ਵਿਚ ਲਿਆ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਲੱਬੀ ਨੂੰ ਸਬ ਜੇਲ੍ਹ ਤੋਂ ਪ੍ਰੋਟੈਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਹੈ।

ਉਨ੍ਹਾਂ ਕਿਹਾ ਕਿ ਕਾਬੂ ਕੀਤੇ ਗਏ ਸਾਰੇ ਨੌਜਵਾਨਾਂ ਨੂੰ ਅੱਜ ਪੁੱਛ-ਗਿੱਛ ਲਈ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਵਿੱਕੀ ਉਰਫ਼ ਗਾਂਧੀ ਵਿਰੁੱਧ ਥਾਣਾ ਸਿਟੀ ਸਾਊਥ ਮੋਗਾ ਵਿਖੇ 6 ਮਾਮਲੇ ਦਰਜ ਹਨ। ਸੁਨੀਲ ਕੁਮਾਰ ਬਾਬਾ ਵਿਰੁੱਧ 13 ਮਾਮਲੇ ਦਰਜ ਹੈ ਅਤੇ ਇਕ ਕੇਸ ਵਿਚ ਸੁਨੀਲ ਬਾਬਾ ਨੂੰ 9 ਅਪ੍ਰੈਲ 2023 ਨੂੰ ਢਾਈ ਸਾਲ ਦੀ ਸਜ਼ਾ ਵੀ ਮਾਨਯੋਗ ਅਦਾਲਤ ਵਲੋਂ ਸੁਣਾਈ ਜਾ ਚੁੱਕੀ ਹੈ ਅਤੇ ਲਵਪ੍ਰੀਤ ਸਿੰਘ ਲੱਬੀ ਵਿਰੁੱਧ ਥਾਣਾ ਸਿਟੀ ਮੋਗਾ ਵਿਖੇ ਅਸਲਾ ਐਕਟ ਅਤੇ ਵੱਖ ਵੱਖ ਧਰਾਵਾਂ ਤਹਿਤ 1 ਅਪ੍ਰੈਲ ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਪੁੱਛ-ਗਿੱਛ ਕਰਨ 'ਤੇ ਪਤਾ ਲੱਗਾ ਹੈ ਕਿ ਉਕਤ ਅਸਲਾ ਬਾਹਰੀ ਰਾਜਾਂ ਤੋਂ ਮੰਗਵਾਇਆ ਗਿਆ ਹੈ ਅਤੇ ਇਨ੍ਹਾਂ ਦੇ ਹੋਰ ਸਾਥੀਆਂ ਦੀ ਪਹਿਚਾਣ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਦੇ ਜਲਦੀ ਕਾਬੂ ਆਉਣ ਦੀ ਸੰਭਾਵਨਾ ਹੈ।

# ਸੇਵਾ ਕੇਂਦਰ 'ਚ ਦਾਖਲ ਹੋਏ ਲੁਟੇਰੇ, ਫਿਲਮੀ ਅੰਦਾਜ਼ 'ਚ ਬੱਚੀ ਦੀ ਗਰਦਨ 'ਤੇ ਚਾਕੂ ਰੱਖ ਕੀਤੀ ਵਾਰਦਾਤ

**ਫਤਹਿਗੜ੍ਹ ਸਾਹਿਬ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਬੱਸੀ ਪਠਾਣਾ ਵਿਚ ਇਕ ਸੇਵਾ ਕੇਂਦਰ ਵਿਚ ਦੋ ਨਕਾਬ ਪੋਸ਼ ਲੁਟੇਰੇ ਦਾਖਲ ਹੋ ਗਏ। ਲੁਟੇਰਿਆਂ ਨੇ ਇਕ ਬੱਚੀ ਦੀ ਗਰਦਨ 'ਤੇ ਚਾਕੂ ਰੱਖ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਤੇਜ਼ੀ ਨਾਲ ਫਰਾਰ ਹੋ ਗਏ। ਜਾਣਕਾਰਾਂ ਮੁਤਾਬਕ ਲੁਟੇਰਿਆਂ ਨੂੰ ਜਦੋਂ ਪੈਸੇ ਹੱਥ ਨਾਲ ਲੱਗੇ ਤਾਂ ਉਹ ਛੋਟੀ ਬੱਚੀ ਦੇ ਗਰਦਨ 'ਤੇ ਚਾਕੂ ਰੱਖ ਕੇ ਤਿੰਨ ਮੋਬਾਇਲ ਫੋਨ ਹੀ ਲੈ ਉੱਡੇ। ਫਿਲਮੀ ਅੰਦਾਜ਼ ਵਿਚ ਵਾਪਰੀ ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ।

ਦੱਸ ਦਈਏ ਕਿ ਵਾਰਦਾਤ ਵਾਲਾ ਸਥਾਨ ਬੱਸੀ ਪਠਾਣਾ ਵਿਚ ਪੁਲਸ ਚੌਂਕੀ ਤੋਂ ਮਾਤਰ ਕੁਝ ਹੀ ਦੂਰੀ 'ਤੇ ਹੈ ਅਤੇ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਘਟਨਾ ਦੀ ਜਾਂਚ ਆਰੰਭ ਦਿੱਤੀ ਗਈ ਹੈ ਜਦਕਿ ਪੁਲਸ ਅਜੇ ਕੁਝ ਵੀ ਬੋਲਣ ਨੂੰ ਤਿਆਰ ਨਹੀਂ ਹੈ। ਸੇਵਾ ਕੇਂਦਰ ਦੇ ਮੁਲਾਜ਼ਮਾਂ ਨੇ ਦੱਸਿਆ ਕਿ ਲੁਟੇਰਿਆਂ ਵੱਲੋਂ ਅੰਦਰ ਵੜ ਦੇ ਸਾਰੇ ਛਟਰ ਸੁੱਟ ਦਿੱਤੇ ਗਏ ਅਤੇ ਗੱਲੇ ਦੀ ਚਾਬੀ ਦੀ ਮੰਗ ਕੀਤੀ। ਇਸ 'ਤੇ ਗੱਲੇ 'ਤੇ ਬੈਠੀ ਮਹਿਲਾ ਨੇ ਕਿਹਾ ਕਿ ਗੱਲੇ ਦੀ ਚਾਬੀ ਉਨ੍ਹਾਂ ਦੇ ਪਤੀ ਕੋਲ ਹੈ ਅਤੇ ਉਹ ਤਾਂ ਵੈਸੇ ਹੀ ਇੱਥੇ ਆ ਕੇ ਬੈਠੀ ਹੈ। ਇੰਨੇ ਵਿਚ ਹੀ ਲੁਟੇਰਿਆਂ ਵੱਲੋਂ ਨਾਲ ਖੜ੍ਹੀ ਛੋਟੀ ਬੱਚੀ ਦੀ ਗਰਦਨ 'ਤੇ ਚਾਕੂ ਰੱਖ ਦਿੱਤਾ ਗਿਆ ਅਤੇ ਤਿੰਨ ਮੋਬਾਇਲ ਲੈ ਕੇ ਫਰਾਰ ਹੋ ਗਏ।

# ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਮਨੋਹਰਪੁਰ ਵਿਖੇ 52 ਪ੍ਰਾਣੀ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰ ਗੁਰੂ ਵਾਲੇ ਬਣੇ: ਜਥੇਦਾਰ ਜੱਸਲ

**ਸ੍ਰੀ ਅੰਮ੍ਰਿਤਸਰ ਸਾਹਿਬ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ :ਹਰਜਿੰਦਰ ਸਿੰਘ ਧਾਮੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੁਚੱਜੀ ਤੇ ਯੋਗ ਅਗਵਾਈ ਹੇਠ ਹਰ ਹਲਕੇ ਵਿੱਚ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਕਰਵਾਉਣ ਦੀ ਆਰੰਭ ਕੀਤੀ ਗਈ ਅੰਮ੍ਰਿਤ ਛਕੋ ਸਿੰਘ ਸਜੋ ਲਹਿਰ ਤਹਿਤ ਖਾਲਸਾ ਪੰਥ ਦੇ ਸਿਰਜਣਾ ਦਿਵਸ ਨੂੰ ਸਮਰਪਿਤ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਬਾਬਾ ਦਲੇਰ ਸਿੰਘ ਖ਼ਾਲਸਾ ਕਾਰ ਸੇਵਾ ਗੁਰਦੁਆਰਾ ਸ੍ਰੀ ਫਲਾਹੀ ਸਾਹਿਬ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਪਿੰਡ ਮਨੋਹਰਪੁਰ ਵਿਖੇ ਮਹਾਨ ਅੰਮ੍ਰਿਤ ਸੰਚਾਰ ਆਯੋਜਿਤ ਕੀਤਾ ਗਿਆ।


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਧਾਰਮਿਕ ਸੇਵਾਦਾਰ ਹਲਕਾ ਬਟਾਲਾ ਨੁਮਾਇੰਦਗੀ ਕਰ ਰਹੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ: ਗੁਰਨਾਮ ਸਿੰਘ ਜੱਸਲ ਨੇ ਕਿਹਾ ਕਿ ਸ੍ਰ: ਬਲਵਿੰਦਰ ਸਿੰਘ ਕਾਹਲਵਾਂ ਸਕੱਤਰ ਧਰਮ ਪ੍ਰਚਾਰ ਕਮੇਟੀ ਅਤੇ ਸ੍ਰ: ਸਤਬੀਰ ਸਿੰਘ ਧਾਮੀ ਓ ਐਸ ਡੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬਾਬਾ ਦਲੇਰ ਸਿੰਘ ਖ਼ਾਲਸਾ ਕਾਰ ਸੇਵਾ ਗੁਰਦੁਆਰਾ ਸ੍ਰੀ ਫਲਾਹੀ ਸਾਹਿਬ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਪਿੰਡ ਮਨੋਹਰਪੁਰ ਨਜ਼ਦੀਕ ਵਡਾਲਾ ਗ੍ਰੰਥੀਆਂ ਵਿਖੇ ਮਹਾਨ ਅੰਮ੍ਰਿਤ ਸੰਚਾਰ ਕਰਵਾਇਆ।

ਅੰਮ੍ਰਿਤ ਸੰਚਾਰ ਮੌਕੇ ਤੇ ਤਖਤ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਵਿਸੇਸ ਤੌਰ ਤੇ ਪਹੁੰਚੇਂ ਤੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ 52 ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਅੰਮ੍ਰਿਤ ਛੱਕਣ ਵਾਲੇ 52 ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਭੇਟਾ ਰਹਿਤ ਕਕਾਰ ਦਿੱਤੇ ਗਏ।

ਮਹਾਨ ਗੁਰਮਤਿ ਸਮਾਗਮ ਮੌਕੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ: ਗੁਰਨਾਮ ਸਿੰਘ ਜੱਸਲ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਦਾ ਵਿਸ਼ੇਸ਼ ਤੌਰ ਤੇ ਸ਼ੁਕਰਾਨਾ ਕਰਦਿਆਂ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸਾਹਿਬਾਨ , ਬਾਬਾ ਦਲੇਰ ਸਿੰਘ ਖ਼ਾਲਸਾ ਕਾਰ ਸੇਵਾ ਵਾਲੇ ਗੁਰਦੁਆਰਾ ਸ੍ਰੀ ਫਲਾਹੀ ਸਾਹਿਬ ਦੇ ਵਡਮੁੱਲੇ ਸਹਿਯੋਗ ਤੇ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਅਤੇ ਕਵੀਸ਼ਰ ਸਾਹਿਬਾਨ ਦਾ ਵਡਮੁੱਲੇ ਯੋਗਦਾਨ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਮਨੁੱਖ ਨੂੰ ਜੀਵਨ ਜਿਉਣ ਲਈ ਸੇਵਾ ਤੇ ਸਿਮਰਨ ਜ਼ਰੂਰੀ ਹੈ। ਉਨ੍ਹਾਂ ਕਿਹਾ ਅੰਮ੍ਰਿਤ ਗੁਰਮਤਿ ਅਨੁਸਾਰ ਦੱਸੇ ਨਾਮ ਰੂਪੀ ਅੰਮ੍ਰਿਤ ਦਾ ਆਵੇਸ਼ ਹੈ ਤੇ ਅੰਮ੍ਰਿਤ ਨੇ ਸਿਖ ਕੌਮ ਨੂੰ ਤੱਕੜੀ ਜਥੇਬੰਦੀ ਦੇ ਰੂਪ ਵਿੱਚ ਬੰਨ੍ਹ ਦਿੱਤਾ ਜਿਸ ਨੂੰ ਖਾਲਸਾ ਕਿਹਾ ਜਾਂਦਾ ਹੈ । ਖਾਲਸਾ ਬਣਨ ਲਈ ਅੰਮ੍ਰਿਤ ਧਾਰੀ ਹੋਣਾ ਜ਼ਰੂਰੀ ਹੈ।ਮਨੁੱਖ ਸੇਵਾ ਕਰਕੇ ਤਨ ਦੀ ਪਵਿੱਤਰਤਾ ਕਾਇਮ ਕਰਦਾ ਤੇ ਸਿਮਰਨ ਕਰਕੇ ਉਚ ਅਵਸਥਾ ਪ੍ਰਾਪਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸਿਮਰਨ ਅੰਦਰ ਬਹੁਤ ਬਰਕਤਾਂ ਹਨ ।

# 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'

-ਡਾ. ਦੇਵਿੰਦਰ ਸਿੰਘ ਉਸਾਹਣ




ਸ੍ਰੀ ਗੁਰੂ ਗੋਬਿੰਦ ਸਿੰਘ ਇਕ ਪ੍ਰਤਿਭਾ ਸੰਪੰਨ ਵੀਰ ਯੋਧਾ, ਸ੍ਰੇਸ਼ਠ ਕਵੀ, ਉੱਚ ਕੋਟੀ ਦੇ ਸਾਹਿਤਕਾਰ, ਸਮਾਜ ਸੁਧਾਰਕ ਮਨ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਅਜਿਹੇ ਮਹਾਨ ਕਾਰਜ ਕੀਤੇ ਜਿਨ੍ਹਾਂ ਦੀ ਉਦਾਹਰਣ ਸਮੁੱਚੇ ਵਿਸ਼ਵ ਵਿਚ ਪ੍ਰਾਪਤ ਨਹੀਂ ਹੁੰਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਣਾ ਕੀਤੀ ਸੀ। ਇਕ ਨਵੇਂ ਸਮਾਜ ਦਾ ਨਿਰਮਾਣ ਕੀਤਾ ਸੀ। ਇਕ ਨਵੀਂ ਦਿਸ਼ਾ, ਇਕ ਨਵੀਂ ਚੇਤਨਾ ਪੈਦਾ ਕੀਤੀ ਸੀ। ਸਿੱਖਾਂ ਦਾ ਆਪਣਾ ਗੌਰਵਮਈ ਇਤਿਹਾਸ ਹੈ। ਸਿੱਖ ਦਰਸ਼ਨ ਵਿਸ਼ਵ ਵਿਚ ਆਪਣਾ ਵਿਸ਼ੇਸ਼ ਅਸਤਿੱਤਵ ਰੱਖਦਾ ਹੈ। ਸਿੱਖ ਦਰਸ਼ਨ ਵਿਚ ਵਿਸ਼ਵ-ਵਿਆਪੀ ਚੇਤਨਾ ਮੌਜੂਦ ਹੈ। ਜਿਸ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਦੇ ਪ੍ਰਵੇਸ਼ ਸਮੇਂ 'ਨਾ ਕੋ ਹਿੰਦੂ ਨਾ ਮੁਸਲਮਾਨ' ਕਹਿ ਕੇ ਰਖੀ ਸੀ। ਰੱਬੀ ਏਕਤਾ, ਮਨੁੱਖੀ ਸਮਾਨਤਾ ਅਤੇ ਮਨੁੱਖੀ ਭਾਈਚਾਰੇ ਦਾ ਸੰਦੇਸ਼ ਦਿੱਤਾ ਸੀ। ਗੁਰੂ ਸਾਹਿਬ ਨੇ *'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ'* ਕਹਿ ਕੇ ਉਸੀ ਅਕਾਲ ਪੁਰਖ ਨੇ ਇਸ ਸੰਸਾਰ ਵਿਚ ਸਭਨਾ ਨੂੰ ਪੈਦਾ ਕੀਤਾ ਹੈ ਅਤੇ ਆਪਣੇ ਆਪ ਨੂੰ ਪਛਾਨਣ ਉੱਤੇ ਬਲ ਦਿੱਤਾ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਅਕਾਲ ਪੁਰਖ ਦੀ ਅਪਾਰ ਕ੍ਰਿਪਾ, ਮਨੁੱਖੀ ਏਕਤਾ ਅਤੇ ਮਨੁੱਖੀ ਭਾਈਚਾਰੇ ਦਾ ਵਿਸ਼ਵ-ਵਿਆਪੀ ਸੰਦੇਸ਼ ਦਿੱਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਰਾਜਨੀਤਿਕ, ਧਾਰਮਕ, ਸਮਾਜਿਕ ਅਵਸਥਾ ਕਾਫੀ ਚਿੰਤਾਜਨਕ ਹੈ। ਉਸ ਸਮੇਂ ਦੇਸ਼ ਵਿਚ ਔਰੰਗਜ਼ੇਬ ਦਾ ਰਾਜ ਸੀ। ਉਹ ਆਪਣੀ ਮਨਮਾਨੀ ਕਰ ਰਿਹਾ ਸੀ। ਲੋਕਾਂ ਉਪਰ ਤਰ੍ਹਾਂ ਤਰ੍ਹਾਂ ਦੇ ਅਤਿਆਚਾਰ ਕਰਕੇ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ। ਜਨਤਾ ਉਸ ਦੇ ਅਤਿਆਚਾਰਾਂ ਤੋਂ ਬਹੁਤ ਤੰਗ ਆ ਚੁੱਕੀ ਸੀ। ਬੜਾ ਭਿਆਨਕ ਸਮਾਂ ਸੀ। ਉਸ ਸਮੇਂ ਇਕ ਮਹਾਨ ਵੀਰ ਯੋਧਾ ਦੀ ਲੋੜ ਸੀ ਜਿਹੜਾ ਦੇਸ਼, ਧਰਮ, ਕੌਮ ਲਈ ਲੜ ਮਰ ਸਕੇ। ਐਸੀ ਦਰਦਨਾਕ ਸਥਿਤੀ ਵਿਚ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ 1699 ਦੀ ਵਿਸਾਖੀ ਵਾਲੇ ਪਵਿੱਤਰ ਦਿਹਾੜੇ ਸਿਰਜਣਾ ਕੀਤੀ। ਵਿਸ਼ਾਲ ਸਮਾਰੋਹ ਵਿਚ ਪੰਜ ਸਿੰਘਾਂ - ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਜੀ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ। ਪਰਮ ਪਿਤਾ ਨੇ ਇਨ੍ਹਾਂ ਨੂੰ ਗਲੇ ਲਗਾ ਕੇ ਇਨ੍ਹਾਂ ਨੂੰ 'ਪਿਆਰੇ' ਸ਼ਬਦ ਨਾਲ ਸੰਬੋਧਨ ਕੀਤਾ। ਇਨ੍ਹਾਂ ਤੋਂ ਆਪ ਵੀ ਅੰਮ੍ਰਿਤ ਛੱਕਿਆ। ਗੁਰੂ ਸਾਹਿਬ ਨੇ ਫਰਮਾਇਆ :-

*ਖ਼ਾਲਸਾ ਮੇਰੋ ਰੂਪ ਹੈ ਖਾਸ ॥*
*ਖ਼ਾਲਸਾ ਮਹਿ ਹਉਂ ਕਰਉ ਨਿਵਾਸ ॥*
*ਖ਼ਾਲਸਾ ਮੇਰੋ ਮੁੱਖ ਹੈ ਅੰਗਾ ॥*
*ਖ਼ਾਲਸਾ ਕੇ ਹੌਂ ਸਦਾ ਸਦ ਸੰਗਾ ॥*
..................................
*ਖ਼ਾਲਸਾ ਅਕਾਲ ਪੁਰਖ ਕੀ ਫੌਜ ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥*

ਖ਼ਾਲਸਾ ਪੰਥ ਦੀ ਸਿਰਜਣਾ ਦਾ ਪ੍ਰਭਾਵ ਸਮੁੱਚੇ ਦੇਸ਼ ਵਿਚ ਪਿਆ। ਗੁਰੂ ਸਾਹਿਬ ਨੇ ਡਿੱਗੀ ਹੋਈ ਕੌਮ ਦੀ ਮੁਰਦਾ ਰੂਹ ਵਿਚ ਇਕ ਅਜਿਹਾ ਜੋਸ਼ ਪੈਦਾ ਕੀਤਾ ਜੋ ਭਾਰਤ ਵਰਸ਼ ਵਿਚ ਧਾਰਮਕ ਅਤੇ ਰਾਜਸੀ ਕ੍ਰਾਂਤੀ ਪੈਦਾ ਕਰਨ ਵਾਲਾ ਸੀ। ਗੁਰੂ ਸਾਹਿਬ ਨੇ ਦੀਨ ਹੀਨ ਅਤੇ ਦਲਿਤ ਜਨਤਾ ਵਿਚ ਉਹ ਜੋਸ਼ ਸ਼ਕਤੀ ਪੈਦਾ ਕਰ ਦਿੱਤੀ, ਇਕ ਨਵੀਨ ਚੇਤਨਾ ਭਰ ਦਿੱਤੀ ਜਿਸ ਦਾ ਸੰਗਠਨ ਪਾ ਕੇ ਉਹ ਖ਼ਾਲਸਾ ਫੌਜ ਔਰੰਗਜ਼ੇਬ ਦੇ ਅਤਿਆਚਾਰਾਂ ਦੇ ਵਿਰੁੱਧ ਤਲਵਾਰ ਉਠਾ ਕੇ ਲੜ ਸਕੀ ਅਤੇ ਵਿਸ਼ਾਲ ਮੁਗਲ ਸਾਮਰਾਜ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਸਿੱਖ ਦੇਸ਼, ਧਰਮ ਅਤੇ ਆਜ਼ਾਦੀ ਲਈ ਲੜੇ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅਸੰਖ ਹਿੰਦੂਆਂ ਦੇ ਧਰਮ ਦੀ ਰੱਖਿਆ ਕੀਤੀ।

ਇਸ ਸੰਸਾਰ ਵਿਚ ਸਾਨੂੰ ਕਿਧਰੇ ਵੀ ਉਦਾਹਰਣ ਪ੍ਰਾਪਤ ਨਹੀਂ ਹੁੰਦੀ ਜਿਥੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਅਤੇ ਆਪਣੇ ਸਾਰੇ ਪਰਿਵਾਰ ਨੂੰ ਦੇਸ਼, ਧਰਮ ਲਈ ਵਾਰ ਦਿੱਤਾ ਹੋਵੇ। ਆਪ ਜੀ ਦੇ ਦੋ ਵੱਡੇ ਸਾਹਿਬਜ਼ਾਦੇ - ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਆਨੰਦਪੁਰ ਸਾਹਿਬ ਦੇ ਯੁੱਧ ਵਿਚ ਔਰੰਗਜ਼ੇਬ ਦੀ ਫੌਜ ਨਾਲ ਲੜਦੇ ਹੋਏ ਸ਼ਹੀਦ ਹੋਏ ਅਤੇ ਛੋਟੇ ਸਾਹਿਬਜ਼ਾਦੇ - ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਸਰਹਿੰਦ ਵਿਚ ਜੀਉਂਦੇ ਜੀ ਨੀਹਾਂ ਵਿਚ ਚਿਣਵਾ ਦਿੱਤੇ ਗਏ ਅਤੇ ਉਥੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਧੰਨ ਧੰਨ ਸਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਆਪਣਾ ਸਰਬੰਸ ਦੇਸ਼ ਧਰਮ ਕੌਮ ਲਈ ਵਾਰ ਦਿੱਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵ-ਵਿਆਪੀ ਸੰਦੇਸ਼ ਅੱਜ ਵੀ ਸਾਰਥਕਤਾ ਰਖਦਾ ਹੈ। ਗੁਰੂ ਸਾਹਿਬ ਨੇ *'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ'* ਦਾ ਅਮਰ ਸੰਦੇਸ਼ ਦਿੱਤਾ।

ਗੁਰੂ ਵਾਕ ਹਨ :-

*ਦੇਹੁਰਾ ਔ ਮਸੀਤ ਸੋਈ,*
*ਪੂਜਾ ਔ ਨਿਵਾਜ ਓਹੀ,*
*ਮਾਨਸ ਸਭੈ ਏਕ ਪੈ*
*ਅਨੇਕ ਕੋ ਭ੍ਰਮਾਉ ਹੈ ॥*
*ਹਿੰਦੂ ਕਉ ਤੁਰਕ ਕੋਊ,*
*ਰਾਫਜੀ ਇਮਾਮ ਸਾਫੀ,*
*ਮਾਨਸ ਕੀ ਜਾਤ*
*ਸਭੈ ਏਕੈ ਪਹਿਚਾਨਬੋ ॥*

ਗੁਰੂ ਸਾਹਿਬ ਦੀ ਬਾਣੀ ਵਿਚ ਵਿਸ਼ਵ-ਵਿਆਪੀ ਭਾਈਚਾਰੇ ਦਾ ਅਮਰ ਸੰਦੇਸ਼ ਹੈ। ਸਰਬ-ਸਾਂਝੀਵਾਲਤਾ ਦਾ ਸੰਦੇਸ਼ ਹੈ। ਭਾਈ ਗੁਰਦਾਸ (ਦੂਜੇ) ਨੇ ਗੁਰੂ ਸਾਹਿਬ ਦੀ ਮਹਾਨਤਾ, ਵਿਸ਼ਵ-ਵਿਆਪੀ ਚੇਤਨਾ ਅਤੇ ਵਿਸ਼ਵ-ਭਾਈਚਾਰੇ ਦੇ ਮਹਾਨ ਸੰਦੇਸ਼ ਨੂੰ ਬਿਆਨ ਕਰਦੇ ਹੋਏ ਇਉਂ ਲਿਖਿਆ ਹੈ :-

*ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ ॥*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥*

# ਖ਼ਾਲਸੇ ਦੀ ਸਿਰਜਣਾ ਮਨੁੱਖਤਾ ਦੇ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਕਾਰਜ

**ਰਵਨੀਤ ਸਿੰਘ**

ਸੰਸਾਰ ਦੇ ਹੋਰਨਾਂ ਧਰਮਾਂ ਦਾ ਖੇਤਰ ਜਿੱਥੇ ਮਨੁੱਖ ਦੀ ਆਤਮਿਕ ਤ੍ਰਿਪਤੀ ਤੱਕ ਹੀ ਸੀਮਤ ਸੀ। ਉੱਥੇ ਗੁਰੂ ਨਾਨਕ ਦੇਵ ਜੀ ਦੇ ਆਉਣ ਵਾਲੇ ਆਧੁਨਿਕ ਯੁੱਗ ਲਈ ਇਕ ਮੌਲਿਕ ਤੇ ਨਿਵੇਕਲੇ ਸਰਬਪੱਖੀ ਧਰਮ ਦੀ ਬੁਨਿਆਦ ਰੱਖੀ ਜਿੱਥੋਂ ਮਨੁੱਖ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕਦਰਾਂ ਕੀਮਤਾਂ ਦੀ ਅਗਵਾਈ ਮਿਲ ਸਕੇ। ਸਿੱਖ ਧਰਮ ਸੰਸਾਰ ਦਾ ਪਹਿਲਾਂ ਅਤੇ ਇੱਕਲਾ ਧਰਮ ਹੈ ਜਿਸ ਵਿਚ ਮੀਰੀ ਅਤੇ ਪੀਰੀ ਇਕ ਥਾਂ ਇੱਕਠੀਆਂ ਹੋਈਆਂ, ਭਗਤੀ ਤੇ ਸ਼ਕਤੀ ਦਾ ਸੁਮੇਲ ਹੋਇਆ। ਸੰਸਾਰ ਨੇ ਪਹਿਲੀ ਵਾਰ ਮਾਲਾ ਤੇ ਖੰਡਾ ਇੱਕ ਥਾਂ ਵੇਖਿਆ। ਦੂਰ-ਦਰਸ਼ੀ ਗੁਰੂ ਨਾਨਕ ਸਾਹਿਬ ਨੇ ਆਪਣੇ ਅਨੁਆਈਆਂ ਨੂੰ ਸ਼ਕਤੀ ਹੱਥ ਵਿਚ ਦੇਣ ਤੋਂ ਪਹਿਲਾਂ ਭਗਤੀ ਦਾ ਸਬਕ ਦ੍ਰਿੜ ਕਰਵਾਇਆ ਤਾਂ ਜੋ ਭਗਤੀ ਤੋਂ ਬਿਨਾਂ ਸ਼ਕਤੀ ਜਾਬਰ ਤੇ ਅਤਿਆਚਾਰਕ ਨਾ ਬਣ ਸਕੇ। ਸਿਪਾਹੀ ਬਣਾਉਣ ਤੋਂ ਪਹਿਲਾਂ ਸੰਤ ਬਣਨਾ ਸਿਖਾਇਆ, ਕ੍ਰਿਪਾਨ ਹੱਥ ਵਿਚ ਦੇਣ ਤੋਂ ਪਹਿਲਾਂ ਗੁਰਮੁਖ ਬਣਨਾ ਸਿਖਾਇਆ ਤਾਂ ਜੋ ਧਰਮੀ ਤੇ ਦਇਆਵਾਨ ਗੁਰਮੁਖ, ਕ੍ਰਿਪਾਲੂ ਮਜ਼ਲੂਮਾਂ ਤੇ ਨਿਤਾਣਿਆਂ ਦੀ ਰਾਖੀ ਲਈ ਵੀ ਵਰਤ ਸਕੇ।

ਗੁਰੂ ਨਾਨਕ ਦੇਵ ਜੀ ਨੇ ਅਜਿਹੀ ਕੌਮ ਤੇ ਅਜਿਹੇ ਸਮਾਜ ਦਾ ਪਲਾਨ ਉਲੀਕਿਆ ਜਿਸ ਵਿਚ ਸਿੱਖ ਨਾ ਕੇਵਲ ਹਰ ਪ੍ਰਕਾਰ ਦੀ ਪ੍ਰਾਧੀਨਤਾ ਤੋਂ ਹੀ ਮੁਕਤ ਹੋਣ ਸਗੋਂ ਦੱਬੇ ਕੁਚਲੇ ਮਜ਼ਲੂਮਾਂ ਤੇ ਕਮਜ਼ੋਰਾਂ ਦੀ ਰਾਖੀ ਅਤੇ ਜਾਮਨ ਬਣਨ ਲਈ ਤੱਤਪਰ ਅਤੇ ਸਮਰੱਥ ਵੀ ਹੋਣ। ਖ਼ਾਲਸੇ ਦਾ ਸਾਜਿਆ ਜਾਣਾ ਇਤਨੇ ਮਹਾਨ ਆਦਰਸ਼ ਦੀ ਪੂਰਤੀ ਸੀ। ਖ਼ਾਲਸੇ ਦੀ ਜਿਹੜੀ ਰੂਪ ਰੇਖਾ ਤੇ ਚਿਹਨ-ਚਕ੍ਰ ਗੁਰੂ ਨਾਨਕ ਸਾਹਿਬ ਨੇ ਉਲੀਕੇ ਸਨ, ਐਨ ਉਸ ਮੁਤਾਬਿਕ ਮੰਜ਼ਲ ਦਰ ਮੰਜ਼ਲ ਉਸ ਦੀ ਉਸਾਰੀ ਹੁੰਦੀ ਗਈ। ਸਾਰੇ ਇਤਿਹਾਸ ਵਿਚ ਕੁਝ ਵੀ ਅਜਿਹਾ ਨਹੀਂ ਵਾਪਰਿਆ ਜੋ ਗੁਰੂ ਨਾਨਕ ਦੇਵ ਜੀ ਦੇ ਬੁਨਿਆਦੀ ਅਸੂਲਾਂ ਅਨੁਸਾਰ ਨਾ ਹੋਵੇ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੇ ਸਾਰੇ ਪ੍ਰਚਾਰ ਦਾ ਅੰਤਿਮ ਨਿਸ਼ਾਨਾ ਖ਼ਾਲਸਾ ਸਾਜਣਾ ਹੀ ਸੀ।

ਖ਼ਾਲਸਾ ਸਾਜਨਾ ਦੀ ਬੁਨਿਆਦ ਗੁਰੂ ਨਾਨਕ ਸਾਹਿਬ ਨੇ ਆਪ ਹੀ ਰੱਖੀ। ਆਪ ਜੀ ਨੇ ਖ਼ਾਲਸੇ ਵਿਚ ਦਾਖ਼ਲੇ ਲਈ ਬੜੀਆਂ ਕਰੜੀ ਸ਼ਰਤਾਂ ਰੱਖੀਆਂ ਇਸ ਮਾਰਗ ਤੇ ਚੱਲਣ ਵਾਲੇ ਲਈ ਪਹਿਲੀ ਸ਼ਰਤ ਇਹ ਰੱਖੀ ਕਿ ਸਿਰ ਤਲੀ ਤੇ ਧਰਨਾ ਪਏਗਾ। ਦੂਜੀ ਇਹ ਕਿ ਲੋੜ ਪੈਣ ਤੇ ਸਿਰ ਦੇਣਾ ਪਏਗਾ। ਸੰਨ 1469 ਤੋਂ 1699 ਈਸਵੀ ਤੱਕ ਤੇ 230 ਸਾਲਾਂ ਦੌਰਾਨ ਦੇ ਸਿੱਖ ਗੁਰੂ ਸਾਹਿਬਾਨ ਤੱਕ ਸਿੱਖਾਂ ਨੂੰ ਗੁਰਮਤਿ ਦੇ ਕੋਰਸ ਦਾ ਪੂਰਾ ਅਧਿਐਨ ਕਰਵਾਇਆ ਗਿਆ।

*'ਸਿਰ ਧਰਿ ਤਲੀ ਗਲੀ ਮੇਰੀ ਆਉ'* ਅਤੇ *'ਸਿਰ ਦੀਜੈ ਕਾਣਿ ਨਾ ਕੀਜੈ'* ਦਾ ਜਾਪ ਕਰਦੇ ਆ ਰਹੇ ਸਿੱਖਾਂ ਨੂੰ ਇਸ ਵਿਸਾਖੀ ਵਾਲੇ ਦਿਹਾੜੇ ਦਸਮ ਪਾਤਿਸ਼ਾਹ ਨੇ ਇਮਤਿਹਾਨ ਦਾ ਕਰੜਾ ਪਰਚਾ ਪਾਇਆ। ਸਿੱਖ ਸੂਰਮੇ ਆਪਣੇ ਸੀਸ ਭੇਟ ਕਰਨ ਦੇ ਇਮਤਿਹਾਨ ਵਿਚ ਪੂਰੇ ਉਤਰੇ ਅਤੇ ਖ਼ਾਲਸੇ ਦੀ ਉਪਾਧੀ ਪ੍ਰਾਪਤ ਕਰ ਲੈਣ ਵਿਚ ਕਾਮਯਾਬ ਹੋਏ। ਦਸਮ ਪਾਤਿਸ਼ਾਹ ਨੇ ਖ਼ਾਲਸਾ ਸਾਜ ਕੇ ਇਸ ਅੰਦਰ ਸਿੱਖੀ ਸਿਧਾਂਤ ਦੀ ਸੁਤੰਤਰਤਾ ਤੇ ਬਰਾਬਰਤਾ ਦੀ ਅਜਿਹੀ ਚੰਗਿਆੜੀ ਮਗਿਆਈ ਕਿ ਇਸ ਦੇ ਭਾਂਬੜਾਂ ਨੇ ਨਾ ਕੇਵਲ ਵਕਤ ਦੀ ਸ਼ਕਤੀ ਨਾਲ ਮੁਗਲ ਹਕੂਮਤ ਨੂੰ ਹੀ ਸਾੜ ਕੇ ਸੁਆਹ ਕਰ ਦਿੱਤਾ ਸਗੋਂ ਮਨੁੱਖਤਾ ਦੀਆਂ ਵੰਡੀਆਂ ਪਾਉਣ ਵਾਲੇ ਜਾਤਪਾਤੀ ਸਮਾਜ ਨੂੰ ਭਸਮ ਕਰ ਦਿਤਾ। ਰਣਜੀਤ ਨਗਾਰੇ ਤੋਂ ਆਜ਼ਾਦੀ ਦੇ ਡੰਕੇ ਵੱਜਣ ਦੀ ਦੇਰ ਸੀ ਕਿ ਸਦੀਆਂ ਦੀ ਗੁਲਾਮੀ ਦੇ ਲਤਾੜੇ ਹੋਏ ਲੋਕਾਂ ਦੀਆਂ ਸੁੱਤੀਆਂ ਤਕਦੀਰਾਂ ਜਾਗ ਪਈਆਂ। ਬ੍ਰਾਹਮਣਵਾਦ ਦੀ ਜਾਤ-ਪਾਤ ਤੇ ਛੂਤ ਛਾਤ ਦੀਆਂ ਜੰਜੀਰਾਂ ਟੁੱਟਣ ਲੱਗੀਆਂ। ਸਿੱਖ ਇਤਿਹਾਸ ਨੇ ਇਸ ਇਨਕਲਾਬੀ ਮੋੜ ਨੇ ਊਚ ਨੀਚ ਦੇ ਟੋਏ ਟੱਬੇ ਪਧਰੇ ਕਰਕੇ ਸਭ ਨੂੰ ਏਕਤਾ ਦੀ ਲੜੀ ਵਿਚ ਪ੍ਰੋਣਾ ਸ਼ੁਰੂ ਕਰ ਦਿੱਤਾ। ਅਜਿਹੇ ਖ਼ਾਲਸਾ ਸਾਜਣਾ ਲਈ ਦਸਾਂ ਗੁਰੂਆਂ ਨੇ ਬੜੀਆਂ ਲੰਮੀਆਂ ਘਾਲਾਂ ਘਲੀਆਂ। ਉਨ੍ਹਾਂ ਨੇ ਮੋਹਰਲੀ ਕਤਾਰ ਵਿਚ ਖੜ੍ਹ ਕੇ ਆਪ ਕੁਰਬਾਨੀਆਂ ਦੇ ਕੇ ਸਿੱਖਾਂ ਨੂੰ ਕੁਰਬਾਨੀਆਂ ਦੇਣੀਆਂ ਸਿਖਾਈਆਂ। ਉੱਚੇ ਤੇ ਸੁਚੇ ਜੀਵਨ ਆਦਰਸ਼ ਕਾਇਮ ਕੀਤੇ ਅਤੇ ਉਨ੍ਹਾਂ ਆਦਰਸ਼ਕ ਇਖਲਾਕੀ ਮਿਆਰਾਂ ਤੇ ਆਪ ਚੱਲ ਖ਼ਾਲਸੇ ਸਾਹਮਣੇ ਨਿਸ਼ਾਨਾ ਕਾਇਮ ਕੀਤੀਆਂ, ਖ਼ਾਲਸੇ ਦੀ ਰਹਿਣੀ ਬਹਿਣੀ ਨੂੰ ਖਾਲਸੇ ਨਾਲੋਂ ਵੱਧ ਵਿਸ਼ੇਸ਼ਤਾ ਦਿੱਤੀ। ਉੱਚ ਰਹਿਣੀ ਬਹਿਣੀ ਵਿਚ ਸੰਪੂਰਨ ਖ਼ਾਲਸੇ ਨੂੰ ਤਾਂ ਗੁਰੂ ਸਾਹਿਬ ਇਸ਼ਟ ਬਣਾ ਕੇ ਆਪ ਉਸਦਾ ਚੇਲਾ ਬਣਨਾ ਲੋਚਣ ਲੱਗ ਪਏ :

*ਰਹਿਣੀ ਰਹਹਿ ਸੋਈ ਸਿਖ ਮੇਰਾ ॥*
*ਉਹ ਸਾਹਿਬ ਮੈਂ ਉਸ ਕਾ ਚੇਰਾ ॥*

ਮਨੁੱਖਤਾ ਦੇ ਇਤਿਹਾਸ ਵਿਚ 1699 ਈਸਵੀ ਦੇ ਵਿਸਾਖੀ ਵਾਲੇ ਦਿਨ ਇਕ ਅਜਿਹਾ ਇਨਕਲਾਬੀ ਮੋੜ ਆਇਆ ਜੋ ਸੰਸਾਰ ਦੀ ਅੱਖ ਨੇ ਨਾ ਪਹਿਲਾਂ ਕਦੇ ਵੇਖਿਆ ਸੀ ਅਤੇ ਨਾ ਹੀ ਕਦੀਂ ਵੇਖਣਾ ਹੈ। ਇਸ ਅਲੌਕਿਕ ਖੇਡ ਦਾ ਭੇਦ ਉਦੋਂ ਖੁੱਲ੍ਹਿਆ ਜਦੋਂ ਇਕ, ਇਕ ਖ਼ਾਲਸਾ ਸਵਾ ਲੱਖ ਨਾਲ ਟਕਰਾਉਣ ਲੱਗ ਪਿਆ। ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿਚ ਚਾਲੀ ਸਿੰਘਾਂ ਨੇ ਦੱਸ ਲੱਖ ਮੁਗਲ ਫੌਜਾਂ ਨਾਲ ਟਾਕਰਾ ਕਰ ਵਿਖਾਇਆ। ਮੁਗਲਾਂ ਦੀ ਦੱਸ ਲੱਖ ਫੌਜ ਦਾ ਕੱਚੀ ਗੜ੍ਹੀ ਉੱਤੇ ਹਮਲਾ ਕਰਨ ਦਾ ਹੀਆ ਨਾ ਪਿਆ ਅਤੇ ਉਹ ਬਾਹਰ ਹੀ ਲੜਦੇ ਰਹੇ। ਖੰਡੇ ਬਾਟੇ ਦਾ ਅੰਮ੍ਰਿਤ ਛਕਦਿਆਂ ਸਿੱਖਾਂ ਦੀ ਕਾਇਆ ਹੀ ਪਲਟ ਗਈ। ਇਨ੍ਹਾਂ ਦੇ ਤਨਾਂ ਮਨਾਂ ਅੰਦਰ ਇਨਕਲਾਬੀ ਮੋੜ ਆਇਆ। ਕੋਈ ਗੈਬੀ ਸ਼ਕਤੀ ਸੰਚਾਰਤ ਹੋ ਗਈ ਇਨ੍ਹਾਂ ਦੀ ਹਿੱਕ ਅੰਦਰ।

ਅਖੌਤੀ ਨੀਵੀਆਂ ਜਾਤਾਂ ਵਾਲੇ ਕੱਲ ਦੇ ਹੀਣੇ ਸਮਝੇ ਜਾਣ ਵਾਲੇ ਅਤੇ ਧੌਣਾਂ ਨੀਵੀਆਂ ਕਰਕੇ ਤੁਰਨ ਵਾਲੇ ਨਿਰਬਲ ਨੇਕ ਅੰਮ੍ਰਿਤ ਛਕਦਿਆਂ ਹੀ ਨਿਰਭੈ ਤੇ ਦਲੇਰ ਹੋ ਕੇ, ਧੌਣਾਂ ਉੱਚੀਆਂ ਕਰਕੇ ਤੁਰਨ ਲੱਗ ਪਏ। ਨਾਈ, ਛੀਂਬੇ, ਲੁਹਾਰ, ਤਰਖਾਣੇ ਅਤੇ ਕਿਰਤੀ ਮਜ਼ਦੂਰ ਲੋਕ ਜਿਹੜੇ ਕਮੀਨ ਸਮਝੇ ਜਾਂਦੇ ਸਨ, ਅੰਮ੍ਰਿਤ ਛੱਕ ਕੇ ਅਜਿਹੇ ਨਿਰਭੈ ਯੋਧੇ ਤੇ ਸੂਰਬੀਰ ਬਣੇ ਜਿਨ੍ਹਾਂ ਅੱਗੇ ਮਹਾਰਾਜੇ ਵੀ ਨਾ ਟਿਕ ਸਕੇ। ਇਹ ਇਨਕਲਾਬੀ ਮੋੜ ਕੇਵਲ ਮਰਦਾਂ ਅੰਦਰ ਹੀ ਨਹੀਂ ਆਇਆ ਸਗੋਂ ਇਸਤਰੀਆਂ ਵਿਚ ਵੀ ਆਇਆ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਬਰਾਬਰਤਾ ਦੇ ਪੂਰਨੇ ਪਾਏ। ਸ੍ਰੀ ਦਸ਼ਮੇਸ਼ ਪਿਤਾ ਜੀ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਮਰਦਾਂ ਦੇ ਬਰਾਬਰ ਦੀਆਂ ਸ਼ੇਰਨੀਆਂ ਬਣਾਇਆ। ਬਲਵਾਨ ਸਿੰਘਣੀਆਂ ਦੀਆਂ ਬਹਾਦਰੀਆਂ ਤੇ ਕਾਰਨਾਮਿਆਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਅਨੇਕਾਂ ਹੀ ਸਿੱਖ ਇਸਤਰੀਆਂ ਨੇ ਦਲੇਰੀ, ਨਿਰਭੈਤਾ ਅਤੇ ਸੂਰਮਗਤੀ ਦੇ ਅਜਿਹੇ ਜੌਹਰ ਵਿਖਾਏ ਹਨ ਜਿਹੜੇ ਮਰਦਾਂ ਦੇ ਕਾਰਨਾਮਿਆਂ ਨੂੰ ਵੀ ਮਾਤ ਕਰਦੇ ਹਨ।

ਸ੍ਰੀ ਦਸ਼ਮੇਸ਼ ਪਿਤਾ ਦੇ ਦਿਲ ਅੰਦਰ ਇਹ ਤਾਂਘ ਸੀ ਕਿ ਲੋਕ ਮਨਾਂ ਅੰਦਰੋਂ ਊਚ ਨੀਚ ਦੇ ਜਾਤ ਪਾਤ ਦੇ ਵਹਿਮਾਂ ਭਰਮਾਂ ਨੂੰ ਦੂਰ ਕਰਕੇ ਉਨ੍ਹਾਂ ਦੇ ਦਿਲਾਂ ਅੰਦਰੋਂ ਊਚ ਨੀਚ ਤੇ ਜਾਤ ਪਾਤ ਦੇ ਵਹਿਮਾਂ ਭਰਮਾਂ ਨੂੰ ਦੂਰ ਕਰਕੇ ਉਨ੍ਹਾਂ ਦੇ ਦਿਲਾਂ ਅੰਦਰ ਆਜ਼ਾਦੀ ਤੇ ਸਵੈਮਾਣ ਵਾਲਾ ਜੀਵਨ ਜਿਊਣ ਦਾ ਤਾਂਘ ਭਰੀ ਜਾਵੇ। ਅਜਿਹਾ ਸਮਾਜਿਕ ਸੰਗਠਨ ਕਾਇਮ ਹੋਵੇ ਜੋ ਸਮਾਜਿਕ ਅਤੇ ਧਾਰਮਿਕ ਕਮਜ਼ੋਰੀਆਂ ਤੋਂ ਉਚੇਰਾ ਹੋ ਜਾਵੇ, ਜੋ ਨਿਰੋਲ ਸੰਤ ਸਿਪਾਹੀ ਦੀ ਕੌਮ ਹੋਵੇ ਅਤੇ ਗੁਲਾਮੀ ਦੀ ਪੰਜਾਲੀ ਲਾਹ ਕੇ ਆਜ਼ਾਦੀ ਦਾ ਨਿਰੋਆ ਜੀਵਨ ਜੀਅ ਕੇ ਆਪਣਾ ਰਾਜ ਕਾਇਮ ਕਰਨ, ਅਜਿਹੀ ਤਾਕਤ ਕਾਇਮ ਕੀਤੀ ਜਾਵੇ, ਜੋ ਦੇਸ਼ ਭਰ ਵਿਚ ਹਰ ਪ੍ਰਕਾਰ ਦੀ ਗੁਲਾਮੀ ਤੋਂ ਛੁਟਕਾਰਾ ਪਾ ਕੇ ਸਰਬਪੱਖੀ ਉੱਨਤ ਦੀਆਂ ਟੀਸੀਆਂ ਨੂੰ ਛੂਹਵੇ।

ਗੁਰੂ ਸਾਹਿਬ ਇਸ ਧਰਤੀ ਤੇ ਅਜਿਹੇ ਰਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਜਿਸ ਤੇ ਧਰਮ ਦਾ ਬੋਲਬਾਲਾ ਹੋਵੇ, ਇਕ ਅਜਿਹਾ ਰਾਜ ਜਿਸ ਵਿਚ ਕੋਈ ਪਰਾਇਆ ਨਾ ਹੋਵੇ, ਜਿਸ ਵਿਚ ਲੋਕ *'ਸਭੈ ਸਾਂਝੀਵਾਲ ਸਦਾਇਨਿ'* ਅਤੇ *'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ'* ਦੀ ਧਾਰਨੀ ਹੋਣ, ਜਾਤ ਪਾਤ, ਊਚ ਨੀਚ, ਛੂਤ ਛਾਤ ਦੀ ਭਰਮ ਭੂਲੇ ਖਿਆ ਦੀ, ਵਹਿਮਾ ਪਰਮਾਂ ਦੀ ਜੰਤਰਾਂ ਤੰਤਰਾਂ ਦੀ ਅਤੇ ਪਾਖੰਡੀ ਕਰਮ ਕਾਂਡਾਂ ਦੀ, ਅਜਿਹਾ ਰਾਜ ਵਿਚ ਕੋਈ ਥਾਂ ਨਾ ਹੋਵੇ ਅਤੇ ਜਿਸ ਵਿਚ ਹਰ ਇਕ ਨੂੰ ਆਪਣੇ ਢੰਗ ਨਾਲ ਰਹਿਣ ਬਹਿਣ ਪੂਜਾ ਪਾਠ ਅਤੇ ਜੀਊਣ ਦੇ ਬਰਾਬਰ ਹੱਕ ਹੋਣ , ਜਿੱਥੇ ਨਾ ਸਵਰਗਾਂ ਦੇ ਝੂਠੇ ਲਾਰੇ ਲਾਏ ਜਾਣ ਅਤੇ ਨਾ ਹੀ ਨਰਕਾਂ ਦੇ ਡਰਾਵੇ ਦਿੱਤੇ ਜਾਣ, ਜਿੱਥੇ ਲੋਟੂ ਅਤੇ ਨਾ ਧਾੜਵੀ ਜੰਮਣ ਅਤੇ ਜਿੱਥੇ ਕੋਈ ਲੁੱਟ ਖਸੁੱਟ ਨਾ ਕਰ ਸਕੇ ਕਿਸੇ ਦਾ, ਕੋਈ ਪ੍ਰਾਧੀਨ ਨਾ ਹੋਵੇ ਸੱਚ ਤੇ ਇਨਸਾਫ ਦਾ ਰਾਜ ਹੋਵੇ। ਇਹ ਸੀ ਗੁਰੂ ਨਾਨਕ ਦੇਵ ਜੀ ਦਾ ਸੁਪਨਾ ਜਿਸ ਨੂੰ ਸਾਕਾਰ ਕਰਨ ਲਈ ਖ਼ਾਲਸੇ ਦੀ ਸਾਜਨਾ ਹੋਈ। ਖ਼ਾਲਸੇ ਦਾ ਸਾਜੇ ਜਾਣਾ ਗੁਰੂ ਨਾਨਕ ਸਾਹਿਬ ਦੇ *'ਸਿਰੁ ਧਰਿ ਤਲੀ ਗਲੀ ਮੇਰੀ ਆਉ'* ਦੇ ਅਦੁੱਤੀ ਸੰਕਲਪ ਦੀ ਸੰਪੂਰਨਤਾ ਸੀ।

ਸ੍ਰੀ ਦਸ਼ਮੇਸ਼ ਪਿਤਾ ਜੀ ਨੇ ਖ਼ਾਲਸੇ ਨੂੰ ਸੰਤ ਸਿਪਾਹੀ ਦੇ ਮਹਾਨ ਜੀਵਨ ਸਿਧਾਂਤ ਦਾ ਅਨੁਸਾਰੀ ਬਣਾਇਆ। ਸੰਤ ਸਿਪਾਹੀ ਨੇ ਪਰਉਪਕਾਰ ਲਈ ਜੀਊਂਣਾ ਹੈ। ਇਸ ਨੇ ਸੰਤ ਦੋਖੀਆਂ ਨਾਲ ਟੱਕਰ ਲੈਣੀ ਹੈ ਪਰ ਦੀਨ ਦੀ ਰੱਖਿਆ ਲਈ ਇਸਦੇ ਕਿਰਪਾਨ ਦੀ ਵਰਤੋਂ ਕਰਨੀ ਹੈ ਪਰ ਆਪਣੇ ਤੋਂ ਪਰਾਏ ਦੇ ਹੱਕਾਂ ਦੀ ਰਾਖੀ ਲਈ, ਜ਼ਾਬਰ ਤੇ ਜਬਰ ਨੂੰ ਠੱਲ ਪਾਉਣ ਲਈ। ਨਾ ਕਿਸੇ ਉਪਰ ਜਬਰ ਕਰਨਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਣਾ ਹੈ ਅਤੇ ਨਾ ਹੀ ਕਿਸੇ ਦਾ ਜਬਰ ਸਹਿਣਾ ਹੈ। ਕਿਸੇ ਉਤੇ ਜਬਰ ਹੁੰਦਾ ਵੇਖ ਕੇ ਦੜ ਵੱਟ ਕੇ ਵੀ ਨਹੀਂ ਬਹਿਣਾ ਸਗੋਂ ਜਬਰ ਨੂੰ ਰੋਕ ਦੇਣਾ ਹੈ ਭਾਵੇਂ ਆਪਣੀ ਜਾਨ ਕਿਉਂ ਨਾ ਦੇਣੀ ਪੈ ਜਾਏ। ਪਰਾਏ ਧਨ ਤੇ ਅੱਖ ਨਹੀਂ ਰੱਖਣੀ। ਕਿਸੇ ਦਾ ਹੱਕ ਮਾਰਨਾ ਜਾਂ ਖੋਹਣਾ ਨਹੀਂ ਹੈ। ਤੰਬਾਕੂ, ਸ਼ਰਾਬ, ਅਫੀਮ, ਪੋਸਤ ਆਦਿਕ ਨਸ਼ਿਆਂ ਤੋਂ ਦੂਰ ਰਹਿਣਾ ਹੈ। ਸਰਬਤ ਦੀ ਸੇਵਾ ਕਰਨ, ਸਰਬਤ ਦੀ ਰਾਖੀ ਕਰਨ, ਸਰਬਤ ਲਈ ਇਨਸਾਫ ਮੰਗਣ, ਸਰਬਤ ਲਈ ਸ਼ੁੱਭ ਇਛਾਵਾਂ, ਸਰਬਤ ਦੇ ਕੰਮ ਆਉਣ, ਸਰਬਤ ਦੀ ਦੇਖ ਭਾਲ ਕਰਨ ਅਤੇ ਰੱਬ ਦਾ ਭਲਾ ਮੰਗਣ ਦੇ ਗੁਰਮਤਿ ਦੇ ਵਿਧਾਨਿਕ ਫਰਜ਼ਾਂ ਨੂੰ ਸਦਾ ਸਾਹਮਣੇ ਰੱਖਣਾ ਹੈ। ਖ਼ਾਲਸਾ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਪੰਜ ਕਕਾਰੀ ਰਹਿਤ ਮਰਯਾਦਾ ਰੱਖਣੀ, ਪੰਜ ਕਕਾਰੀ ਵਰਦੀ ਵਿਚ ਸੱਜਣਾ, ਪੰਜਾਂ ਬਾਣੀਆਂ ਦਾ ਪਾਠ ਕਰਨਾ, ਪੰਜਾਂ ਦਾ ਸਨਮਾਨ ਕਰਨਾ, ਪੰਜਾਂ ਦਾ ਫੈਸਲਾ ਮੰਨਣ ਅਤੇ ਸਦਾ ਹੀ ਸੱਚਾ ਤੇ ਧਰਮੀ ਜੀਵਨ ਜੀਊਂਣਾ ਖ਼ਾਲਸੇ ਦਾ ਨੇਮ ਹੈ। *'ਗੁਰਸਿੱਖ ਮੀਤ ਚਲਹੁ ਗੁਰ ਚਾਲੀ'* ਦਾ ਧਾਰਨੀ ਹੋਣਾ ਹੈ। ਸਚਿਆਰ ਦਾ ਜੀਵਨ ਜਾਂਚ ਦਾ ਅਨੁਸਾਰੀ ਹੋਣਾ ਹੀ ਖ਼ਾਲਸਾ ਹੋਣਾ ਹੈ ਅਰਥਾਤ ਖ਼ਾਲਸਾ ਹੋਣ ਦਾ ਇਹੋ ਅਮਲ ਰਾਹ ਹੈ। ਖ਼ਾਲਸਾ ਇਕ ਨਿਰਾਲੀ ਜੀਵਨ ਜਾਂਚ ਹੈ। ਇਹ ਧਰਮ ਅਤੇ ਸਦਾਚਾਰ ਦਾ ਸਨੇਹ ਹੈ ਇਹ ਅੰਦਰਲੀ ਅਤੇ ਬਾਹਰਲੀ ਇਕਸੁਰਤਾ ਕਾਇਮ ਰੱਖਣ ਦੀ ਜੁਗਤੀ ਹੈ। ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛੱਕਣਾ ਇਸ ਦਾ ਧਰਮ ਹੈ। ਇੱਥੇ ਮੰਗਣਾ, ਵਿਹਲੇ ਰਹਿਣਾ ਅਤੇ ਪੂਜਾ ਦਾ ਧਾਨ ਖਾਣਾ ਪਾਪ ਹੈ। ਖ਼ਾਲਸਾ ਨਾ ਝੂਠ ਬੋਲਦਾ ਹੈ ਅਤੇ ਨਾ ਹੀ ਝੂਠੇ ਕੰਮ ਕਰਦਾ ਹੈ। ਖ਼ਾਲਸੇ ਨੇ ਬੋਲਣਾ ਵੀ ਸੱਚ ਅਤੇ ਵੇਖਣਾ ਵੀ ਸੱਚ ਹੈ। ਇਸਦੀ ਸੋਚਣੀ ਵੀ ਸੱਚੀ ਤੇ ਕੰਮ ਵੀ ਸੱਚੇ ਹਨ। ਖ਼ਾਲਸੇ ਦੀ ਆਵਾਜ਼ ਸੱਚ ਦੀ ਆਵਾਜ਼ ਹੈ। ਇਸ ਸੱਚ ਦੀ ਆਵਾਜ਼ ਅੱਗੇ ਕੋਈ ਜ਼ਾਲਮ ਤੇ ਜਾਬਰ ਅਤੇ ਨਾ ਹੀ ਪਾਖੰਡੀ ਤੇ ਅਹੰਕਾਰੀ ਨਹੀਂ ਟਿਕ ਸਕਿਆ ਹੈ। ਖ਼ਾਲਸੇ ਦੀ ਆਵਾਜ਼ ਕਰੋੜਾਂ ਦੀਆਂ ਆਵਾਜ਼ਾਂ ਤੇ ਭਾਰੂ ਹੈ। ਖ਼ਾਲਸੇ ਦੇ ਆਤਮਿਕ ਅਤੇ ਸਦਾਚਾਰਕ ਜੀਵਨ ਲੱਖਾਂ ਕਪਟੀਆਂ ਤੇ ਭਾਰੂ ਹਨ। ਝੂਠ ਵਿਰੁੱਧ ਅੜ ਜਾਣਾ ਅਤੇ ਜ਼ੁਲਮ ਵਿਰੁੱਧ ਲੜਨਾ ਖ਼ਾਲਸੇ ਦਾ ਇਤਿਹਾਸਕ ਵਿਰਸਾ ਹੈ। ਇਥੋਂ ਇਤਿਹਾਸਕ ਵਿਰਸਾ ਖ਼ਾਲਸੇ ਦਾ ਚੜ੍ਹਦੀਕਲਾ ਦਾ ਜ਼ਾਮਨ ਹੈ। ਖ਼ਾਲਸੇ ਦੇ ਵਿਧਾਨ ਵਿਚ ਜਿੱਥੇ ਜ਼ੁਲਮ ਕਰਨਾ ਪਾਪ ਹੈ ਉੱਥੇ ਜ਼ੁਲਮ ਸਹਿਣਾ ਵੀ ਪਾਪ ਹੈ। ਨਾ ਕਿਸੇ ਤੇ ਜੁਲਮ ਜਬਰ ਕਰਨਾ ਹੈ ਅਤੇ ਨਾ ਹੀ ਕਿਸੇ ਜ਼ੁਲਮ ਅੱਗੇ ਝੁਕਣਾ ਹੈ।

ਜਦ ਤੱਕ ਖ਼ਾਲਸਾ ਗੁਰੂ ਦੇ ਦੱਸੇ ਰਾਹ ਤੇ ਚੱਲਦਾ ਰਿਹਾ, ਇਸਦੇ ਦ੍ਰਿੜ ਇਰਾਦੇ, ਸਿਦਕ ਅਤੇ ਦਲੇਰੀ ਸਾਹਮਣੇ ਦੁਨੀਆਂ ਦੀ ਤਾਕਤ ਨਹੀਂ ਟਿਕ ਸਕਦੀ। ਜ਼ਾਲਮ ਤੇ ਜ਼ੁਲਮ ਦੀਆਂ ਭੱਠੀਆਂ ਇਸਦਾ ਸਿਰੜ ਨਾ ਸਾੜ ਸਕੀਆਂ। ਇਸ ਦਾ ਪੁਰਜਾ-ਪੁਰਜਾ ਕਰਕੇ ਵੀ ਇਸਦੇ ਸਿਦਕ ਨੂੰ ਕੋਈ ਨਹੀਂ ਹਿਲਾ ਸਕਿਆ। ਇਸਦੇ ਦ੍ਰਿੜ੍ਹਤਾ ਨੂੰ ਗੱਡੀਆਂ ਦੇ ਇੰਜਨ ਵੀ ਨਾ ਭੰਨ ਸਕੇ। ਇਸਦੀ ਅਣਖ ਨੂੰ ਗੋਲੀਆਂ ਤੇ ਡਾਗਾਂ ਵੀ ਨਾ ਤੋੜ ਸਕੀਆਂ। ਖ਼ਾਲਸਾ ਕੌਮ ਉੱਤੇ ਕਈ ਵਾਰ ਜ਼ੁਲਮ ਦੀਆਂ ਹਨੇਰੀਆਂ ਤੇ ਝੱਖੜ ਝੱਲੇ ਹਨ। ਹਰ ਹਨੇਰੀ, ਹਰ ਤੂਫਾਨ ਅਤੇ ਹਰ ਜ਼ੁਲਮ ਦੀ ਭੱਠੀ ਵਿਚੋਂ ਇਸ ਬਹਾਦਰ ਕੌਮ ਦੇ ਸੂਰਮੇ ਇਸਪਾਤ ਬਣ ਕੇ ਨਿਕਲੇ ਹਨ।

ਸਿੱਖ ਕੌਮ ਕੋਲ ਸਿੱਖ ਚਿੰਤਨ ਦਾ ਸਰਬਪੱਖੀ ਸਿਧਾਂਤਕ ਵਿਰਸਾ ਹੈ। ਇਸ ਦੀ ਨਵੀਨਤਾ ਕੇਵਲ ਇਸ ਗੱਲ ਵਿਚ ਨਹੀਂ ਹੈ ਕਿ ਇਸਨੇ ਅਨੇਕਾਂ ਮੌਲਿਕ ਤੇ ਵਿਗਿਆਨਿਕ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ ਹਨ ਸਗੋਂ ਇਸਦੀ ਨਵੀਨਤਾ ਇਸ ਦੇ ਰੂਪ ਤੇ ਰਹਿਣੀ ਵਿਚ ਹੈ ਜੋ ਇਸ ਚਿੰਤਨ ਉਪਰ ਉਸਰਦੀ ਹੈ। ਅੱਜ ਤੱਕ ਸੰਸਾਰ ਦਾ ਕੋਈ ਵੀ ਚਿੰਤਨ ਆਪਣੇ ਹਾਣ ਦਾ ਕਮਾਈ ਵਾਲਾ ਅਮਲੀ ਜੀਵਨ ਨਹੀਂ ਉਸਾਰ ਸਕਿਆ ਹੈ- ਸਿੱਟੇ ਵੱਜੋਂ ਨਾ ਹੀ ਆਪਣੇ ਹਾਣ ਇਤਿਹਾਸ ਪੈਦਾ ਕਰ ਸਕਿਆ ਹੈ ਇਸਦੇ ਉਲਟ ਸਿੱਖ ਚਿੰਤਨ ਆਪਣੇ ਹਾਣ ਨਾਲੋਂ ਵੀ ਬਹੁਤ ਉੱਚਾ ਇਤਿਹਾਸ ਸਿਰਜ ਸਕਿਆ ਹੈ। ਗੁਰਬਾਣੀ ਦੀ ਹਰ ਤੁੱਕ ਸੱਚਾਈ ਦਾ ਅੱਤਰ ਹੈ, ਅਸਲੀਅਤ ਦਾ ਨਿਚੋੜ ਹੈ ਅਤੇ ਆਪਣੇ ਆਪ ਵਿਚ ਇਕ ਸੰਪੂਰਨ ਸਿਧਾਂਤ ਹੈ।

ਸਿੱਖ ਚਿੰਤਨ ਨੇ ਸੰਸਾਰ ਨੂੰ ਸੰਤ ਸਿਪਾਹੀ ਦਾ ਅਜਿਹਾ ਨਵੀਨ ਤੇ ਸ਼ਕਤੀਸ਼ਾਲੀ ਮਹਾਨ ਜੀਵਨ ਸਿਧਾਂਤ ਦਿੱਤਾ ਹੈ ਜਿਹੜਾ ਹੁਣ ਤਕ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਨਿਤ ਨਵੀਆਂ ਸਿਖਰਾਂ ਛੂੰਹਦਾ ਆ ਰਿਹਾ ਹੈ। ਸ਼ਹਾਦਤ ਦੀ ਭਾਵਨਾ ਅਤੇ ਸ਼ਕਤੀ ਮਹਾਨ ਜੀਵਨ ਸਿਧਾਂਤ ਵਿਚੋਂ ਹੀ ਉਭਰਦੀ ਹੈ। ਸੰਸਾਰ ਵਿਚ ਪਹਿਲੀ ਵਾਰ ਕ੍ਰਿਪਾਨ, ਜਰ, ਜ਼ਮੀਨ ਲਈ ਵਰਤਨ ਦੀ ਥਾਂ ਮਨੁੱਖ ਦੇ ਜਮਾਂਦਰੂ ਅਧਿਕਾਰਾਂ ਦੀ ਰਾਖੀ ਲਈ ਵਰਤਣੀ ਉਚਿੱਤ ਕਰਾਰ ਦੇਣ ਵਾਲਾ ਸਿੱਖ ਚਿੰਤਨ ਹੀ ਹੈ। ਜਦ ਹੋਰ ਸਾਰੇ ਯਤਨ ਅਸਫਲ ਹੋ ਜਾਣ ਤਾਂ ਤਲਵਾਰ ਨੂੰ ਹੱਥ ਪਾਉਣਾ ਧਾਰਮਿਕ ਫਰਜ਼ ਬਣਦਾ ਹੈ।

*ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸ਼ਤ ॥੨੨॥*

(ਜ਼ਫਰਨਾਮਾ ਗੁਰੂ ਗੋਬਿੰਦ ਸਿੰਘ ਜੀ)

ਸ੍ਰੀ ਦਸ਼ਮੇਸ਼ ਪਿਤਾ ਜੀ ਦਾ ਸੁਨਹਿਰੀ ਸਿਧਾਂਤ (ਇਨ੍ਹਾਂ ਸ਼ਬਦਾਂ ਨੂੰ) ਢਾਈ ਸੌ ਸਾਲ ਮਗਰੋਂ 10 ਦਸੰਬਰ 1948 ਨੂੰ ਕੌਮਾਂਤਰੀ ਸਭਾ ਨੇ ਆਪਣੇ ਯੂ.ਐਨ.ਓ. ਦੇ ਮਨੁੱਖੀ ਅਧਿਕਾਰਾਂ ਦੇ ਐਲਾਨ ਦੀ ਭੂਮਿਕਾ ਵਿਚ ਅੰਕਿਤ ਕੀਤਾ ਹੈ। ਸੰਸਾਰ ਨੇ ਪਹਿਲੀ ਵਾਰ ਖ਼ਾਲਸੇ ਦੇ ਹੱਥੀਂ ਤਲਵਾਰ ਦਾ ਵਰਤੋਂ ਜ਼ੁਲਮ ਕਰਨ ਦੀ ਥਾਂ ਜ਼ੁਲਮ ਰੋਕਣ ਲਈ ਵਰਤੀ ਜਾਂਦੀ ਹੈ।

ਸੰਸਾਰ ਦੀਆਂ ਹੋਰਨਾਂ ਕੌਮਾਂ ਤੇ ਜਾਂ ਭਗਤੀ ਭਾਰੂ ਹੈ ਜਾਂ ਸ਼ਕਤੀ। ਮੀਰੀ ਤੋਂ ਪੀਰੀ, ਭਗਤੀ ਤੇ ਸ਼ਕਤੀ ਅਤੇ ਸੰਤ ਸਿਪਾਹੀ ਦੇ ਸੁਮੇਲ ਦਾ ਮਹਾਨ ਜੀਵਨ ਸਿਧਾਂਤ ਕੇਵਲ ਤੇ ਕੇਵਲ ਖ਼ਾਲਸਾ ਕੌਮ ਦੇ ਹੀ ਕੋਲ ਹੈ। ਡੈਮੋਕ੍ਰੇਸੀ ਦਾ ਮੁੱਢ ਵੀ ਖ਼ਾਲਸਾ ਹੀ ਹੈ। ਸੰਸਾਰ ਵਿਚ ਪਰਜਾਤੰਤਰ (ਡੈਮੋਕ੍ਰੇਸੀ) ਦਾ ਸਿਧਾਂਤ ਸਭ ਤੋਂ ਪਹਿਲਾਂ ਨਾ ਕੇਵਲ ਲਿਖਤੀ ਰੂਪ ਵਿਚ ਸਗੋਂ ਅਮਲੀ ਰੂਪ ਵਿਚ ਮਨੁੱਖਤਾ ਸਾਹਮਣੇ ਰੱਖਣ ਵਾਲਾ ਖ਼ਾਲਸਾ ਹੀ ਹੈ। 'ਪੰਚ ਪਰਵਾਣ ਪੰਚ ਪਰਧਾਨੁ' ਦੇ ਪੰਚਾਇਤੀ ਅਸੂਲ ਅਧੀਨ 1699 ਈਸਵੀ ਵਿਚ ਸਮੂਹ ਖ਼ਾਲਸਾ ਦੀ ਅਗਵਾਈ ਪੰਜ ਪਿਆਰਿਆਂ ਦੇ ਹੱਥ ਦੇ ਕੇ, ਸ੍ਰੀ ਦਸ਼ਮੇਸ਼ ਪਿਤਾ ਜੀ ਨੇ, ਸੰਸਾਰ ਨੂੰ ਜਮਹੂਰੀਅਤਾ ਦਾ ਇਕ ਨਵਾਂ ਰਾਹ ਦਿਖਾਇਆ। ਬਹੁ ਗਿਣਤੀ ਸੰਗਤ ਅਤੇ ਪੰਜ ਪਿਆਰਿਆਂ ਦੇ ਫੈਸਲੇ ਨੂੰ ਗੁਰੂ ਸਾਹਿਬਾਨ ਨੂੰ ਆਪ ਵੀ ਮੰਨਿਆ ਹੈ। ਅਜਿਹੀ ਮਿਸਾਲ ਸੰਸਾਰ ਦੇ ਕਿਸੇ ਧਰਮ ਜਾਂ ਕੌਮ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਸੰਸਾਰ ਦੇ ਹੋਰਨਾਂ ਧਰਮਾਂ ਕੋਲ ਸੰਗਤ ਤਾਂ ਹੈ ਪਰ ਪੰਕਤ ਕਿਸੇ ਕੋਲ ਨਹੀਂ। ਸੰਗਤ ਵਿਚੋਂ ਪ੍ਰਾਪਤ ਕੀਤੇ ਬਿਨਾਂ ਗਿਆਨ ਤੇ ਸਿਮਰਨ ਭਾਵਨਾ ਨੂੰ ਅਮਲੀ ਰੂਪ ਦੇਣ ਲਈ ਪੰਗਤ ਕੇਵਲ ਸਿੱਖ ਧਰਮ ਕੋਲ ਹੀ ਹੈ- ਦੁਨੀਆਂ ਦੇ ਕਿਸੇ ਧਰਮ ਕੋਲ ਨਹੀਂ।

ਸਾਰੇ ਸੰਸਾਰ ਵਿਚ ਸਿੱਖ ਧਰਮ ਹੀ ਇਕ ਅਜਿਹਾ ਧਰਮ ਹੈ, ਜਿਸਦੇ ਆਗੂਆਂ ਨੇ ਆਪਣੇ ਅਨੁਆਈਆਂ ਨੂੰ ਆਪਣੇ ਤੋਂ ਉੱਚਾ ਦਰਜਾ ਦਿੱਤਾ ਹੈ। ਸੰਗਤ ਨੂੰ ਇੱਕੀ ਵਿਸਵੇ ਮੰਨ ਕੇ ਇਸਦੀ ਉੱਚਤਾ ਨੂੰ ਅਮਲੀ ਰੂਪ ਵਿਚ ਸਵੀਕਾਰਿਆ ਹੈ। ਨਾਮ ਜਪਣ ਕਿਰਤ ਕਰਨ ਅਤੇ ਵੰਡ ਛੱਕਣ ਦਾ ਇਕ ਹੋਰ ਮੌਲਿਕ ਸਿਧਾਂਤ ਸਾਹਮਣੇ ਰੱਖਣ ਵਾਲਾ ਖ਼ਾਲਸਾ ਹੀ ਹੈ। ਗੁਰਮਤਿ ਨੇ ਮੰਗਣ ਦੀ ਕੁਬਿਰਤੀ ਦਾ ਬੀਜ ਨਾਸ ਕਰ ਕੇ ਵੀ ਵਿਖਾਇਆ।

# ਅੰਮ੍ਰਿਤ ਦੀ ਮਹਾਨਤਾ

**ਜਸਪਾਲ ਸਿੰਘ ਭੰਮ**



ਇਸ ਤੋਂ ਪਹਿਲਾਂ ਕਿ ਅੰਮ੍ਰਿਤ ਬਾਰੇ ਕੁੱਝ ਵਿਚਾਰ ਪੇਸ਼ ਕੀਤੇ ਜਾਣ ਇਹ ਜਾਣਨਾ ਜ਼ਰੂਰੀ ਹੈ ਕਿ ਅੰਮ੍ਰਿਤ ਕੀ ਹੈ? ਅੰਮ੍ਰਿਤ ਜਾਂ ਆਬ-ਹਿਯਾਤ ਜਾਂ ਮਹਾਂ ਰਸ ਜਾਂ ਸੁਧਾ ਰਸ ਉਸ ਵਸਤੂ ਨੂੰ ਕਿਹਾ ਗਿਆ ਹੈ ਜਿਸ ਦੇ ਚੱਖਣ ਨਾਲ ਮਨੁੱਖ ਅਮਰ ਹੋ ਜਾਂਦਾ ਹੈ। ਭਾਵ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਸੰਸਾਰ ਦੇ ਇਤਿਹਾਸ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਹਮੇਸ਼ਾਂ ਅੰਮ੍ਰਿਤ ਦੀ ਭਾਲ ਕਰਦਾ ਆਇਆ ਹੈ। ਇਥੋਂ ਤੱਕ ਦੇਵਤੇ ਤੇ ਦੈਂਤ ਵੀ ਅੰਮ੍ਰਿਤ ਲੱਭਣ ਲਈ ਯਤਨਸ਼ੀਲ ਰਹੇ ਹਨ। ਹਿੰਦੂ ਮਿਥਿਹਾਸ ਵਿਚ ਦੱਸਿਆ ਗਿਆ ਹੈ ਕਿ ਸੁਮੇਰ ਪਰਬਤ ਦਾ ਮਧਾਣਾ ਬਣਾ ਕੇ ਦੇਵਤਿਆਂ ਅਤੇ ਦੈਂਤਾ ਰੱਲ ਕੇ ਸਮੁੰਦਰ ਨੂੰ ਰਿੜਕਿਆ ਤੇ ਇਸ ਤਰ੍ਹਾਂ 14 ਰਤਨ ਨਿਕਲੇ ਜਿਨ੍ਹਾਂ ਵਿੱਚੋਂ ਇਕ ਅੰਮ੍ਰਿਤ ਦਾ ਕੁੰਡ ਸੀ। ਇਸ ਅੰਮ੍ਰਿਤ ਨੂੰ ਪੀ ਕੇ ਅਮਰ ਹੋ ਜਾਣ ਜਾਂ ਜ਼ਿੰਦਗੀ ਨੂੰ ਲੰਮਾ ਕਰਨ ਲਈ ਦੇਵਤਿਆਂ ਅਤੇ ਦੈਤਾਂ ਵਿਚ ਭਾਰੀ ਯੁੱਧ ਹੋਇਆ। ਇਹ ਕਥਾ ਭਾਵੇਂ ਮਿਥਿਹਾਸਕ ਮੰਨੀ ਗਈ ਹੈ, ਪਰ ਇਹ ਅਨੁਭਵ ਹੁੰਦਾ ਹੈ ਕਿ ਅੰਮ੍ਰਿਤ ਨੂੰ ਪ੍ਰਾਪਤ ਕਰਨ ਦੀ ਲਾਲਸਾ ਸੰਸਾਰ ਵਿਚ ਸਦਾ ਹੀ ਰਹੀ ਹੈ।

ਗੁਰੂ ਸਾਹਿਬਾਨ ਨੇ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਲਈ ਪ੍ਰੇਰਨਾ ਕੀਤੀ ਹੈ। ਉਨ੍ਹਾਂ ਅਨੁਸਾਰ ਸ਼ਬਦ ਜਾਂ ਪ੍ਰਮਾਤਮਾ ਦਾ ਨਾਮ ਹੀ ਅੰਮ੍ਰਿਤ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਕਥਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪ੍ਰਮਾਤਾਮਾ ਦਾ ਨਾਮ ਹੀ ਅੰਮ੍ਰਿਤ ਹੈ। ਗੁਰੂ ਅਮਰਦਾਸ ਜੀ ਵੀ ਨਾਮ ਨੂੰ ਹੀ ਅੰਮ੍ਰਿਤ ਮੰਨਦੇ ਹਨ। ਇਸ ਦੀ ਗਵਾਈ ਹੇਠਲੇ ਪ੍ਰਮਾਣ ਤੋਂ ਮਿਲਦੀ ਹੈ।

*ਅੰਮ੍ਰਿਤੁ ਸਾਚਾ ਨਾਮੁ ਹੈ*
*ਕਹਣਾ ਕਛੂ ਨਾ ਜਾਇ ॥*
*ਪੀਵਤ ਹੂ ਪਰਵਾਣੁ ਭਇਆ*
*ਪੂਰੈ ਸਬਦਿ ਸਮਾਇ ॥*

ਪ੍ਰਮਾਤਮਾ ਦਾ ਸੱਚਾ ਨਾਮ ਹੀ ਅੰਮ੍ਰਿਤ ਹੈ ਤੇ ਇਸ ਬਾਰੇ ਕੁੱਝ ਕਹਿਣ ਦੀ ਲੋੜ ਨਹੀਂ ਭਾਸਦੀ। ਦੂਜੀ ਪੰਗਤੀ ਵਿਚ ਗੁਰੂ ਅਮਰਦਾਸ ਜੀ ਵਰਨਣ ਕਰਦੇ ਹਨ ਕਿ ਜਿਹੜੇ ਅਨਹੱਦ ਸ਼ਬਦ ਦੀ ਧੁਨੀ ਸੁਣਦੇ ਉਸ ਵਿਚ ਲੀਨ ਹੋ ਜਾਂਦੇ ਹਨ। ਉਹ ਅੰਮ੍ਰਿਤ ਦੀ ਪ੍ਰਾਪਤੀ ਕਰਦੇ ਹਨ ਤੇ ਅਕਾਲ ਪੁਰਖ ਦੀ ਦਰਗਾਹ ਵਿਚ ਕਬੂਲੇ ਜਾਂਦੇ ਹਨ। ਰੱਬ ਦਾ ਨਾਮ ਹੀ ਸੁੱਧਾ ਰਸ ਜਾਂ ਅੰਮ੍ਰਿਤ ਹੈ, ਜਿਸ ਨੂੰ ਪੀਣ ਨਾਲ ਇਨਸਾਨ ਦੀ ਆਤਮਾ ਤ੍ਰਿਪਤ ਹੋ ਜਾਂਦੀ ਹੈ। ਆਪਣੇ ਆਪ ਦੀ ਸੋਝੀ ਹੁੰਦੀ ਹੈ ਤੇ ਰੱਬੀ ਗੁਝੇ ਭੇਦ ਨੂੰ ਸਮਝ ਦੀ ਸੋਧ ਮਿਲਦੀ ਹੈ।

ਗੁਰੂ ਰਾਮਦਾਸ ਜੀ ਮਹਾਰਾਜ ਨੇ ਵੀ ਇਸ ਕਥਨ ਦੀ ਪੁਸ਼ਟੀ ਕੀਤੀ ਹੈ ਕਿ ਪ੍ਰਮਾਤਮਾ ਦਾ ਨਾਮ ਹੀ ਅੰਮ੍ਰਿਤ ਹੈ। ਗੁਰੂ ਜੀ ਜੀਵ-ਆਤਮਾ ਨੂੰ ਸੰਬੋਧਨ ਕਰਦੇ ਹੋਏ ਉਪਦੇਸ਼ ਦਿੰਦੇ ਹਨ ਕਿ ਮੇਰੀ ਜਿੰਦੇ, ਹਰੀ ਦਾ ਨਾਮ ਅੰਮ੍ਰਿਤ ਹੀ ਹੈ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨਾਮ ਸਿਮਰਨ ਦੀ ਪ੍ਰੇਰਨਾ ਦੇਂਦੇ ਹਨ ਕਿ ਪ੍ਰਮਾਤਮਾ ਦਾ ਨਾਮ ਹੀ ਅੰਮ੍ਰਿਤ ਹੈ ਤੇ ਜਿਹੜਾ ਇਸ ਅੰਮ੍ਰਿਤ ਨੂੰ ਪੀਂਦਾ ਹੈ ਤ੍ਰਿਪਤ ਹੋ ਜਾਦਾ ਹੈ। ਜਨਮ ਜਨਮਾਂਤਰਾਂ ਦੀ ਹਉਮੈ ਰੂਪੀ ਮੈਲ ਦੂਰ ਹੋ ਜਾਂਦੀ ਹੈ ਤੇ ਪ੍ਰਮਾਤਮਾ ਦੀ ਦਰਗਾਹ ਵਿਚ ਉਹ ਮੁਕਤ ਹੋ ਜਾਂਦਾ ਹੈ। ਗੁਰੂ ਜੀ ਦੀ ਉਚਾਰੀ "ਸੁਖਮਨੀ ਸਾਹਿਬ" ਵਿਚ ਕੇਵਲ ਇਕ ਵਾਰ "ਰਹਾਉ" ਪਦ ਦੀ ਵਰਤੋਂ ਕੀਤੀ ਗਈ ਹੈ। ਰਹਾਉ ਦਾ ਅਰਥ ਰੁੱਕ ਰੁੱਕ ਕੇ ਬਿਬੇਕ ਬੁੱਧੀ ਨਾਲ ਪੜ੍ਹਨਾ ਕਿਉਂਕਿ ਰਹਾਉ ਵਾਲੀ ਪੰਗਤੀ ਵਿਚ ਗੁੱਝੀ ਰਮਜ਼ ਹੁੰਦੀ ਹੈ। ਇਸ ਲਈ ਰਹਾਉ ਵਾਲੀ ਪੰਗਤੀ ਵਿਚ ਸਾਰੀ "ਸੁਖਮਨੀ ਸਾਹਿਬ" ਦਾ ਤੱਤ ਹੈ।

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥*

ਇੱਥੇ ਇਕ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਉਹ ਕਿਹੜੀ ਬਹੁਤ ਕੀਮਤੀ ਵਸਤੂ ਹੈ ਜਿਸ ਰਾਹੀਂ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ ਅਤੇ ਜਿਸ ਦਾ ਅਨੁਭਵ ਭਗਤ ਜਨਾਂ ਨੂੰ ਹੁੰਦਾ ਹੈ। ਭਗਤ ਜਨ ਹੀ ਸਾਨੂੰ ਨਾਮ ਰੂਪੀ ਅੰਮ੍ਰਿਤ ਨੂੰ ਪ੍ਰਾਪਤ ਕਰਨ ਲਈ ਅਗਵਾਈ ਬਖਸ਼ਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਤਮ ਸ਼ਬਦ ਤੋਂ ਪਹਿਲਾਂ ਮੁੰਦਵਾਣੀ ਮਹਲਾ 5 ਹੈ। "ਮੁੰਦਾਵਣੀ" ਦਾ ਅਰਥ ਬੁਝਾਰਤ ਅਰਥਾਤ ਇਸ ਸ਼ਬਦ ਵਿਚ ਇਕ ਬੁਝਾਰਤ ਪਾਈ ਗਈ ਹੈ ਜੋ ਗੁਰਸਿੱਖਾਂ ਨੇ ਲਭਣੀ ਹੈ। ਇਸ ਸ਼ਬਦ ਵਿਚ ਦੱਸਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਵਸਤਾਂ ਮਿਲਦੀਆਂ ਹਨ। ਅਰਥਾਤ ਸਤਿ, ਸੰਤੋਖ ਤੇ ਵਿਚਾਰ ਪਰ ਇਸ ਤੋਂ ਅੱਗੇ ਚੌਥੀ ਵਸਤੂ ਭੀ ਹੈ। ਅੰਮ੍ਰਿਤ ਨਾਮ ਠਾਕੁਰ ਕਾ ਗੁਰਬਾਣੀ ਨੂੰ ਵਾਚ ਤੇ ਵਿਚਾਰਨ ਤੋਂ ਬਾਅਦ ਇਹ ਸਪਸ਼ਟ ਹੁੰਦਾ ਹੈ ਕਿ ਕੇਵਲ ਵਾਹਿਗੁਰੂ ਦਾ ਨਾਮ ਹੀ ਅੰਮ੍ਰਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਕੀ ਨੌਂ ਗੁਰੂ ਸਾਹਿਬਾਨ ਵਾਂਗ ਪਰਮਾਤਮਾ ਦੇ ਨਾਮ ਨੂੰ ਹੀ ਅੰਮ੍ਰਿਤ ਮੰਨਿਆ ਹੈ। "ਜਾਪੁ ਸਾਹਿਬ" ਵਿਚ ਅੰਮ੍ਰਿਤ ਸ਼ਬਦ ਦੀ ਵਰਤੋਂ ਪੰਜ ਵਾਰੀ ਕੀਤੀ ਗਈ ਹੈ। ਗੁਰੂ ਜੀ ਪ੍ਰਮਾਤਮਾ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਪ੍ਰਮਾਤਮਾ ਆਪ ਅੰਮ੍ਰਿਤਾ ਦੇ ਅੰਮ੍ਰਿਤ ਹੋ। ਦਸਮ ਪਾਤਿਸ਼ਾਹ ਨੇ ਪਹੁਲ ਤਿਆਰ ਕਰਨ ਸਮੇਂ ਪੰਜਾਂ ਪਿਆਰਿਆਂ ਦੁਆਰਾ ਇਕ ਮਨ, ਇਕ ਚਿਤ ਹੋ ਕੇ ਪੰਜਾਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਸਦਕਾ ਅੰਮ੍ਰਿਤ ਤਿਆਰ ਹੁੰਦਾ ਹੈ। ਅੰਮ੍ਰਿਤ ਛਕ ਕੇ ਇਕ ਗੁਰਸਿੱਖ ਗੁਰੂ ਦੀ ਚਰਨ ਸ਼ਰਨ ਵਿਚ ਆ ਜਾਂਦਾ ਹੈ ਤੇ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰਨ ਦੇ ਯੋਗ ਹੁੰਦਾ ਹੈ। ਹਰ ਅੰਮ੍ਰਿਤਧਾਰੀ ਦਸਮ ਪਾਤਿਸ਼ਾਹ ਦੇ ਘਰ ਵਿਚ ਪੁਨਰ ਜਨਮ ਅਰਥਾਤ ਧਾਰਮਿਕ ਜਨਮ ਲੈਂਦਾ ਹੈ। ਉਸ ਦਾ ਧਾਰਮਿਕ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਬਣ ਜਾਂਦੇ ਹਨ। ਵਾਸੀ ਅਨੰਦਪੁਰ ਦਾ ਬਣ ਜਾਂਦਾ ਹੈ ਤੇ ਨਾਮ ਸਿੰਘ ਹੋ ਜਾਂਦਾ ਹੈ। ਉਹ ਗੁਰੂ ਦਾ ਤੇ ਗੁਰੂ ਉਸ ਦਾ ਬਣ ਜਾਂਦਾ ਹੈ। ਧਾਰਮਿਕ ਜੀਵਨ ਵਿਚ ਸ਼ੰਕੇ ਦੀ ਕੋਈ ਥਾਂ ਨਹੀਂ। ਜਦੋਂ ਇਨਸਾਨ ਗੁਰੂ ਵਾਲਾ ਬਣ ਜਾਂਦਾ ਹੈ ਤੇ ਉਸ ਦਾ ਜਨਮ ਮਰਨ ਦਾ ਗੇੜ ਕੱਟ ਜਾਂਦਾ ਹੈ। ਉਹ ਨਾਮ ਦੇ ਲੜ ਲੱਗ ਜਾਂਦਾ ਹੈ। ਨਾਮ ਜਾਪਦੇ ਜਪਦੇ ਆਤਮਿਕ ਮੰਡਲ ਦੀ ਸਿਖਰ ਤੇ ਪੁੱਜ ਜਾਂਦਾ ਹੈ। ਉਹ ਗੁਰੂ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਕਪਾਟ ਖੁਲ੍ਹ ਜਾਂਦਾ ਹਨ ਤੇ ਦਸਮ ਦੁਆਰ ਵਿਖੇ ਅੰਮ੍ਰਿਤ ਰਸ ਦਾ ਪ੍ਰਗਟਾਵਾ ਹੋ ਜਾਂਦਾ ਹੈ। ਧਰਮ ਵਿਚ ਦਾਖਲ ਹੋਣ ਲਈ ਇਕ ਮਨੁੱਖ ਨੂੰ ਕਿਸੇ ਨਾ ਕਿਸੇ ਰਸਮ ਦਾ ਸਾਹਮਣਾ ਜ਼ਰੂਰ ਕਰਨਾ ਪੈਂਦਾ ਹੈ। ਮੁਸਲਮਾਨ ਲਈ ਸੁੰਨਤ, ਹਿੰਦੂ ਲਈ ਜੰਞੂ ਪਹਿਨਣਾ ਤੇ ਇਕ ਈਸਾਈ ਲਈ ਬੇਪਟਿਜ਼ਮ ਦੀਆਂ ਰਸਮਾਂ ਜ਼ਰੂਰੀ ਹਨ। ਇਸੇ ਤਰ੍ਹਾਂ ਇਕ ਸਿੱਖ ਖੰਡੇ ਬਾਟੇ ਦਾ ਅੰਮ੍ਰਿਤ ਛੱਕਣ ਤੋਂ ਬਾਅਦ ਹੀ ਸਿੱਖੀ ਦੇ ਦੁਆਰੇ ਵਿਚ ਪ੍ਰਵੇਸ਼ ਕਰਦਾ ਹੈ। ਪਹਿਲੇ ਨੌਂ ਗੁਰੂ ਸਾਹਿਬਾਨ ਦੇ ਵਕਤ ਤੋਂ ਲੈ 1699 ਦੀ ਵਿਸਾਖੀ ਤੱਕ ਚਿਰਨਾਮ੍ਰਿਤ ਜ਼ਰੂਰੀ ਸੀ ਜਿਹੜਾ ਕਿ ਇਕ ਸਿੱਖ ਨੂੰ ਲੈਣਾ ਪੈਂਦਾ ਸੀ। ਇਸ ਤਰ੍ਹਾਂ ਚਰਨ ਅੰਮ੍ਰਿਤ ਲੈਣ ਨਾਲ ਗੁਰੂ ਤੇ ਸਿੱਖ ਦਾ ਰਿਸ਼ਤਾ ਬਣ ਜਾਂਦਾ ਸੀ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਹੈ। ਦਸਮ ਪਾਤਿਸ਼ਾਹ ਨੇ ਪਰਮਾਤਮਾ ਦੇ ਨਾਮ ਰੂਪੀ ਅੰਮ੍ਰਿਤ ਨੂੰ ਹੀ ਪੀਣ ਲਈ ਲੀਹ ਤੋਰੀ ਹੈ। ਨਾਮ ਦੀ ਪ੍ਰਾਪਤੀ ਲਈ ਕੁੱਝ ਅਵਗੁਣ ਤਿਆਗਣ ਦੀ ਯਾਚਨਾ ਕੀਤੀ ਹੈ। ਚੰਗੇ ਗੁਣ ਕਰਨ ਨਾਲ ਹੀ ਨਾਮ ਦੀ ਲਹਿਰ ਸਿਖਰ ਤੇ ਪੁੱਜਦੀ ਹੈ। ਗੁਰੂ ਨਾਨਕ ਪਾਤਿਸ਼ਾਹ ਜਪੁਜੀ ਸਾਹਿਬ ਵਿਚ ਸਪਸ਼ਟ ਕਰਦੇ ਹਨ ਕਿ ਚੰਗੇ ਗੁਣਾਂ ਤੋਂ ਬਿਨਾਂ ਭਗਤੀ ਨਹੀਂ ਕੀਤੀ ਜਾ ਸਕਦੀ। ਜਿਸ ਤਰ੍ਹਾਂ ਕਿ ਸਾਫ਼ ਭਾਂਡੇ ਵਿਚ ਦੁੱਧ ਪਾਇਆ ਜਾਂਦਾ ਹੈ ਤਾਂ ਜੋ ਫੁੱਟ ਨਾ ਜਾਏ। ਸਾਫ਼ ਹਿਰਦੇ ਵਿਚ ਹੀ ਨਾਮ ਵੱਸ ਸਕਦਾ ਹੈ। ਇਕ ਬੀਮਾਰ ਨੂੰ ਸਿਹਤਮੰਦ ਹੋਣ ਲਈ ਦਵਾਈ ਖਾਣ ਦੇ ਨਾਲ ਪਰਹੇਜ ਕਰਨਾ ਅਤਿਅੰਤ ਜ਼ਰੂਰੀ ਹੈ। ਬਿਨਾਂ ਪਰਹੇਜ਼ ਕੀਤੇ ਦਵਾਈ ਕਾਰਗਰ ਸਾਬਤ ਨਹੀਂ ਹੋ ਸਕਦੀ। ਇੱਕ ਗੁਰਸਿੱਖ ਲਈ ਪਰਹੇਜ਼ ਕੀ ਹੈ? ਉਹ ਹੈ ਬੱਜਰ ਕੁਰਹਿਤਾਂ ਤੋਂ ਬਚਣਾ ਤੇ ਹੋਰ ਰਹਿਤ ਮਰਿਯਾਦਾ ਦੀ ਪਾਲਨਾ ਕਰਨੀ ਵੀ ਉਸ ਲਈ ਅਤਿਅੰਤ ਜ਼ਰੂਰੀ ਹੈ। ਬੱਜਰ ਕੁਰਹਿਤ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ।

**1. ਕੇਸਾਂ ਦੀ ਬੇਅਦਬੀ ਨਾ ਕਰਨੀ**
**2. ਕੁੱਠਾ ਖਾਣ ਤੋਂ ਬਚਣਾ**
**3. ਪਰ ਇਸਤਰੀ ਤੇ ਪਰ ਪੁਰਸ਼ ਗਮਨ ਤੋਂ ਬਚਣਾ**
**4. ਤਮਾਕੂ ਨਾ ਵਰਤਣਾ**

1. **ਕੇਸ** : ਕੇਸ ਕੁਦਰਤ ਦੇ ਨਿਯਮ ਅਨੁਸਾਰ ਮਨੁੱਖੀ ਸਿਰ ਤੇ ਹਨ। ਇਹ ਇਨਸਾਨ ਦੀ ਖੂਬਸੂਰਤੀ ਤੇ ਸ਼ਖ਼ਸੀਅਤ ਨੂੰ ਉਭਾਰਦੇ ਹਨ। ਇਨਸਾਨੀ ਸਰੀਰੀ ਲਈ ਵਿਗਿਆਨਿਕ ਖੋਜ ਦੇ ਆਧਾਰ ਤੇ ਬਹੁਤ ਲਾਭਦਾਇਕ ਹਨ। ਇਹ ਸਰੀਰ ਵਿਚ ਵਿਟਾਮਿਨ ਡੀ ਦੀ ਘਾਟ ਨੂੰ ਦੂਰ ਕਰਦੇ ਹਨ। ਇਹ ਸਿਰ ਨੂੰ ਗਰਮੀਆਂ ਵਿਚ ਠੰਡਾ ਤੇ ਸਰਦੀ ਤੇ ਮੌਸਮ ਵਿਚ ਗਰਮ ਰੱਖਦੇ ਹਨ। ਕੇਸ ਇਨਸਾਨ ਨੂੰ ਸਨ ਸਟੋਰਕ ਤੋਂ ਬਚਾਉਂਦੇ ਹਨ। ਇਹ ਟੀ.ਬੀ ਦੀ ਘਾਤਕ ਬਿਮਾਰੀ ਤੋਂ ਵੀ ਬਚਾਂਦੇ ਹਨ। ਕੇਸ ਕੱਟਣ ਨਾਲ ਨਵੇਂ ਕੇਸਾਂ ਦੇ ਉਗਣ ਲਈ ਸਰੀਰ ਵਿਚੋਂ ਪ੍ਰੋਟੀਨ ਤੱਤ ਘਟਦੀ ਹੈ। ਪ੍ਰੋਟੀਨ ਮਨੁੱਖੀ ਸਰੀਰ ਨੂੰ ਸਹੀ ਹਾਲਤ ਵਿਚ ਰੱਖਣ ਵਿਚ ਸਹਾਇਕ ਹੁੰਦੀ ਹੈ।

2. **ਕੁੱਠਾ** : ਕੁੱਠਾ ਮੁਸਲਮਾਨੀ ਤਰੀਕੇ ਨਾਲ ਕੋਹੇ ਹੋਏ ਮਾਸ ਨੂੰ ਕਹਿੰਦੇ ਹਨ। ਸਿੱਖ ਰਹਿਤ ਮਰਿਯਾਦਾ ਅਨੁਸਾਰ ਕੁੱਠਾ ਖਾਣਾ ਵੀ ਚਾਰ ਕੁਰਹਿਤਾਂ ਵਿਚੋਂ ਇਕ ਕੁਰਹਿਤ ਹੈ। ਸਿੱਖ ਧਰਮ ਪਸ਼ੂਆਂ ਜਾਂ ਜਾਨਵਰਾਂ ਦੀ ਬਲੀ ਵਿਚ ਵਿਸ਼ਵਾਸ ਨਹੀਂ ਰੱਖਦਾ। ਹਿੰਦੂ ਧਰਮ ਤੇ ਇਸਲਾਮ ਪਰਮਾਤਮਾ ਜਾਂ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਪਸ਼ੂਆਂ ਤੇ ਜਾਨਵਰਾਂ ਦੀ ਬਲੀ ਚੜਾਉਂਦੇ ਹਨ। ਸਿੱਖ ਧਰਮ ਇਨਸਾਨੀਅਤ ਤੇ ਸਮੁੱਚੇ ਭਾਈਚਾਰੇ ਦੀ ਰਾਖੀ ਲਈ ਇਕ ਸਿੱਖ ਦੀ ਨਿੱਜੀ ਕੁਰਬਾਨੀ ਵਿਚ ਖੁਸ਼ੀ ਅਨੁਭਵ ਕਰਦਾ ਹੈ। ਇਸ ਦੀ ਗਵਾਹੀ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਤੇ ਅਨੇਕਾਂ ਗੁਰ ਸਿੱਖਾਂ ਦੀ ਸ਼ਹਾਦਤ ਰਾਹੀਂ ਹੁੰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਕੁੱਠਾ ਖਾਣਾ ਮਾਨਸਿਕ ਗੁਲਾਮੀ ਦਾ ਪ੍ਰਤੀਕ ਹੈ। ਇਸ ਲਈ ਇਕ ਗੁਰਸਿੱਖ ਨੂੰ ਕੁੱਠਾ ਨਾ ਖਾਣ ਲਈ ਉਪਦੇਸ਼ ਦਿੱਤਾ ਗਿਆ ਹੈ ਤਾਂ ਜੋ ਉਹ ਮਾਨਸਿਕ ਤੌਰ ਤੇ ਆਜ਼ਾਦੀ ਦਾ ਅਨੁਭਵ ਕਰ ਸਕਣ।

3. **ਪਰ-ਇਸਤਰੀ ਜਾਂ ਪਰ-ਪੁਰਸ਼ ਗਮਨ ਨਾ ਕਰਨਾ** : ਪਰਾਈ ਇਸਤਰੀ ਦਾ ਸੰਗ ਕਰਨਾ ਇਕ ਇਖਲਾਕੀ ਗਿਰਾਵਟ ਹੈ। ਹਰ ਧਰਮ ਨੇ ਖੁੱਲੇ ਸ਼ਬਦਾਂ ਵਿਚ ਇਸ ਦੀ ਨਿਖੇਧੀ ਕੀਤੀ ਹੈ। ਗੁਰਸਿੱਖ ਗ੍ਰਹਿਸਤੀ ਹੈ ਪਰ ਗ੍ਰਹਿਸਤੀ ਵਿਚ ਰਹਿੰਦਾ ਹੋਇਆ ਉਹ ਸੰਤ ਤੇ ਸਿਪਾਹੀ ਹੈ। ਉਹ ਸਦਾ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦਾ ਹੋਇਆ ਉਹ ਸੰਤ ਤੇ ਸਿਪਾਹੀ ਹੈ। ਉਹ ਸਦਾ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦਾ ਹੈ ਤੇ ਆਪਣੇ ਗੁਰੂ ਦੇ ਹੁਕਮ ਦੀ ਪਾਲਨਾ ਕਰਦਾ ਹੈ। ਵਿਗਿਆਨਿਕ ਖੋਜ ਦੇ ਆਧਾਰ ਤੇ ਪਰਾਈ ਇਸਤਰੀ ਜਾਂ ਪਰ-ਪੁਰਸ਼ ਗਮਨ ਚਰਿਤ੍ਰਹੀਨਤਾ ਹੈ। ਜਦ ਕਿ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਉੱਚੇ ਚਰਿਤ੍ਰ ਦਾ ਮਾਲਕ ਬਣਾਉਣਾ ਚਾਹੁੰਦੇ ਸਨ। ਗੁਰ ਸਿੱਖ ਰਹਿਤ ਮਰਯਾਦਾ ਦੀ ਪੂਰੀ ਪਾਲਨਾ ਕਰਦੇ ਸਨ ਤੇ ਇਸ ਦੀ ਪੁਸ਼ਟੀ ਕਾਜ਼ੀ ਨੂਰ ਮੁਹੰਮਦ ਦੇ ਕਥਨ ਤੋਂ ਹੁੰਦੀ ਹੈ। ਅਹਿਮਦ ਸ਼ਾਹ ਅਬਦਾਲੀ ਦੇ 1764 ਦੇ ਭਾਰਤ ਦੇ ਹਮਲੇ ਸਮੇਂ ਉਸ ਨਾਲ ਮੌਜੂਦ ਸੀ। ਉਹ ਸਿੱਖਾਂ ਦੇ ਜੰਗੀ ਕਰਤਬ ਤੇ ਰਹਿਣੀ ਬਹਿਣੀ ਨੂੰ ਵੇਖ ਕੇ ਹੈਰਾਨ ਹੋਇਆ। ਉਸ ਨੇ ਭਾਵੇਂ ਸਿੱਖਾਂ ਪਰਥਾਈਂ ਨਫਰਤ ਦਾ ਪ੍ਰਗਟਾਵਾ ਕੀਤਾ ਪਰ ਸੱਚੀ ਗੱਲ ਕਹਿਣ ਤੋਂ ਨਾ ਰੁਕ ਸਕਿਆ। ਸਿੱਖਾਂ ਦੀ ਬਹਾਦਰੀ, ਈਮਾਨਦਾਰੀ ਤੇ ਇਖਲਾਕੀ ਕਦਰਾਂ ਦੀ ਰੱਜ ਕੇ ਤਾਰੀਫ ਵੀ ਕੀਤੀ ਹੈ। ਉਹ ਲਿਖਦਾ ਹੈ ਸਿੱਖਾਂ ਵਿਚ ਵਿਭਚਾਰ ਦੀ ਕੋਈ ਥਾਂ ਨਹੀਂ। ਤਮਾਕੂ ਦੀ ਵਰਤੋਂ ਕੋਈ ਇਹ ਸਿੱਧ ਕਰਕੇ ਦੱਸੇ ਕਿ ਤਮਾਕੂ ਦਾ ਰਤਾ ਭਰ ਜਿਹਾ ਵੀ ਲਾਭ ਹੈ। ਇਹ ਇਕ ਘਾਤਕ ਬੀਮਾਰੀਆਂ ਦਾ ਜਨਮ ਦਾਤਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਕੈਂਸਰ ਦੀ ਘਾਤਕ ਬਿਮਾਰੀ ਸਿਗਰਟ ਪੀਣ ਵਾਲਿਆਂ ਨੂੰ ਵੱਧ ਮਾਤਰਾ ਵਿਚ ਹੁੰਦੀ ਹੈ। ਇਸ ਦੀ ਵਰਤੋਂ ਫਿਰ ਕਿਉਂ ਕੀਤੀ ਜਾਏ।

ਕਈ ਪੁਰਸ਼ ਕਹਿੰਦੇ ਹਨ ਕਿ ਅੰਮ੍ਰਿਤ ਅਗਲੇ ਸਾਲ ਛਕਾਂਗੇ ਤੇ ਕਈ ਇਹ ਵੀ ਆਖਦੇ ਹਨ ਕਿ ਅਜੇ ਕਿਹੜੀ ਕਾਹਲੀ ਹੈ। ਉਹ ਇਹ ਨਹੀਂ ਜਾਣਦੇ ਕਿ ਅਗਲੇ ਪਲ ਸਾਹ ਆਵੇ ਕਿ ਨਾ ਆਵੇ। ਗੁਰੂ ਰਾਮਦਾਸ ਜੀ ਮਹਾਰਾਜ ਨੇ ਇਸ ਸਬੰਧ ਵਿਚ ਸਾਨੂੰ ਤਾਕੀਦ ਕੀਤੀ ਹੈ। ਸੋ ਸਾਰਾਂਸ ਵਿਚ ਕਹਿ ਸਕਦੇ ਹਾਂ ਕਿ ਸਿੱਖ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ।

# ਨਵੀਂ ਸਮਾਜ ਬਣਤਰ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਾ ਸਮਾਜ-ਬਣਤਰ ਦਾ ਸੰਕਲਪ ਕੀ ਸੀ ? ਜਾਂ ਇਉਂ ਕਿਹਾ ਜਾਏ ਕਿ ਉਹ ਕਿਹੋ ਜਿਹਾ ਸਮਾਜ ਦੀ ਰਚਨਾ ਕਰਨੀ ਚਾਹੁੰਦੇ ਸਨ ?

ਕਿਸੇ ਵੀ ਮਹਾਨ ਸ਼ਖ਼ਸੀਅਤ ਦੀ ਮਹਾਨਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੰਸਾਰ ਨੂੰ ਚੰਗਾ ਨਿਆਂਪੂਰਨ ਸੁਚੱਜਾ ਅਤੇ ਭਰਪੂਰ ਬਣਾਉਣ ਲਈ ਉਹ ਕੀ ਸੁਨੇਹਾ ਦਿੰਦਾ ਹੈ, ਕਿਹੜੇ ਰਾਹ ਦੱਸਦਾ ਹੈ ਅਤੇ ਆਪਣੇ ਜੀਵਨ ਰਾਹੀਂ ਕਿਹੋ ਜਿਹੀ ਪ੍ਰੇਰਣਾ ਦਿੰਦਾ ਹੈ। ਮਨੁੱਖ ਦਾ ਜੀਵਨ ਇਕੱਲਾ ਤੇ ਇਕਾਂਗੀ ਨਹੀਂ ਹੁੰਦਾ। ਉਸ ਦਾ ਆਪਣੇ ਆਲੇ ਦੁਆਲੇ ਨਾਲ, ਆਪਣੇ ਪਰਿਵੇਸ਼ ਨਾਲ, ਆਪਣੇ ਸਮਾਜ ਨਾਲ ਡੂੰਘਾ ਤੇ ਅਨਿੱਖੜਵਾਂ ਸੰਬੰਧ ਹੁੰਦਾ ਹੈ। ਇਸ ਲਈ ਹਰ ਉੱਚੀ ਸ਼ਖ਼ਸੀਅਤ ਵਿਅਕਤੀ ਨੂੰ ਆਪਣੇ ਬਾਰੇ ਅਤੇ ਆਪਣੇ ਸਮਾਜ ਬਾਰੇ ਜਾਗਰੂਕ, ਕਰਤੱਵਸ਼ੀਲ ਅਤੇ ਜ਼ਿੰਮੇਵਾਰ ਬਣਾਉਣ ਦਾ ਯਤਨ ਕਰਦੀ ਹੈ।

ਸੰਸਾਰ ਵਿਚ ਦੋ ਤਰ੍ਹਾਂ ਦੀਆਂ ਵਿਚਾਰ-ਧਾਰਾਵਾਂ ਪ੍ਰਚਲਿਤ ਰਹੀਆਂ ਹਨ। ਇਕ ਵਿਚਾਰਧਾਰਾ ਮੰਨਦੀ ਹੈ ਕਿ ਕੁਦਰਤ ਵੱਲੋਂ ਹੀ ਸਾਰੇ ਪ੍ਰਾਣੀਆਂ ਨੂੰ ਗ਼ੈਰਬਰਾਬਰ ਜਾਂ ਅਸਮਾਨ ਬਣਾਇਆ ਗਿਆ ਹੈ। ਕੁਝ ਜੀਵ ਵਧੇਰੇ ਤਾਕਤਵਰ ਹੁੰਦੇ ਹਨ, ਕੁਝ ਕਮਜ਼ੋਰ ਹੁੰਦੇ ਹਨ। ਕੁਝ ਵੱਡੇ ਹੁੰਦੇ ਹਨ, ਕੁਝ ਨਿੱਕੇ ਹੁੰਦੇ ਹਨ। ਸਾਰੇ ਮਨੁੱਖ ਬਰਾਬਰ ਵੀ ਨਹੀਂ ਹੁੰਦੇ। ਆਪਣੇ ਵਰਣ, ਰੰਗ, ਜਨਮ, ਖ਼ਾਨਦਾਨ, ਵਿਦਿਆ, ਤਾਕਤ, ਦੌਲਤ, ਨਕਸ਼ ਆਦਿ ਅਨੇਕ ਗੱਲਾਂ ਕਰਕੇ ਮਨੁੱਖਾਂ ਵਿਚ ਸਮਾਨਤਾ ਜਾਂ ਗ਼ੈਰਬਰਾਬਰੀ ਹੁੰਦੀ ਹੈ। ਭਾਰਤ ਵਿਚ ਪ੍ਰਾਚੀਨ ਸਮਾਜ ਵਿਵਸਥਾ ਇਸੇ ਗ਼ੈਰਬਰਾਬਰੀ ਦੇ ਸਿਧਾਂਤ ਤੇ ਟਿਕੀ ਹੋਈ ਸੀ। ਇਸ ਵਿਵਸਥਾ ਨੂੰ ਪੌੜੀ ਵਿਵਸਥਾ ਕਿਹਾ ਜਾ ਸਕਦਾ ਹੈ, ਜਿਹੜੀ ਥੱਲਿਉਂ ਉੱਤੇ ਵੱਲ ਜਾਂਦੀ ਹੈ, ਫਿਰ ਉੱਤੇ ਥੱਲੇ ਵੱਲ ਆਉਂਦੀ ਹੈ। ਹਿੰਦੂ ਵਰਣ ਵਿਵਸਥਾ ਦਾ ਇਹੋ ਆਧਾਰ ਹੈ। ਸਭ ਤੋਂ ਮਹੱਤਵਪੂਰਣ ਸਿਮ੍ਰਿਤੀ ਦਾ ਰਚਣ ਵਾਲਾ ਮੰਨੂੰ ਲਿਖਦਾ ਹੈ ਕਿ ਬ੍ਰਾਹਮਣ ਸਭ ਤੋਂ ਉੱਚਾ ਹੈ ਕਿਉਂਕਿ ਉਹ ਬ੍ਰਹਮਾ ਦੇ ਮੂੰਹ ਤੋਂ ਪੈਦਾ ਹੁੰਦਾ ਹੈ। ਉਸ ਤੋਂ ਥੱਲੇ ਛਤਰੀ ਹੈ, ਜੋ ਬ੍ਰਹਮਾ ਦੀਆਂ ਬਾਹਵਾਂ ਤੋਂ ਜਨਮ ਲੈਂਦਾ ਹੈ। ਉਸ ਤੋਂ ਥੱਲੇ ਵੈਸ਼ ਜਿਸ ਦਾ ਜਨਮ ਬ੍ਰਹਮਾ ਦੀਆਂ ਜੰਘਾਂ ਤੋਂ ਹੁੰਦਾ ਹੈ ਅਤੇ ਸ਼ੂਦਰ ਸਭ ਤੋਂ ਨੀਵਾਂ ਹੈ ਕਿਉਂਕਿ ਉਹ ਬ੍ਰਹਮਾ ਦੇ ਪੈਰਾਂ ਤੋਂ ਉਤਪੰਨ ਹੋਇਆ ਹੈ। ਊਚ-ਨੀਚ ਦਾ ਇਹ ਭਾਵ ਕਿਸੇ ਨਾ ਕਿਸੇ ਰੂਪ ਵਿਚ ਸੰਸਾਰ ਦੇ ਹਰ ਦੇਸ਼ ਹਰ ਕੌਮ ਤੇ ਹਰ ਸਮੂਹ ਵਿਚ ਹੈ। ਯੂਰਪ ਦੇ ਵਾਸੀ ਗੋਰੇ, ਅਫਰੀਕਾ ਦੇ ਕਾਲਿਆਂ ਤੋਂ ਅਤੇ ਏਸ਼ੀਆ ਦੇ ਭੂਰਿਆਂ ਤੋਂ ਆਪਣੇ ਆਪ ਨੂੰ ਸਦਾ ਵੱਡਾ ਤੇ ਉੱਚਾ ਸਮਝਦੇ ਹਨ।

ਦੂਜੀ ਵਿਚਾਰਧਾਰਾ ਉਹ ਹੈ ਜਿਹੜੀ ਸਾਰੀ ਮਨੁੱਖ ਜਾਤੀ ਨੂੰ ਇਕੋ ਜਿਹੀ, ਇਕ ਬਰਾਬਰ ਇਕ ਮਹਾਨ ਸਮਝਦੀ ਹੈ। ਸੰਪੂਰਣ ਸਿੱਖ ਵਿਚਾਰਧਾਰਾ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਵਿਚਾਰ ਸੀ ਕਿ ਮਨੁੱਖਾਂ ਵਿਚ ਰੰਗ, ਵਰਣ, ਕਿੱਤਾ ਜਾਂ ਹੋਰ ਕਿਸੇ ਵੀ ਕਾਰਨ ਜਿਹੜੀ ਵਿਭਿੰਨਤਾ ਜਾਂ ਵੱਖਰੇਵਾਂ ਨਜ਼ਰ ਆਉਂਦਾ ਹੈ ਉਹ ਬਾਹਰਲਾ, ਦਿਖਾਵਾ ਮਾਤਰ ਹੈ। ਮੂਲਰੂਪ ਵਿਚ ਉਸ ਵਿਚ ਕੋਈ ਭੇਦ ਜਾਂ ਅੰਤਰ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਬਾਰ ਬਾਰ ਇੱਕ ਗੱਲ ਤੇ ਜ਼ੋਰ ਦਿੰਦੇ ਹਨ ਕਿ ਦਿਸਣ ਵਾਲੇ ਸੰਸਾਰ ਦੇ ਇਨ੍ਹਾਂ ਅਨੇਕ ਅੰਗਾਂ, ਉਪ-ਅੰਗਾਂ ਦੇ ਮੂਲ ਵਿਚ ਇਕ ਪਰਮ ਸ਼ਕਤੀ ਨਿਵਾਸ ਕਰਦੀ ਹੈ। ਸਭ ਕੁਝ ਉਸੇ ਤੋਂ ਉਤਪੰਨ ਹੁੰਦਾ ਹੈ ਅਤੇ ਅੰਤ ਉਸੇ ਵਿਚ ਸਮਾ ਜਾਂਦਾ ਹੈ। ਜਿਵੇਂ ਅੱਗ ਦੀਆਂ ਕਿਰਨਾਂ ਨਿਕਲ ਕੇ ਉਸੇ ਵਿਚ ਮਿਲ ਜਾਂਦੀਆਂ ਹਨ, ਨਦੀ ਦੀਆਂ ਤਰੰਗਾਂ ਮੁੜ ਨਦੀ ਵਿਚ ਹੀ ਵਿਲੀਨ ਹੋ ਜਾਂਦੀਆਂ ਹਨ, ਧੂੜ ਦੇ ਗੁਬਾਰ ਫਿਰ ਧੂੜ ਵਿਚ ਹੀ ਮਿਲ ਜਾਂਦੇ ਹਨ।

ਉਂਝ ਮਨੁੱਖੀ ਏਕਤਾ ਤੇ ਸਮਾਨਤਾ ਦੀ ਗੱਲ ਲਗਭਗ ਸਾਰੇ ਧਰਮ, ਸਾਰੀਆਂ ਵਿਚਾਰਧਾਰਾਵਾਂ ਅਤੇ ਸਾਰੇ ਆਗੂ ਕਰਦੇ ਹਨ, ਪਰ ਸੰਸਾਰ ਵਿਚ ਬੋਲਬਾਲਾ ਸਦਾ ਹੀ ਉੱਚੀਆਂ ਜਾਤਾਂ, ਸੱਤਾਧਾਰੀਆਂ, ਧਨਵਾਨਾਂ ਤੇ ਬਲਵਾਨ ਲੋਕਾਂ ਦਾ ਰਿਹਾ ਹੈ। ਕੁਝ ਲੋਕੀਂ ਇਨ੍ਹਾਂ ਕਾਰਨਾਂ ਕਰਕੇ ਆਮ ਲੋਕਾਂ ਤੇ ਹਕੂਮਤ ਕਰਦੇ ਰਹੇ ਹਨ, ਜ਼ੁਲਮ ਕਰਦੇ ਹਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਗੁਲਾਮ ਬਣਾ ਕੇ ਰੱਖਦੇ ਹਨ।ਲੋਕਾਂ ਦੀ ਜ਼ਿੰਦਗੀ ਵਿਚ ਚਾਨਣ ਮੁਨਾਰਾ ਬਣਨ ਵਾਲੀ ਹਰ ਮਹਾਨ ਸ਼ਖ਼ਸੀਅਤ ਲੋਕਾਂ ਨੂੰ ਜਿਸ ਧਰਮ ਦਾ ਰਾਜ ਦੱਸਦੀ ਹੈ, ਉਹ ਕੇਵਲ ਮਨੁੱਖ ਦੀਆਂ ਅਧਿਆਤਮਕ ਲੋੜਾਂ ਨੂੰ ਨਹੀਂ ਪੂਰਾ ਕਰਦਾ, ਉਸ ਨੂੰ ਜ਼ੁਲਮ ਅਤੇ ਅਨਿਆਂ ਨਾਲ ਲੜਨ ਅਤੇ ਠੁਕਰਾਏ ਗਏ, ਲਤਾੜੇ ਗਏ, ਗੁਲਾਮ ਬਣਾਏ ਗਏ, ਵਿਅਕਤੀ ਦੀ ਆਜ਼ਾਦੀ ਦਾ ਰਾਹ ਵੀ ਦਿਖਾਉਂਦਾ ਹੈ। ਆਪਣੇ ਵੇਲੇ ਦੇ ਹਾਕਮਾਂ ਦੇ ਜ਼ੁਲਮ, ਅਨਿਆਂ ਅਤੇ ਹਕੂਮਤ ਦੇ ਅੰਨੇ ਨਸ਼ੇ ਨੂੰ ਗੁਰੂ ਨਾਨਕ ਜੀ ਨੇ ਮਹਿਸੂਸ ਕੀਤਾ ਸੀ। 'ਰਾਜੇ ਸੀਂਹ ਮੁਕਦਮ ਕੁਤੇ' ਆਖ ਕੇ ਉਨ੍ਹਾਂ ਦੇ ਅਜਿਹੇ ਹਾਕਮਾਂ ਨੂੰ ਭੰਡਿਆ ਵੀ ਸੀ। ਜ਼ੁਲਮ ਅਤੇ ਅਨਿਆਂ ਨਾਲ ਲੜਨ ਦਾ ਜਜ਼ਬਾ ਵੀ ਲੋਕਾਂ ਅੰਦਰ ਪੁੰਗਰਣਾ ਸ਼ੁਰੂ ਹੋ ਗਿਆ ਸੀ ਅਤੇ ਪੰਥ ਦੇ ਰੂਪ ਵਿਚ ਸੰਗਠਨ ਜੱਥੇਬੰਦੀ ਦਾ ਰੂਪ ਵੀ ਉਭਰਨ ਲੱਗ ਪਿਆ ਸੀ। ਅਜਿਹੀ ਜੱਥੇਬੰਦੀ ਨਿਰੋਲ ਧਾਰਮਿਕ ਰਹਿੰਦੀ, ਲੋਕਾਂ ਨੂੰ ਸਿਰਫ਼ ਭਗਤੀ ਦਾ ਮਾਰਗ ਦੱਸਦੀ ਰਹਿੰਦੀ ਅਤੇ ਵੇਲੇ ਦੀ ਹਕੂਮਤ ਨਾਲ ਕਿਸੇ ਵੀ ਤਰ੍ਹਾਂ ਦੇ ਟਕਰਾਉਣ ਤੋਂ ਆਪਣੇ ਆਪ ਨੂੰ ਬਚਾਉਂਦੀ ਰਹਿੰਦੀ ਤਾਂ ਆਮ ਪੰਥਾਂ, ਮਤਾਂ ਸੰਪਰਦਾਵਾਂ ਵਾਂਗ ਇਸ ਦੇ ਰੂਪ ਨੇ ਜਿਸ ਨਵੇਂ ਮਨੁੱਖ ਦੀ ਕਲਪਨਾ ਕੀਤੀ ਸੀ ਉਹ ਕੇਵਲ ਸੰਤ ਨਹੀਂ ਸੀ, ਉਸ ਨੇ ਸਿਪਾਹੀ ਵੀ ਬਣਨਾ ਸੀ। ਸੰਤ ਅਤੇ ਸਿਪਾਹੀ ਦਾ ਸੁਮੇਲ ਹੀ ਮਨੁੱਖ ਨੂੰ ਪੂਰਨ ਬਣਾਂਦਾ ਹੈ।

ਇਸ ਲਈ ਸਿੱਖ ਲਹਿਰ ਵਿਚ ਉਸ ਵੇਲੇ ਰਾਜਸੀ ਸੱਤਾ ਦੇ ਮੁਕਾਬਲੇ ਵਿਚ ਇਕ ਹੋਰ ਸੱਤਾ ਉਭਰਨੀ ਸ਼ੁਰੂ ਹੋ ਗਈ। ਦਿੱਲੀ ਤਖ਼ਤ ਦੇ ਸਮਾਨਾਂਤਰ ਅਕਾਲ ਤਖ਼ਤ ਹੋਂਦ ਵਿਚ ਆਇਆ। ਦੁਨੀਆਵੀ ਹਕੂਮਤ ਦਾ ਮੁੱਖੀ ਪਾਤਸ਼ਾਹਿ ਅਖਵਾਉਂਦਾ ਸੀ। ਸਤਿਗੁਰੂ ਨੂੰ ਸੱਚਾ ਪਾਤਸ਼ਾਹਿ ਕਿਹਾ ਜਾਣ ਲਗ ਪਿਆ। ਪਰ ਇਕ ਸਵਾਲ ਸਾਹਮਣੇ ਸੀ। ਜੇਹੇ ਇਸ ਦੇਸ਼ ਵਿਚ ਪਾਤਸ਼ਾਹਿ ਦੀ ਕੋਈ ਵੀ ਨਵੀਂ ਬਣਤਰ ਬਣਨੀ ਹੈ ਤਾਂ ਉਹ ਕਿਵੇਂ ਹੋਵੇਗੀ ? ਉਸ ਵਿਚ ਪਰੰਪਰਾ ਤੋਂ ਆਏ ਕਿਸੇ ਖਾਸ ਵਰਗ ਦਾ ਹੀ ਬੋਲ ਬਾਲਾ ਰਹੇਗਾ ਜਾਂ ਉਸ ਪਾਤਸ਼ਾਹੀ ਵਿਚ ਉਨ੍ਹਾਂ ਲੋਕਾਂ ਦਾ ਵੀ ਕੁਝ ਦਖ਼ਲ ਰਹੇਗਾ, ਜੋ ਕਦੇ ਵੀ ਪਾਤਸ਼ਾਹੀ ਦੇ ਜਲਾਓ ਦੇ ਨੇੜੇ ਨਹੀਂ ਰਹੇ।

ਪਰੰਪਰਾਵਾਦੀ ਵਿਵਸਥਾ ਇਸ ਬਾਰੇ ਬਹੁਤ ਲਚੀਲੀ ਰਹੀ ਸੀ। ਇੱਥੇ ਗੁਲਾਮੀ ਤਾਂ ਹਰ ਕੋਈ ਭੋਗ ਸਕਦਾ ਸੀ, ਪਰ ਪਾਤਸ਼ਾਹੀ ਸਿਰ ਕਸ਼ਤਰੀ ਦੇ ਹਿੱਸੇ ਵਿਚ ਆਉਂਦੀ ਸੀ। ਸਿੱਖ ਲਹਿਰ ਨੇ ਇਹ ਸਾਰੀਆਂ ਹੱਦਬੰਦੀਆਂ ਤੋੜ ਦਿੱਤੀਆਂ ਸਨ। ਗੁਰੂ ਘਰ ਵਿਚ ਨਾ ਸਿਰਫ ਨੀਵੀਆਂ ਸਮਝੀਆਂ ਜਾਣ ਵਾਲੀਆਂ ਹਿੰਦੂ ਜਾਤੀਆਂ ਦਾ ਪ੍ਰਵੇਸ਼ ਹੋ ਗਿਆ ਸੀ, ਮੁਸਲਮਾਨਾਂ ਨੂੰ ਵੀ ਅਪਣੱਤ ਤੇ ਇਜ਼ੱਤ ਵਾਲੀ ਥਾਂ ਮਿਲੀ ਸੀ। ਗੁਰੂ ਕੇ ਲੰਗਰ ਵਿਚ ਬ੍ਰਾਹਮਣ, ਖੱਤਰੀ ਦੇ ਨਾਲ ਸੂਦਰ ਜਾਤੀ ਦੇ ਚਮਾਰ ਵਿਚ ਬੈਠੇ ਹੋਏ, ਨਾਲ ਹੀ ਮੁਸਲਮਾਨ ਸ਼ਾਮਿਲ ਹੋਏ।

ਇਹ ਉਸ ਵੇਲੇ ਦੀ ਵੱਡੀ ਸਾਮਾਜਿਕ ਕ੍ਰਾਂਤੀ ਸੀ। ਪਹਾੜੀ ਰਾਜਪੂਤ ਰਾਜਿਆਂ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਜਿਹੜਾ ਇਨ੍ਹਾਂ ਵਿਰੋਧ ਸੀ, ਉਸ ਪਿਛੇ ਇਕ ਕਾਰਣ ਇਹ ਵੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪਾਤਸ਼ਾਹੀ ਦਾ ਸੁਪਨਾ ਉਨ੍ਹਾਂ ਲੋਕਾਂ ਦੀਆਂ ਅੱਖਾਂ ਵਿਚ ਵੀ ਲਟਕਾ ਦਿੱਤਾ ਸੀ, ਜਿਸ ਨੂੰ ਰਾਜਪੂਤ ਰਾਜੇ ਘਰ ਵਿਚ ਪਾਣੀ ਭਰਨ ਦੇ ਯੋਗ ਨਹੀਂ ਸਨ ਸਮਝਦੇ। ਸ੍ਰੀ ਦਸਮ ਗ੍ਰੰਥ ਵਿਚ ਪੰਡਿਤ ਕੇਸ਼ੋ ਦਾਸ ਦਾ ਜ਼ਿਕਰ ਆਉਂਦਾ ਹੈ। ਜਿਸ ਨੂੰ ਇਕ ਗੱਲ ਤੋਂ ਬੜਾ ਕਸ਼ਟ ਸੀ ਕਿ ਗੁਰੂ ਸਾਹਿਬ ਨੇ ਸ਼ੂਦਰ ਸਮਝੀਆਂ ਜਾਣ ਵਾਲੀਆਂ ਸ਼੍ਰੇਣੀਆਂ ਨੂੰ ਆਪਣੇ ਪੰਥ ਵਿਚ ਇੰਨੀ ਉੱਚੀ ਥਾਂ ਦੇ ਦਿਤੀ ਹੈ। 'ਸੇਵ ਕਰੀ ਇਨਹੀ ਕੀ ਭਾਵਤ' ਅਤੇ 'ਜੁੱਧ ਜਿਤੇ ਇਨਹੀ ਕੇ ਪ੍ਰਸਾਦਿ' ਵਾਲੇ ਦੋ ਸਵੈਯੇ ਦਸਮ ਗੁਰੂ ਦੀ ਸੋਚ ਨੂੰ ਪ੍ਰਗਟਾਉਣ ਵਾਲੇ ਹਨ, ਜਿੱਥੇ ਉਹ ਆਖਦੇ ਹਨ ਕਿ ਮੈਂ ਤਾਂ ਇਨ੍ਹਾਂ ਲੋਕਾਂ ਦਾ ਹੀ ਸਜਾਇਆ ਹੋਇਆ ਹਾਂ, ਨਹੀਂ ਤਾਂ ਮੇਰੇ ਵਰਗੇ ਕਰੋੜਾਂ ਗਰੀਬ ਦੁਨੀਆਂ ਵਿਚ ਪਏ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਲੋਕਾਂ ਲਈ ਪਾਤਸ਼ਾਹੀ ਦਾ ਰਾਜ ਖੋਲ੍ਹ ਰਹੇ ਸਨ ਜਿਹੜੇ ਆਪਣੇ ਹੀਣ ਜਾਂ ਛੋਟੇ ਹੋਣ ਦੇ ਬੋਧ ਨੂੰ ਦੋ ਪਾਸਿਓਂ ਝੱਲ ਰਹੇ ਸਨ। ਹਿੰਦੂ ਸਮਾਜ ਵਿਵਸਥਾ ਵਿਚ ਉਹ ਸ਼ੂਦਰ ਜਾਂ ਨੀਚ ਜਾਤ ਦੇ ਸਨ ਅਤੇ ਹੁਕਮਰਾਨ ਮੁਸਲਮਾਨ ਲਈ ਉਹ ਗੁਲਾਮ ਹਿੰਦੂ ਸਨ। ਅਜਿਹੇ ਹੀਣਤਾ ਭਾਵ ਨਾਲ ਭਰੇ ਲੋਕਾਂ ਨੂੰ ਆਪਣੇ ਅਧਿਕਾਰਾਂ ਲਈ ਲੜਨ ਵਾਸਤੇ ਤਿਆਰ ਕਰਨਾ ਕੇਵਲ ਉਸ ਸ਼ਖ਼ਸੀਅਤ ਦਾ ਕੰਮ ਸੀ, ਜਿਸ ਦੀ ਜੀਵਨ ਦ੍ਰਿਸ਼ਟੀ ਵਿਚ ਨਵੇਂ ਮਨੁੱਖ ਤੇ ਨਵੀਂ ਸਮਾਜ ਵਿਵਸਥਾ ਨੂੰ ਸਿਰਜਣ ਦਾ ਸੰਕਲਪ ਹੋਵੇ। ਗਿਆਨੀ ਗਿਆਨ ਸਿੰਘ ਰਚਿਤ "ਪੰਥ ਪ੍ਰਕਾਸ਼" ਵਿਚ ਜ਼ਿਕਰ ਆਉਂਦਾ ਹੈ। ਇਕ ਦਿਨ ਗੁਰੂ ਸਾਹਿਬ ਅੱਗੇ ਸੰਗਤ ਨੇ ਆ ਕੇ ਪੁਕਾਰ ਕੀਤੀ, ਕਿ ਸਾਨੂੰ ਤੁਰਕ ਬੜਾ ਦੁਖੀ ਕਰਦੇ ਹਨ। ਆਪ ਲਈ ਅਸੀਂ ਜਿਹੜਾ ਦਸਵੰਦ ਲਿਆਂਉਂਦੇ ਹਾਂ, ਰਾਹ ਵਿਚ ਤੁਰਕ ਉਹ ਸਾਰਾ ਸਾਡੇ ਕੋਲੋਂ ਖੋਹ ਲੈਂਦੇ ਹਨ। ਸਾਡੇ ਵਿਚ ਇਤਫਾਕ ਵੀ ਨਹੀਂ, ਜਿਸ ਨਾਲ ਅਸੀਂ ਉਨ੍ਹਾਂ ਤੋਂ ਬਚ ਸਕੀਏ। ਇਹ ਗੱਲ ਸੁਣਕੇ ਸਿੱਖ ਬੜੇ ਅਧੀਰ ਹੋ ਗਏ। ਉਹ ਕਹਿਣ ਲਗੇ ਮੁਗਲ, ਪਠਾਣ ਬੜੇ ਵੀਰ ਹਨ, ਸ਼ਸਤਰ ਵਿਦਿਆ ਦੇ ਗਿਆਤਾ ਹਨ। ਅਸੀਂ ਉਨ੍ਹਾਂ ਦੇ ਸਾਹਮਣੇ ਬੱਚਿਆਂ ਵਾਂਗ ਅਗਿਆਨੀ ਹਾਂ। ਅਸੀਂ ਮੋਠ ਬਾਜਰਾ ਖਾਂਦੇ ਹਾਂ ਉਹ ਸ਼ਰਾਬ ਕਬਾਬ ਉਡਾਂਦੇ ਹਨ। ਉਹ ਬਾਜ ਬਘਿਆੜ ਵਰਗੇ ਹਨ, ਅਸੀਂ ਉਨ੍ਹਾਂ ਸਾਹਮਣੇ ਬੱਕਰੀ, ਚਿੱੜੀ, ਤਿੱਤਰ ਵਰਗੇ ਹਾਂ। ਅਸੀਂ ਉਨ੍ਹਾਂ ਨਾਲ ਕਿਵੇਂ ਲੜ ਸਕਦੇ ਹਾਂ ? ਅਸੀਂ ਤਾਂ ਉਨ੍ਹਾਂ ਨੂੰ ਵੇਖ ਕੇ ਹੀ ਕੰਬਣ ਲਗ ਪੈਂਦੇ ਹਾਂ।

ਇਹ ਸੁਣਕੇ ਗੁਰੂ ਸਾਹਿਬ ਨੇ ਵਿਚਾਰਿਆ ਕਿ ਇਹ ਸਿੱਖ ਤੁਰਕਾਂ ਕੋਲੋਂ ਕਿਉਂ ਡਰਦੇ ਹਨ। ਇਕ ਤਾਂ ਇਹ ਗਰੀਬ ਹਨ, ਦੂਜੇ ਇਨ੍ਹਾਂ ਦੇ ਨਾਂ ਵੀ ਬੜੇ ਦੱਬੂ ਕਿਸਮ ਦੇ ਹਨ, ਰੂਪਾ, ਭੂਪਾ, ਕੀੜੂ, ਕਾਲੂ, ਮੰਨਾ, ਧੰਨਾ, ਗੋਧਾ, ਲਾਲੂ ਵਰਗੇ। ਤੀਜਾ ਇਨ੍ਹਾਂ ਦੀਆਂ ਜਾਤੀਆਂ ਦਾ ਅਹਿਸਾਸ ਵੀ ਇਨ੍ਹਾਂ ਨੂੰ ਛੋਟਾ ਬਣਾ ਦਿੰਦਾ ਹੈ। ਗੁਰੂ ਸਾਹਿਬ ਨੇ ਸੋਚਿਆ ਕਿ ਇਨ੍ਹਾਂ ਤੋਂ ਪੁਰਾਣੇ ਜਾਤੀ ਕਰਮ ਛੁਡਵਾ ਕੇ ਇਨ੍ਹਾਂ ਵਿਚ ਕਸ਼ਤਰੀਆਂ ਵਾਲਾ ਤੇਜ ਭਰਨਾ ਚਾਹੀਦਾ ਹੈ। ਜਦੋਂ ਇਨ੍ਹਾਂ ਨੂੰ ਕਸ਼ਤਰੀਆਂ ਵਾਲਾ ਸਿੰਘ ਨਾਂ ਮਿਲੇਗਾ ਤਾਂ ਇਨ੍ਹਾਂ ਵਿਚ ਬੀਰ ਰਸ ਦਾ ਰੰਗ ਚੜ੍ਹ ਜਾਏਗਾ। ਇਨ੍ਹਾਂ ਨੂੰ ਸ਼ਿਕਾਰ ਖੇਡਣਾ ਸਿਖਣਾ ਚਾਹੀਦਾ ਹੈ। ਇਨ੍ਹਾਂ ਨੂੰ ਜੰਗ ਕਰਨ ਦੀ ਮੱਤ ਦੇਣੀ ਚਾਹੀਦੀ ਹੈ। ਨਾਲ ਹੀ ਮੈਂ ਹਿੰਦੂਆਂ ਤੇ ਤੁਰਕਾਂ ਦੋਨਾਂ ਤੋਂ ਨਿਆਰੇ ਖ਼ਾਲਸਾ ਪੰਥ ਦੀ ਸਾਜਨਾ ਕਰਾਂਗਾ।

ਇਹ ਖ਼ਾਲਸਾ ਮਹਾਂ ਤੇਜਸਵੀ ਹੋਵੇਗਾ, ਲੜਨ ਮਰਣ ਤੋਂ ਉਸਨੂੰ ਲਾਜ ਨਹੀਂ ਆਵੇਗੀ। ਜਿਵੇਂ ਸਾਰੇ ਲੋਕੀਂ ਵੱਡੀਆਂ ਉੱਗਲਾਂ ਛੱਡ ਕੇ ਨਿੱਕੀ ਉੱਗਲ ਵਿਚ ਮੁੰਦਰੀ ਪਾ ਕੇ ਉਸਨੂੰ ਸਨਮਾਨ ਦਿੰਦੇ ਹਨ, ਮੈਂ ਵੀ ਨਿੱਕੀਆਂ ਜਾਤਾਂ ਨੂੰ ਰਾਜ ਵੈਭਵ ਦੇ ਕੇ ਵੱਡਾ ਬਣਾਵਾਂਗਾ। ਜਿਨ੍ਹਾਂ ਦੀ ਜਾਤਿ ਅਤੇ ਕੁਲ ਵਿਚ ਕਦੀਂ ਵੀ ਸਰਦਾਰੀ ਨਹੀਂ ਆਈ ਮੈਂ ਇਨ੍ਹਾਂ ਨੂੰ ਸਰਦਾਰ ਬਣਾਵਾਂਗਾ। ਭਾਈ ਰਤਨ ਸਿੰਘ ਭੰਗੂ ਬੜੀਆਂ ਸਾਰੀਆਂ ਜਾਤਾਂ ਦੇ ਨਾਂ ਗਿਣਾਏ ਹਨ ਜਿਹੜੇ ਸਦੀਆਂ ਤੋਂ ਰਾਜਨੀਤੀ ਤੋਂ ਦੂਰ ਹਨ, ਜਿਨ੍ਹਾਂ ਦੇ ਸੁਪਨੇ ਵਿਚ ਵੀ ਪਾਤਸ਼ਾਹੀ ਦਾ ਨਾਂ ਨਹੀਂ ਸੀ ਆਉਂਦਾ। ਇਨ੍ਹਾਂ ਸਾਰੀਆਂ ਜਾਤਾਂ ਦੇ ਲੋਕੀਂ ਸਿੱਖੀ ਦੇ ਕਲਾਵੇ ਵਿਚ ਆਏ ਸਨ। ਉਸ ਵੇਲੇ ਦੀ ਸਾਮਾਜਿਕ ਬਣਤਰ ਵਿਚ ਇਹ ਨਾ ਸਿਰਫ ਗਰੀਬ ਸਨ। ਸਗੋਂ ਧੁਤਕਾਰੇ ਹੋਏ ਲੋਕੀਂ ਸਨ। ਇਨ੍ਹਾਂ ਦੇ ਹੱਥਾਂ ਵਿਚ ਤਲਵਾਰ ਫੜਾ ਕੇ ਇਹ ਆਤਮ ਵਿਸ਼ਵਾਸ ਪੈਦਾ ਕਰਨਾ ਕੀ ਦੁਨੀਆਂ ਦੀ ਵੱਡੀ ਤੋਂ ਵੱਡੀ ਤਾਕਤ ਦਾ ਮੁਕਾਬਲਾ ਕਰ ਸਕਦੇ ਹੋ, ਇਕ ਇਕ ਬਹੁਤ ਵੱਡਾ ਚਮਤਕਾਰ ਸੀ। ਉਸ ਵੇਲੇ ਸੱਤਾ ਜਾਂ ਤਾਂ ਮੁਗਲਾਂ-ਪਠਾਣਾਂ ਦੇ ਹੱਥ ਵਿਚ ਸੀ ਜਾਂ ਰਾਜਪੂਤਾਂ ਦੇ ਹੱਥ ਵਿਚ। ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬੜੇ, ਪੱਛੜੀ ਤੇ ਦਲਿਤ ਜਾਤੀਆਂ ਦੇ ਸਿੰਘ ਸਜੇ ਸੂਰਮਿਆਂ ਨੂੰ ਇਨ੍ਹਾਂ ਨਾਲ ਮੁਕਾਬਲਾ ਕਰਨਾ ਪਿਆ। ਆਰੰਭ ਵਿਚ ਇਨ੍ਹਾਂ ਆਮ ਲੋਕਾਂ ਨੂੰ ਇਹ ਭਰੋਸਾ ਨਹੀਂ ਸੀ ਕਿ ਉਹ ਉਨ੍ਹਾਂ ਦੇ ਸਾਹਮਣੇ ਖੜੇ ਵੀ ਹੋ ਸਕਣਗੇ।ਇਨ੍ਹਾਂ ਆਮ ਲੋਕਾਂ ਦੀ ਹੀਣ ਭਾਵਨਾ ਦੂਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦਾ ਮਨੋਵਿਗਿਆਨਕ ਇਲਾਜ ਕੀਤਾ। ਉਨ੍ਹਾਂ ਦੇ ਸ਼ਾਂਤ ਰੂਪ ਚਰਣ ਪਾਹੁਲ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਪਾਹੁਲ ਵਿਚ ਬਦਲ ਦਿੱਤਾ। ਸੇਲੀ ਟੋਪੀ ਨੂੰ ਹਟਾ ਕੇ ਪਗੜੀ-ਦਸਤਾਰ ਸਜਾਉਣ ਦੀ ਪ੍ਰਥਾ ਚਲਾ ਦਿੱਤੀ। ਸਿਰ ਤੇ ਕੇਸ ਰੱਖਣ ਦੀ ਆਗਿਆ ਦਿੱਤੀ। ਹੱਥ ਵਿਚ ਲੋਹੇ ਦਾ ਕੜਾ ਪੁਆਇਆ। ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਸੌ ਪੰਜ ਸਾਲ ਪਹਿਲਾਂ ਜਿਸ ਢੰਗ ਦੀ ਸਮਾਜ ਬਣਤਰ ਦਾ ਸੰਕਲਪ ਕੀਤਾ ਸੀ, ਅਜੋਕੀ ਸੋਚ ਉਸੇ ਸੇਧ ਵਲ ਜਾ ਰਹੀ ਹੈ। ਸਮਾਜਿਕ, ਸਮਤਾ ਨਿਆਂ ਅਤੇ ਪਿਛੜੀਆਂ ਸ਼੍ਰੇਣੀਆਂ ਨੂੰ ਅੱਗੇ ਵੱਧਣ, ਸਮਾਜ ਤੇ ਰਾਜ ਵਿਵਸਥਾ ਵਿਚ ਹਿੱਸੇਦਾਰੀ ਪ੍ਰਾਪਤ ਕਰਨ ਦੇ ਜਿਹੜੇ ਸਿਧਾਂਤ ਅਜੋਕੀ ਦੁਨੀਆ ਦੇ ਆਦਰਸ਼ ਬਣਦੇ ਜਾ ਰਹੇ ਹਨ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨ ਦ੍ਰਿਸ਼ਟੀ ਰਾਹੀਂ ਨਾ ਕੇਵਲ ਉਨ੍ਹਾਂ ਨੂੰ ਉਸਾਰਿਆ ਸਗੋਂ ਉਨ੍ਹਾਂ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

**ਅਮਰਜੀਤ ਸਿੰਘ**



# ਖਾਲਸੇ ਦੀ ਸਾਜਣਾ - ਇਕ ਇਨਕਲਾਬੀ ਕਾਰਜ



ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ, ਇੱਥੇ ਮੁਸਲਮਾਨ ਇਤਿਹਾਸਕਾਰ ਗੁਲਾਮ ਮੁਹੰਮਦ ਅਨੁਸਾਰ, ਔਰੰਗਜ਼ੇਬ ਨੇ ਡੰਕੇ ਦੀ ਚੋਟ ਨਾਲ ਐਲਾਨ ਕਰਵਾ ਦਿੱਤਾ ਕਿ ਜੋ ਵੀ ਗੁਰੂ ਜੀ ਦੀ ਦੇਹ ਨੂੰ ਚੁਕਦਾ ਫੜਿਆ ਗਿਆ, ਉਸ ਦੇ ਚਾਰ ਟੋਟੇ ਕਰਕੇ ਇੱਕ ਇੱਕ ਟੋਟਾ ਦਿੱਲੀ ਸ਼ਹਿਰ ਦੇ ਚਹੁੰ ਦਰਵਾਜ਼ਿਆਂ 'ਤੇ ਟੰਗ ਦਿੱਤੇ ਜਾਣਗੇ।ਇਸ ਦੇ ਬਾਵਜੂਦ ਇੱਕ ਸਿੱਖ ਸੇਵਕ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਚੁੱਕ ਆਨੰਦਪੁਰ ਸਾਹਿਬ ਜਾ ਗੁਰੂ ਗੋਬਿੰਦ ਸਿੰਘ ਜੀ ਦੇ ਪੇਸ਼ ਕਰ ਦਿੱਤਾ ਅਤੇ ਬਿਨਾਂ ਸੀਸ ਗੁਰੂ ਜੀ ਦਾ ਧੜ ਖੁੱਲ੍ਹੇ ਵਿੱਚ ਉਸੇ ਥਾਂ 'ਤੇ ਪਿਆ ਰਿਹਾ (ਇੱਥੇ ਅੱਜ ਕੱਲ੍ਹ ਗੁਰਦੁਆਰਾ ਸੀਸ ਗੰਜ ਸਥਾਪਤ ਹੈ) ਅਤੇ ਇਸ ਉਪਰ ਕਰੜਾ ਪਹਿਰਾ ਲਾ ਦਿੱਤਾ ਗਿਆ। ਸਭ ਸਿੱਖ ਆਪਣੇ ਆਪਣੇ ਘਰੀਂ ਛੁਪ ਗਏ ਅਤੇ ਕਿਸੇ ਨੇ ਸਿੱਖ ਹੋਣ ਦਾ ਦਾਅਵਾ ਨਾ ਕੀਤਾ।

ਏਨੇ ਨੂੰ ਇੱਕ ਲੁਬਾਣਾ ਸਿੱਖ, ਭਾਈ ਲੱਖੀ ਸ਼ਾਹ ਵਣਜਾਰਾ ਸਰਕਾਰੀ ਠੇਕੇਦਾਰ ਲਾਲ ਕਿਲ੍ਹੇ ਵਿੱਚ ਆਪਣੇ ਗੱਡਿਆਂ ਉਪਰ ਲੱਦਿਆ ਮਾਲ ਉਤਾਰਨ ਪੁੱਜਾ ਤੇ ਉਸ ਨੇ ਇਸ ਵਾਰਦਾਤ ਬਾਰੇ ਸੁਣਿਆ। ਉਸ ਦਾ ਮਨ ਬੜਾ ਦੁਖੀ ਹੋਇਆ। ਉਸ ਨੇ ਇਸ ਐਲਾਨ ਨੂੰ ਪੂਰੀ ਸਿੱਖ ਕੌਮ ਲਈ ਚੁਣੌਤੀ ਸਮਝੀ। ਉਸ ਨੇ ਫੈਸਲਾ ਕੀਤਾ ਕਿ ਉਹ ਗੁਰੂ ਜੀ ਦੀ ਦੇਹ ਲਿਜਾ ਕੇ ਉਸ ਦਾ ਆਦਰ ਸਹਿਤ ਸਸਕਾਰ ਕਰੇਗਾ। ਇਸ ਖਾਤਰ ਭਾਵੇਂ ਉਸ ਦੀ ਜਾਨ ਵੀ ਕਿਉਂ ਨਾ ਚਲੀ ਜਾਵੇ। ਉਸ ਨੇ ਇਸ ਕੰਮ ਲਈ ਇੱਕ ਤਰਕੀਬ ਬਣਾਈ ਅਤੇ ਇਸ ਬਾਰੇ ਆਪਣੇ ਬੰਦਿਆਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ, ਜਿਨ੍ਹਾਂ ਨੇ ਇਸ ਕਾਰਜ ਵਿੱਚ ਹਿੱਸਾ ਲੈਣਾ ਸੀ। ਲੱਖੀ ਸ਼ਾਹ ਨੇ ਆਪਣੇ ਸਾਰੇ ਗੱਡੇ ਕਿਲ੍ਹੇ ਵਿੱਚ ਖਾਲੀ ਕਰ ਦਿੱਤੇ, ਸਿਵਾਏ ਇੱਕ ਦੇ, ਜਿਸ ਵਿੱਚ ਕਪਾਹ ਲੱਦੀ ਹੋਈ ਸੀ। ਫੇਰ ਆਪਣੇ ਗੱਡਿਆਂ ਦਾ ਕਾਫਲਾ ਲੈ ਉਸ ਪਾਸੇ ਤੁਰ ਪਿਆ ਜਿਥੇ ਕਿ ਨੌਵੇਂ ਪਾਤਿਸ਼ਾਹ ਦਾ ਬਿਨਾਂ ਸੀਸ ਸਰੀਰ ਧਰਤੀ ਉਪਰ ਪਿਆ ਸੀ। ਗੱਡੇ ਤਰਕੀਬ ਅਨੁਸਾਰ ਤੇਜ਼ ਚਲ ਰਹੇ ਸਨ ਤੇ ਧੂੜ ਉਡਾਉਂਦੇ ਜਾਂਦੇ ਜਾ ਰਹੇ ਸਨ। ਚਾਂਦਨੀ ਚੌਂਕ ਦਾ ਇਲਾਕਾ ਉਨ੍ਹੀਂ ਦਿਨੀਂ ਕੱਚਾ ਹੁੰਦਾ ਸੀ। ਗਾਡੀਵਾਨਾਂ ਨੇ ਇੰਜ ਜਾਹਰ ਕੀਤਾ ਜਿਵੇਂ ਉਨ੍ਹਾਂ ਦੇ ਢੱਗੇ ਬੇਕਾਬੂ ਹੋ ਗਏ ਸਨ। ਇੰਜ ਉਡਦੀ ਧੂੜ ਨੇ ਮੁਗਲ ਸਿਪਾਹੀਆਂ ਨੂੰ ਆਪਣੀਆਂ ਅੱਖਾਂ ਮਲਣ ਤੇ ਨਾਲ ਹੀ ਪੂਰਾ ਹਟਣ ਲਈ ਮਜ਼ਬੂਰ ਕਰ ਦਿੱਤਾ।

ਇਸ ਭਿਆਨਕ ਕਾਰਜ ਵਿੱਚ ਲੱਗੇ ਹੋਏ ਲੁਬਾਣਾ ਸਿੱਖ ਆਪਣੇ ਗੁਰੂ ਨੂੰ ਹੀ ਯਾਦ ਕਰਦੇ ਰਹੇ ਅਤੇ ਇਸ ਕੰਮ ਦੀ ਸਫਲਤਾ ਲਈ ਅਰਦਾਸ ਵੀ ਕਰਦੇ ਗਏ। ਏਨੇ ਵਿੱਚ ਹੀ ਲੱਖੀ ਸ਼ਾਹ ਨੇ ਆਪਣੇ ਪੁੱਤਰ ਨਿਗਾਹੀਆ ਦੀ ਮਦਦ ਨਾਲ ਗੁਰੂ ਜੀ ਦਾ ਧੜ ਕਪਾਹ ਵਾਲੇ ਗੱਡੇ ਵਿੱਚ ਰੱਖ ਕੇ ਲੁਕਾ ਛੁਪਾ ਦਿੱਤਾ ਅਤੇ ਇਸ ਗੱਡੇ ਨੂੰ ਫੁਰਤੀ ਨਾਲ ਆਪਣੇ ਘਰ ਰਾਇਸੀਨਾ ਪਿੰਡ ਲੈ ਗਏ (ਹੁਣ ਰਕਾਬ ਗੰਜ) ਜੋ ਕਿ ਕਿਲ੍ਹੇ ਤੋਂ ਕੋਈ ਚਾਰ ਮੀਲ ਦੀ ਵਾਟ 'ਤੇ ਸੀ।

ਘਰ ਪਹੁੰਚ ਕੇ ਲੱਖੀ ਨੇ ਗੁਰੂ ਜੀ ਦਾ ਧੜ ਆਦਰ ਨਾਲ ਮੰਜੇ 'ਤੇ ਪਾ ਦਿੱਤਾ। ਇਸ਼ਨਾਨ ਕਰਵਾ ਕੇ ਇਸ ਨੂੰ ਚੰਦਨ ਦੀ ਲਕੜੀ ਉੱਪਰ ਰੱਖ, ਖਾਲਸ ਘਿਉ ਸੁੱਟ, ਅਗਨ ਸਪੁਰਦ ਕਰ ਦਿੱਤਾ। ਅੱਧੀ ਕੁ ਦੇਹ ਸੜ ਜਾਣ ਪਿੱਛੋਂ ਲੱਖੀ ਸ਼ਾਹ ਨੇ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ : "ਮੇਰਾ ਘਰ ਸੜ ਰਿਹਾ ਹੈ : ਮਦਦ ਕਰੋ। ਕੋਈ ਬਹੁੜੇ।" ਸਕੀਮ ਬਿਲਕੁਲ ਸਫਲ ਰਹੀ।ਆਪਣੀ ਜਾਨ ਜਾਂ ਮਾਲ ਖਾਤਰ ਨਹੀਂ ਬਲਕਿ ਗੁਰੂ ਜੀ ਦੀ ਕਿਸੇ ਤਰ੍ਹਾਂ ਦੀ ਬੇਅਦਬੀ ਨਾ ਹੋਣ ਤੋਂ ਬਚਾਉਣ ਲਈ ਲੱਖੀ ਸ਼ਾਹ ਇਹ ਕੰਮ ਖੁੱਲ੍ਹੇ ਤੌਰ 'ਤੇ ਨਹੀਂ ਸੀ ਕਰ ਸਕਦਾ।

ਉਧਰ ਜਦੋਂ ਧੂੜ ਥੋੜ੍ਹੀ ਬੈਠ ਗਈ ਤਾਂ ਮੁਗਲ ਪਹਿਰੇਦਾਰ ਵਾਪਸ ਆਪਣੇ ਡਿਊਟੀ ਸਥਾਨ 'ਤੇ ਆ ਗਏ ਅਤੇ ਇਹ ਵੇਖ ਕੇ ਗੁਰੂ ਜੀ ਦਾ ਧੜ ਉੱਥੇ ਨਹੀਂ ਸੀ, ਬੜੇ ਹੈਰਾਨ ਹੋਏ। ਗੱਡਿਆਂ ਦੇ ਕਾਫਲੇ 'ਤੇ ਸ਼ੱਕ ਕਰਦੇ ਉਨ੍ਹਾਂ ਵਿਚੋਂ ਕੁਝ ਨੇ ਉਧਰ ਆਪਣੇ ਘੋੜੇ ਭਜਾ ਦਿੱਤੇ ਅਤੇ ਗੱਡਿਆਂ ਨੂੰ ਰਾਹ ਵਿੱਚ ਹੀ ਜਾ ਘੇਰਿਆ। ਇਨ੍ਹਾਂ ਤੋਂ ਪੁੱਛ ਗਿੱਛ ਕੀਤੀ ਅਤੇ ਨਾਲ ਹੀ ਡਰਾਵੇ ਦਿੱਤੇ ਅਤੇ ਧਮਕਾਇਆ ਵੀ। ਪਰ ਲੁਬਾਣਾ ਸਿੱਖ, ਜਿਨ੍ਹਾਂ ਥਾਂ ਥਾਂ ਦਾ ਪਾਣੀ ਪੀਤਾ ਸੀ, ਸਫਰ ਦੀਆਂ ਔਕੜਾਂ ਪਾਰ ਕੀਤੀਆਂ ਹੋਈਆਂ ਸਨ, ਕਦੋਂ ਡਰਨ ਵਾਲੇ ਸਨ। "ਤੁਸੀਂ ਸਾਨੂੰ ਕਿਵੇਂ ਸਜ਼ਾ ਦੇ ਸਕਦੇ ਹੋ ਜਦੋਂ ਅਸੀਂ ਕੋਈ ਕਸੂਰ ਨਹੀਂ ਕੀਤਾ। ਸਾਨੂੰ ਤਾਂ ਇਸ ਬਾਰੇ ਕੁੱਝ ਪਤਾ ਹੀ ਨਹੀਂ।" ਗੱਡਿਆਂ ਦੀ ਤਲਾਸ਼ੀ ਵਿੱਚ ਵੀ ਕੁੱਝ ਨਹੀਂ ਮਿਲਿਆ। ਉਥੋਂ ਹੀ ਉਹ ਲੱਖੀ ਸ਼ਾਹ ਦੇ ਘਰ ਵੱਲ ਦੌੜ ਪਏ। ਉਥੇ ਜਾ ਕੇ ਕੀ ਵੇਖਦੇ ਹਨ ਕਿ ਉਸ ਦਾ ਘਰ ਸੜ ਰਿਹਾ ਹੈ ਤੇ ਉਹ ਰੋ ਪਿੱਟ ਰਿਹਾ ਸੀ। ਇੰਝ ਬੁੱਧੂ ਬਣ ਮੁਗ਼ਲ ਪਹਿਰੇਦਾਰ ਚਾਂਦਨੀ ਚੌਂਕ ਵਾਪਸ ਆ ਗਏ।

ਅਗਲੀ ਸਵੇਰ ਗੁਰੂ ਜੀ ਦੀਆਂ ਅਸਥੀਆਂ ਚੁਣੀਆਂ ਗਈਆਂ। ਇਨ੍ਹਾਂ ਨੂੰ ਧੋ ਕੇ ਇੱਕ ਕੈਂਹ ਦੀ ਗਾਗਰ ਵਿੱਚ ਪਾ ਉਥੇ ਹੀ ਜ਼ਮੀਨ ਵਿੱਚ ਦੱਬ ਦਿੱਤਾ। ਇਸੇ ਸਥਾਨ 'ਤੇ ਅੱਜ ਕੱਲ ਗੁਰਦੁਆਰਾ ਰਕਾਬ ਗੰਜ ਸਾਹਿਬ ਸਥਾਪਤ ਹੈ ਜੋ ਕਿ ਸੰਸਦ ਭਵਨ ਦੇ ਨੇੜੇ ਹੀ ਹੈ।ਇਹ ਸਾਰੀ ਵਿਥਿਆ ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਆਨੰਦਪੁਰ ਸਾਹਿਬ ਗਏ ਹੋਇਆਂ ਨੇ ਸੁਣਾਈ। ਪਹਿਲਾਂ ਤਾਂ ਪੁੱਛਣ 'ਤੇ ਲੱਖੀ ਸ਼ਾਹ ਨੇ ਅਰਜ਼ ਕੀਤੀ ਕਿ ਸੱਚੇ ਪਾਤਿਸ਼ਾਹ ਤਾਂ ਜਾਣੀਜਾਣ ਹਨ, ਉਹ ਸਭ ਕੁਝ ਜਾਣਦੇ ਹਨ। ਪਰ ਗੁਰੂ ਜੀ ਇਹ ਸਾਰੀ ਘਟਨਾ ਨੂੰ ਲੱਖੀ ਸ਼ਾਹ ਦੀ ਜ਼ਬਾਨੀ ਸੁਣਨਾ ਚਾਹੁੰਦੇ ਸਨ। ਇਹ ਕਥਾ ਸੁਣਨ ਉਪਰੰਤ ਦਸਵੇਂ ਪਾਤਿਸ਼ਾਹ ਨੇ ਲੱਖੀ ਸ਼ਾਹ ਦੀ ਸੂਝ ਬੂਝ, ਦਲੇਰੀ ਅਤੇ ਨਿਆਰੇ ਤਰੀਕੇ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ। ਨਾਲ ਹੀ ਉਨ੍ਹਾਂ ਨੇ ਫੁਰਮਾਇਆ ਕਿ ਹੁਣ ਉਹ ਐਸਾ ਸਿੱਖ ਤਿਆਰ ਕਰਨਗੇ ਜੋ ਕਿ ਲੱਖਾਂ ਦੇ ਇਕੱਠ ਵਿਚ ਖਲੋਤਾ ਵੀ ਛੁਪ ਨਹੀਂ ਸਕੇਗਾ।

ਸੋ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਇੱਕ ਨਵਾਂ ਰੂਪ ਦੇਣ ਦੀ ਸੋਚੀ। ਇਸ ਮੁੱਦੇ ਨੂੰ ਸਾਹਮਣੇ ਰੱਖਦਿਆਂ ਉਨ੍ਹਾਂ 30 ਮਾਰਚ 1699 ਦੀ ਇਤਿਹਾਸਕ ਵਿਸਾਖੀ ਵਾਲੇ ਦਿਨ ਆਪਣੇ ਸਿੱਖਾਂ ਨੂੰ ਆਨੰਦਪੁਰ ਸਾਹਿਬ ਇਕੱਠੇ ਹੋਣ ਲਈ ਪਰਵਾਨੇ ਭੇਜੇ। ਉਸ ਦਿਨ ਸੰਗਤਾਂ ਦੇ ਇਕੱਠੇ ਹੋਣ 'ਤੇ ਗੁਰੂ ਜੀ ਨੇ ਸਟੇਜ 'ਤੇ ਆ ਕੇ ਆਪਣੀ ਕਿਰਪਾਨ ਮਿਆਨ ਵਿਚੋਂ ਬਾਹਰ ਕੱਢੀ ਅਤੇ ਪੁਕਾਰਿਆ "ਮੈਨੂੰ ਅੱਜ ਇੱਕ ਸਿੱਖ ਦੇ ਸੀਸ ਦੀ ਲੋੜ ਹੈ। ਸੋ ਇੱਕ ਸਿੱਖ ਅੱਗੇ ਆ ਜਾਏ।" ਜਦੋਂ ਇੱਕ ਸਿੱਖ ਹੱਥ ਜੋੜ ਕੇ ਸਾਹਮਣੇ ਆ ਹਾਜ਼ਰ ਹੋਇਆ ਤਾਂ ਗੁਰੂ ਜੀ ਉਸ ਨੂੰ ਬਾਂਹ ਤੋਂ ਫੜ ਕੇ ਪਿੱਛੇ ਲੱਗੇ ਤੰਬੂ ਵਿੱਚ ਲੈ ਗਏ। ਅੰਦਰੋਂ ਤਲਵਾਰ ਚੱਲਣ ਦੀ ਆਵਾਜ਼ ਆਈ ਜਿਸ ਉਪਰੰਤ ਸ੍ਰੀ ਦਸਮੇਸ਼ ਪਿਤਾ ਲਹੂ ਨਾਲ ਭਰੀ ਕਿਰਪਾਨ ਹੱਥ ਵਿੱਚ ਲਈ ਬਾਹਰ ਸਟੇਜ ਉਤੇ ਆ ਗਏ। ਇੰਜ ਉਨ੍ਹਾਂ ਨੇ ਵਾਰੀ ਵਾਰੀ ਪੰਜ ਸਿੱਖਾਂ ਨੇ ਸੀਸ ਮੰਗੇ। ਇਨ੍ਹਾਂ ਪੰਜਾਂ ਨੂੰ ਨਵੇਂ ਪੁਸ਼ਾਕੇ ਪੁਆ, ਤੰਬੂ ਤੋਂ ਬਾਹਰ ਲਿਆਂਦਾ। ਇਹ ਪੰਜੇ ਸਿੱਖ ਭਾਰਤ ਦੇ ਵੱਖ ਵੱਖ ਹਿੱਸਿਆਂ ਅਤੇ ਵੱਖ ਵੱਖ ਜਾਤਾਂ 'ਚੋਂ ਸਨ ਹੁਣ ਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕਰੇ ਇਨ੍ਹਾਂ ਪੰਜਾਂ ਨੂੰ ਇੱਕੋ ਬਾਟੇ ਵਿੱਚੋਂ ਛਕਾਇਆ। ਇਨ੍ਹਾਂ ਨੂੰ 'ਸਿੰਘ' ਦਾ ਨਾਂ ਦਿੱਤਾ। ਫੇਰ ਗੁਰੂ ਜੀ ਨੇ ਖੁਦ ਇਨ੍ਹਾਂ ਪੰਜਾਂ ਤੋਂ ਅੰਮ੍ਰਿਤ ਛਕਿਆ ਅਤੇ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ। ਇਸ ਉਪਰੰਤ ਦਸ਼ਮੇਸ਼ ਪਿਤਾ ਨੇ ਇਕੱਠ ਨੂੰ ਇੱਕ ਮੁਗਲ ਦਰਬਾਰ ਦੇ ਅਖਬਾਰ ਨਵੀਸ ਗੁਲਾਮ ਮੋਹੀ-ਉ-ਦੀਨ ਅਨੁਸਾਰ ਇੰਜ ਸੰਬੋਧਨ ਕੀਤਾ :ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇੱਕ ਮਤ ਦੇ ਧਾਰਨੀ ਹੋ ਕੇ ਇਕੋ ਰਾਹ 'ਤੇ ਚੱਲੋ ਅਤੇ ਸਾਰੇ ਮਤਭੇਦ ਮਿਟਾ ਦਿਓ। ਚਾਰ ਵਰਣਾਂ, ਜਿਨ੍ਹਾਂ ਦੇ ਅਸੂਲ ਵੱਖ ਵੱਖ ਹਨ, ਤਿਆਗ ਕੇ ਆਪਸ ਵਿੱਚ ਮਿਲਵਰਤਣ ਅਤੇ ਇੱਕ ਦੂਜੇ ਨਾਲ ਖੁੱਲ੍ਹਮ ਖੁੱਲ੍ਹਾ ਮਿਲਾਪ ਕਰੋ। ਗੰਗਾ ਅਤੇ ਜਮਨਾ ਵੱਲ ਧਿਆਨ ਨਾ ਦਿਓ, ਗੁਰੂ ਨਾਨਕ ਅਤੇ ਉਨ੍ਹਾਂ ਦੇ ਵਾਰਸਾਂ ਵਿੱਚ ਯਕੀਨ ਲਿਆਓ। ਸਭ ਜਾਤਾਂ ਵਾਲੇ ਅੰਮ੍ਰਿਤ ਛਕ, ਇੱਕ ਭਾਂਡੇ ਵਿਚੋਂ ਖਾ, ਆਪਸੀ ਪਿਆਰ ਵਧਾਓ। ਕਿਸੇ ਵਲ ਨਫ਼ਰਤ ਦੀ ਦ੍ਰਿਸ਼ਟੀ ਨਾ ਰੱਖੋ।" ਅੰਮ੍ਰਿਤ ਛਕਣ ਵਾਲੇ ਸਿੱਖਾਂ ਲਈ ਪੰਜ ਕਕਾਰਾਂ ਦੇ ਧਾਰਨੀ ਹੋਣ ਨੂੰ ਲਾਜ਼ਮੀ ਕਰਾਰ ਕੀਤਾ। ਇਹ ਕਕਾਰ ਹਨ : ਕੇਸ, ਕੰਘਾ, ਕੜਾ, ਕੱਛਾ ਅਤੇ ਕਿਰਪਾਨ। ਤਨ ਦੇ ਕਿਸੇ ਭਾਗ ਦੇ ਵਾਲ (ਕੇਸ) ਨਾ ਕਟਵਾਉਣਾ। ਕੇਸ ਜੋ ਕਿ ਪਵਿੱਤਰਤਾ ਦੇ ਪ੍ਰਤੀਕ ਹਨ, ਕੰਘਾ ਇਨ੍ਹਾਂ ਨੂੰ ਸਾਫ ਕਰਨ ਲਈ, ਕੜਾ ਲੋਹੇ ਦਾ ਹੋਣਾ ਚਾਹੀਦਾ ਹੈ, ਸੋਨੇ ਦਾ ਨਹੀਂ। ਸੋਨੇ ਦਾ ਕੜਾ ਫੈਸ਼ਨ ਹੈ ਅਤੇ ਲੋਹੇ ਦਾ ਸਿਧਾਂਤਕ ਹੈ। ਇੰਝ ਗੁਰੂ ਸਾਹਿਬ ਨੇ ਖ਼ਾਲਸਾ ਦੀ ਸਿਰਜਨਾ ਕੀਤੀ।

**ਹਰਬੰਸ ਸਿੰਘ ਇੰਸਪੈਕਟਰ (ਰਿਟਾ.)**

# 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'

ਸ੍ਰੀ ਗੁਰੂ ਗੋਬਿੰਦ ਸਿੰਘ ਇਕ ਪ੍ਰਤਿਭਾ ਸੰਪੰਨ ਵੀਰ ਯੋਧਾ, ਸ੍ਰੇਸ਼ਠ ਕਵੀ, ਉੱਚ ਕੋਟੀ ਦੇ ਸਾਹਿਤਕਾਰ, ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਅਜਿਹੇ ਮਹਾਨ ਕਾਰਜ ਕੀਤੇ ਜਿਨ੍ਹਾਂ ਦੀ ਉਦਾਹਰਣ ਸਮੁੱਚੇ ਵਿਸ਼ਵ ਵਿਚ ਪ੍ਰਾਪਤ ਨਹੀਂ ਹੁੰਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਣਾ ਕੀਤੀ ਸੀ। ਇਕ ਨਵੇਂ ਸਮਾਜ ਦਾ ਨਿਰਮਾਣ ਕੀਤਾ ਸੀ। ਇਕ ਨਵੀਂ ਦਿਸ਼ਾ, ਇਕ ਨਵੀਂ ਚੇਤਨਾ ਪੈਦਾ ਕੀਤੀ ਸੀ। ਸਿੱਖਾਂ ਦਾ ਆਪਣਾ ਗੌਰਵਮਈ ਇਤਿਹਾਸ ਹੈ। ਸਿੱਖ ਦਰਸ਼ਨ ਵਿਸ਼ਵ ਵਿਚ ਆਪਣਾ ਵਿਸ਼ੇਸ਼ ਅਸਤਿੱਤਵ ਰੱਖਦਾ ਹੈ। ਸਿੱਖ ਦਰਸ਼ਨ ਵਿਚ ਵਿਸ਼ਵ-ਵਿਆਪੀ ਚੇਤਨਾ ਮੌਜੂਦ ਹੈ। ਜਿਸ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਲਕ ਦੇਵ ਜੀ ਨੇ ਵੇਈਂ ਨਦੀ ਦੇ ਪ੍ਰਵੇਸ਼ ਸਮੇਂ 'ਨਾ ਕੋ ਹਿੰਦੂ ਨਾ ਮੁਸਲਮਾਨ' ਕਹਿ ਕੇ ਰਖੀ ਸੀ। ਰੱਬੀ ਏਕਤਾ, ਮਨੁੱਖੀ ਸਮਾਨਤਾ ਅਤੇ ਮਨੁੱਖੀ ਭਾਈਚਾਰੇ ਦਾ ਸੰਦੇਸ਼ ਦਿੱਤਾ ਸੀ। ਗੁਰੂ ਸਾਹਿਬ ਨੇ 'ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ' ਕਹਿਕੇ ਉਸੀ ਅਕਾਲ ਪੁਰਖ ਨੇ ਇਸ ਸੰਸਾਰ ਵਿਚ ਸਭਨਾ ਨੂੰ ਪੈਦਾ ਕੀਤਾ ਹੈ ਅਤੇ ਆਪਣੇ ਆਪ ਨੂੰ ਪਛਾਣਨ ਉੱਤੇ ਬਲ ਦਿੱਤਾ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਅਕਾਲ ਪੁਰਖ ਦੀ ਅਪਾਰ ਕ੍ਰਿਪਾ, ਮਨੁੱਖੀ ਏਕਤਾ ਅਤੇ ਮਨੁੱਖੀ ਭਾਈਚਾਰੇ ਦਾ ਵਿਸ਼ਵ-ਵਿਆਪੀ ਸੰਦੇਸ਼ ਦਿੱਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਰਾਜਨੀਤਿਕ, ਧਾਰਮਕ, ਸਮਾਜਿਕ ਅਵਸਥਾ ਕਾਫੀ ਚਿੰਤਾਜਨਕ ਹੈ। ਉਸ ਸਮੇਂ ਦੇਸ਼ ਵਿਚ ਔਰੰਗਜੇਬ ਦਾ ਰਾਜ ਸੀ। ਉਹ ਆਪਣੀ ਮਨਮਾਨੀ ਕਰ ਰਿਹਾ ਸੀ। ਲੋਕਾਂ ਉਪਰ ਤਰ੍ਹਾਂ ਤਰ੍ਹਾਂ ਦੇ ਅਤਿਆਚਾਰ ਕਰਕੇ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ। ਜਨਤਾ ਉਸ ਦੇ ਅਤਿਆਚਾਰਾਂ ਤੋਂ ਬਹੁਤ ਤੰਗ ਆ ਚੁੱਕੀ ਸੀ। ਬੜਾ ਭਿਆਨਕ ਸਮਾਂ ਸੀ। ਉਸ ਸਮੇਂ ਇਕ ਮਹਾਨ ਵੀਰ ਯੋਧਾ ਦੀ ਲੋੜ ਸੀ ਜਿਹੜਾ ਦੇਸ਼, ਧਰਮ, ਕੌਮ ਲਈ ਲੜ ਮਰ ਸਕੇ। ਐਸੀ ਦਰਦਨਾਕ ਸਥਿਤੀ ਵਿਚ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ 1699 ਦੀ ਵਿਸਾਖੀ ਵਾਲੇ ਪਵਿੱਤਰ ਦਿਹਾੜੇ ਸਿਰਜਣਾ ਕੀਤੀ। ਵਿਸ਼ਾਲ ਸਮਾਰੋਹ ਵਿਚ ਪੰਜ ਸਿੰਘਾਂ - ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਜੀ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ। ਪਰਮ ਪਿਤਾ ਨੇ ਇਨ੍ਹਾਂ ਨੂੰ ਗਲੇ ਲਗਾ ਕੇ ਇਨ੍ਹਾਂ ਨੂੰ 'ਪਿਆਰੇ' ਸ਼ਬਦ ਨਾਲ ਸੰਬੋਧਨ ਕੀਤਾ। ਇਨ੍ਹਾਂ ਤੋਂ ਆਪ ਵੀ ਅੰਮ੍ਰਿਤ ਛੱਕਿਆ।

ਖ਼ਾਲਸਾ ਪੰਥ ਦੀ ਸਿਰਜਣਾ ਦਾ ਪ੍ਰਭਾਵ ਸਮੁੱਚੇ ਦੇਸ਼ ਵਿਚ ਪਿਆ। ਗੁਰੂ ਸਾਹਿਬ ਨੇ ਡਿੱਗੀ ਹੋਈ ਕੌਮ ਦੀ ਮੁਰਦਾ ਰੂਹ ਵਿਚ ਇਕ ਅਜਿਹਾ ਜੋਸ਼ ਪੈਦਾ ਕੀਤਾ ਜੋ ਭਾਰਤ ਵਰਸ਼ ਵਿਚ ਧਾਰਮਕ ਅਤੇ ਰਾਜਸੀ ਕ੍ਰਾਂਤੀ ਪੈਦਾ ਕਰਨ ਵਾਲਾ ਸੀ। ਗੁਰੂ ਸਾਹਿਬ ਨੇ ਦੀਨ ਹੀਨ ਅਤੇ ਦਲਿਤ ਜਨਤਾ ਵਿਚ ਉਹ ਜੋਸ਼ ਸ਼ਕਤੀ ਪੈਦਾ ਕਰ ਦਿੱਤੀ, ਇਕ ਨਵੀਨ ਚੇਤਨਾ ਭਰ ਦਿੱਤੀ ਜਿਸ ਦਾ ਸੰਗਠਨ ਪਾ ਕੇ ਉਹ ਖ਼ਾਲਸਾ ਫੌਜ ਔਰੰਗਜ਼ੇਬ ਦੇ ਅਤਿਆਚਾਰਾਂ ਦੇ ਵਿਰੁੱਧ ਤਲਵਾਰ ਉਠਾ ਕੇ ਲੜ ਸਕੀ ਅਤੇ ਵਿਸ਼ਾਲ ਮੁਗਲ ਸਾਮਰਾਜ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਸਿੰਘ ਦੇਸ਼, ਧਰਮ ਅਤੇ ਆਜ਼ਾਦੀ ਲਈ ਲੜੇ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅਸੰਖ ਹਿੰਦੂਆਂ ਦੇ ਧਰਮ ਦੀ ਰੱਖਿਆ ਕੀਤੀ।ਇਸ ਸੰਸਾਰ ਵਿਚ ਸਾਨੂੰ ਕਿਧਰੇ ਵੀ ਉਦਾਹਰਣ ਪ੍ਰਾਪਤ ਨਹੀਂ ਹੁੰਦੀ ਜਿਥੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਅਤੇ ਆਪਣੇ ਸਾਰੇ ਪਰਿਵਾਰ ਨੂੰ ਦੇਸ਼, ਧਰਮ ਲਈ ਵਾਰ ਦਿੱਤਾ ਹੋਵੇ। ਆਪ ਜੀ ਦੇ ਦੋ ਵੱਡੇ ਸਾਹਿਬਜ਼ਾਦੇ - ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਆਨੰਦਪੁਰ ਸਾਹਿਬ ਦੇ ਯੁੱਧ ਵਿਚ ਔਰੰਗਜ਼ੇਬ ਦੀ ਫੌਜ ਨਾਲ ਲੜਦੇ ਹੋਏ ਸ਼ਹੀਦ ਹੋਏ ਅਤੇ ਛੋਟੇ ਸਾਹਿਬਜ਼ਾਦੇ - ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਸਰਹਿੰਦ ਵਿਚ ਜੀਉਂਦੇ ਜੀ ਨੀਹਾਂ ਵਿਚ ਚਿਣਵਾ ਦਿੱਤੇ ਗਏ ਅਤੇ ਉਥੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਧੰਨ ਧੰਨ ਸਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਆਪਣਾ ਸਰਬੰਸ ਦੇਸ਼ ਧਰਮ ਕੌਮ ਲਈ ਵਾਰ ਦਿੱਤਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵ-ਵਿਆਪੀ ਸੰਦੇਸ਼ ਅੱਜ ਵੀ ਸਾਰਥਕਤਾ ਰਖਦਾ ਹੈ। ਗੁਰੂ ਸਾਹਿਬ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦਾ ਅਮਰ ਸੰਦੇਸ਼ ਦਿੱਤਾ। ਗੁਰੂ ਸਾਹਿਬ ਦੀ ਬਾਣੀ ਵਿਚ ਵਿਸ਼ਵ-ਵਿਆਪੀ ਭਾਈਚਾਰੇ ਦਾ ਅਮਰ ਸੰਦੇਸ਼ ਹੈ। ਸਰਬ-ਸਾਂਝੀਵਾਲਤਾ ਦਾ ਸੰਦੇਸ਼ ਹੈ। ਭਾਈ ਗੁਰਦਾਸ (ਦੂਜੇ) ਨੇ ਗੁਰੂ ਸਾਹਿਬ ਦੀ ਮਹਾਨਤਾ, ਵਿਸ਼ਵ-ਵਿਆਪੀ ਚੇਤਨਾ ਅਤੇ ਵਿਸ਼ਵ-ਭਾਈਚਾਰੇ ਦੇ ਮਹਾਨ ਸੰਦੇਸ਼ ਨੂੰ ਬਿਆਨ ਕਰਦੇ ਹੋਏ ਇਉਂ ਲਿਖਿਆ ਹੈ :-

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

**ਜਸਪਾਲ ਸਿੰਘ**

**ਸ. ਇੰਦਰਜੀਤ ਸਿੰਘ**

## ਤੇਗ ਦਸ਼ਮੇਸ਼ ਦੀ



ਦੁਸ਼ਟਾਂ ਨੂੰ ਮਾਰਨੀ ਤੇ ਪਾਪਾਂ ਨੂੰ ਸਿੰਘਾਰਨੀ ਸੀ, ਪਰਉਪਕਾਰਨੀ ਸੀ ਤੇਗ ਦਸ਼ਮੇਸ਼ ਦੀ।
ਬਦੀਆਂ ਦੀ ਨਾਸਨੀ ਤੇ ਨੇਕੀਆਂ ਦੀ ਢਾਸਨੀ ਸੀ, ਦੇਸ਼ ਨੂੰ ਉਭਾਰਨੀ ਸੀ ਤੇਗ ਦਸ਼ਮੇਸ਼ ਦੀ।
ਐਥੇ ਗਈ ਐਥੇ ਗਈ ਬਿਜਲੀ ਦੇ ਵਾਂਗ ਪਈ, ਵਡੇ ਵਡੇ ਮੁੱਛਲਾਂ ਦੇ ਮੋਛਿਆਂ ਨੂੰ ਚੀਰਦੀ।
ਖੜਗਾਂ ਤੇ ਖੰਡਿਆਂ 'ਚ ਗਿੱਧਾ ਪਾ ਕੇ ਨੱਚਦੀ, ਤੇ ਹੋਣੀਆਂ ਦੇ ਨਾਲ ਖੇਡੇ ਕਿਕੱਲੀ ਕਲੀਰਦੀ।
ਘਪੂੰ ਘਪੂੰ ਕਰ ਕੇ ਹੈ ਘਾਣ ਘੱਪ ਲਾਹੀ ਜਾਂਦੀ, ਨਾ ਕਿਤੇ ਥੱਕਦੀ ਨਾ ਚੜ੍ਹੇ ਇਹਨੂੰ ਧੌਂਕਣੀ।
ਹਫੂੰ ਹਫੂੰ ਕਰ ਕੇ ਨੇ ਵੈਰੀਆਂ ਦੇ ਸਾਹ ਫੁੱਲੇ, ਫੁੱਲਦੀ ਹੈ ਜਿਵੇਂ ਲੋਹਾਰਾਂ ਵਾਲੀ ਧੌਂਕਣੀ।
ਕਦੀ ਕਰੇ ਜਮ੍ਹਾਂ ਕਦੀ ਫੌਜਾਂ ਤਕਸੀਮ ਕਰੇ, ਕਦੀ ਤਫਰੀਕ ਦੀ ਇਹ ਪੜ੍ਹੇ ਨਾ ਮੁਹਾਰਨੀ।
ਇਕ ਇਕ ਵਾਰ ਨਾ ਯਾਰਾਂ ਯਾਰਾਂ ਸਿਰੀਆਂ ਨੂੰ, ਜ਼ਰਬਾਂ ਹੈ ਦੇਈ ਜਾਂਦੀ ਬੜੀ ਹੋਣਹਾਰਨੀ।

# ਜ਼ਮੀਨ ਜਾਇਦਾਦ

## ਧਰਤੀ, ਧਨ ਨਾ ਆਪਣਾ...



# ਪੇਮੈਂਟ ਬੈਂਕ ਦੇ ਫ਼ਾਇਦੇ

**ਭਾਰਤੀ ਰਿਜ਼ਰਵ ਬੈਂਕ ਵੱਲੋਂ ਕਰੀਬ 11 ਇਕਾਈਆਂ ਨੂੰ ਪੇਮੈਂਟ ਬੈਂਕ ਲਈ ਮਨਜ਼ੂਰੀ ਦੇ ਦਿੱਤੀ ਹੈ, ਜਿਸ 'ਚ ਵੱਡੇ ਨਾਂ ਰਿਲਾਇੰਸ ਇੰਡਸਟਰੀ, ਆਦਿਤਿਆ ਬਿਰਲਾ, ਏਅਰਟੈਲ ਅਤੇ ਵੋਡਾਫੋਨ ਸ਼ਾਮਲ ਹਨ। ਅੱਜ ਅਸੀਂ ਤੁਹਾਨੂੰ ਪੇਮੈਂਟ ਬੈਂਕ ਨਾਲ ਜੁੜੀਆਂ ਕੁਝ ਗੱਲਾਂ ਬਾਰੇ ਦੱਸਾਂਗੇ...**

ਪੇਮੈਂਟ ਬੈਂਕ ਛੋਟੇ ਬੈਂਕ ਹੁੰਦੇ ਹਨ ਜੋ ਮੁੱਖ ਤੌਰ 'ਤੇ ਮੋਬਾਇਲ ਫੋਨ ਦੇ ਮਾਧਿਅਮ ਨਾਲ ਗਾਹਕਾਂ ਤਕ ਆਪਣੀ ਪਹੁੰਚ ਬਣਾਉਂਦੇ ਹਨ। ਇਸ 'ਚ ਸੁਵਿਧਾਵਾਂ ਦਾ ਲਾਭ ਲੈਣ ਲਈ ਪਰੰਪਰਾਗਤ ਤੌਰ 'ਤੇ ਬੈਂਕ ਬ੍ਰਾਂਚ ਤਕ ਪਹੁੰਚਣ ਦੀ ਜ਼ਰੂਰਤ ਨਹੀਂ ਹੁੰਦੀ।

**ਪੇਮੈਂਟ ਬੈਂਕ ਕੀ ਕਰ ਸਕਦਾ ਹੈ ਅਤੇ ਕੀ ਨਹੀਂ?**



- ਕਰਜ਼ੇ ਦੀ ਪੇਸ਼ਕਸ਼ ਨਹੀਂ ਕਰ ਸਕਦਾ। ਤੁਹਾਡੇ ਖਾਤੇ 'ਚ ਇਕ ਲੱਖ ਰੁਪਏ ਤਕ ਦੀ ਰਾਸ਼ੀ ਜਮ੍ਹਾਂ ਕਰ ਸਕਦੇ ਹਨ ਅਤੇ ਆਮ ਬੈਂਕਾਂ ਦੇ ਸੇਵਿੰਗ ਖਾਤਿਆਂ ਦੀ ਤਰ੍ਹਾਂ ਜਮ੍ਹਾਂ ਰਾਸ਼ੀ 'ਤੇ ਵਿਆਜ ਦਾ ਭੁਗਤਾਨ ਕਰ ਸਕਦੇ ਹਨ।
- ਇਸ 'ਚ ਸਿਰਫ਼ ਮੋਬਾਇਲ ਫੋਨ ਦੇ ਮਾਧਿਅਮ ਨਾਲ ਪੈਸੇ ਜਮ੍ਹਾਂ ਜਾਂ ਭੇਜੇ ਜਾ ਸਕਦੇ ਹਨ।
- ਇਹ ਹਰ ਤਰ੍ਹਾਂ ਦੀਆਂ ਸੇਵਾਵਾਂ ਤੁਹਾਨੂੰ ਉਪਲਬਧ ਕਰਵਾਉਂਦੇ ਹਨ ਜਿਵੇਂ ਕਿ ਤੁਸੀਂ ਇਸ ਜ਼ਰੀਏ ਬਿੱਲ ਦਾ ਭੁਗਤਾਨ ਵੀ ਕਰ ਸਕਦੇ ਹੋ, ਬਿਨਾ ਨਕਦੀ ਦੇ ਕੋਈ ਸਾਮਾਨ ਖ਼ਰੀਦ ਸਕਦੇ ਹੋ ਅਤੇ ਮੋਬਾਈਲ ਫੋਨ ਦੇ ਮਾਧਿਅਮ ਨਾਲ ਚੈੱਕਲੇਸ ਟ੍ਰਾਂਜ਼ੈਕਸ਼ਨ ਕਰ ਸਕਦੇ ਹੋ।
- ਇਹ ਸਿੱਧੇ ਤੌਰ 'ਤੇ ਬੈਂਕ ਖਾਤਿਆਂ 'ਚ ਪੈਸਾ ਟ੍ਰਾਂਸਫਰ ਕਰ ਸਕਦੇ ਹਨ, ਬੈਂਕ ਤੋਂ ਜੁੜਨ ਵਾਲੇ ਇਸ ਗੇਟਵੇ ਲਈ ਕੋਈ ਸ਼ੁਲਕ ਨਹੀਂ ਲਗਦਾ।
- ਇਹ ਯਾਤਰੀਆਂ ਨੂੰ ਵਿਦੇਸ਼ੀ ਮੁਦਰਾ ਕਾਰਡ ਦੇ ਸਕਦੇ ਹਨ, ਜਿਸ ਦਾ ਇਸਤੇਮਾਲ ਡੈਬਿਟ ਅਤੇ ਏਟੀਐਮ ਕਾਰਡ ਦੇ ਤੌਰ 'ਤੇ ਪੂਰੇ ਭਾਰਤ 'ਚ ਨਹੀਂ ਕੀਤਾ ਜਾ ਸਕਦਾ।
- ਇਹ ਹੋਰ ਬੈਂਕਾਂ ਦੀ ਤੁਲਨਾ 'ਚ ਘੱਟ ਸ਼ੁਲਕ 'ਤੇ ਵਿਦੇਸ਼ੀ ਮੁਦਰਾ ਸੇਵਾਵਾਂ ਦੇ ਸਕਦੇ ਹਨ।
- ਤੀਜੀ ਪਾਰਟੀ ਲਈ ਮੈਕੇਨਿਜ਼ਮ ਵੀ ਦੇ ਸਕਦੇ ਹਨ ਜਿਵੇਂ 'ਐਪਲ ਪੇਅ'। ਇਹ ਕੁਝ ਤਰੀਕੇ ਹਨ ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਭਵਿੱਖ 'ਚ ਵਿੱਤੀ ਸੁਰੱਖਿਅਤ ਰਹੋਗੇ।



# ਪੈਨਸ਼ਨ ਸਬੰਧੀ ਸਮੱਸਿਆ ਤੋਂ ਛੁਟਕਾਰਾ?

**ਦੇਸ਼ 'ਚ ਪੈਨਸ਼ਨ ਦੀ ਹਾਲਤ ਇੰਨੀ ਖ਼ਰਾਬ ਹੈ ਕਿ ਸਾਨੂੰ ਮਹਿੰਗਾਈ ਜ਼ਿਆਦਾ ਹੋਣ ਦਾ ਡਰ ਸਤਾਉਂਦਾ ਹੈ। ਲੋਕਾਂ ਦੀ ਉਮਰ ਜਦੋਂ ਕਮਾਉਣ ਦੀ ਹੁੰਦੀ ਹੈ ਤਾਂ ਵੀ ਲੋਕ ਸੀਮਿਤ ਮਾਤਰਾ 'ਚ ਬਚਤ ਕਰ ਪਾਉਂਦੇ ਹਨ। ਇਸ ਲਈ ਕਮਾਉਂਦੇ ਸਮੇਂ ਹੀ ਬੱਚਤ ਕਰਨੀ ਚਾਹੀਦੀ ਹੈ...**

ਭਾਰਤ 'ਚ ਪੈਨਸ਼ਨ ਸਮੱਸਿਆ ਵਧਾ ਕੇ ਨਹੀਂ ਬਲਕਿ ਘਟਾ ਕੇ ਦੂਰ ਕੀਤੀ ਜਾ ਸਕਦੀ ਹੈ। ਇਹ ਦਲੀਲ ਤੁਹਾਨੂੰ ਉਲਟ ਲੱਗ ਸਕਦੀ ਹੈ।

ਸਾਨੂੰ ਸਾਰਿਆਂ ਨੂੰ ਪੈਨਸ਼ਨ ਦੀ ਕਹਾਣੀ ਬਾਰੇ ਤਾਂ ਪਤਾ ਹੀ ਹੈ। ਭਾਰਤ 'ਚ ਪੈਨਸ਼ਨ ਕਵਰੇਜ ਬਹੁਤ ਘੱਟ ਹੈ। ਲੋਕਾਂ ਦੀ ਉਮਰ ਵੱਧ ਰਹੀ ਹੈ, ਇਸ ਲਈ ਆਬਾਦੀ ਵੱਧ ਰਹੀ ਹੈ। ਪਰਿਵਾਰ ਨੂੰ ਸੰਭਾਲਣ ਦੀਆਂ ਸਥਿਤੀਆਂ ਬਹੁਤ ਕਮਜ਼ੋਰ ਹੋ ਗਈਆਂ ਹਨ। ਇਹ ਸਭ ਮਿਲ ਕੇ ਇਕ ਪੈਨਸ਼ਨ ਟਾਈਮ ਬੰਮ ਬਣਾ ਰਹੇ ਹਨ। ਤਿੰਨ ਦਹਾਕੇ ਪਹਿਲਾਂ ਕੰਮ-ਕਾਜ ਤੋਂ ਲਾਚਾਰ ਅਤੇ ਪੈਸਿਆਂ ਦੀ ਤੰਗੀ ਨਾਲ ਲੜਨ ਵਾਲੇ ਬਜ਼ੁਰਗਾਂ ਦੀ ਗਿਣਤੀ ਜ਼ਿਆਦਾ ਸੀ। ਪੈਨਸ਼ਨ ਸਿਸਟਮ ਜਿਸ ਤਰ੍ਹਾਂ ਨਾਲ ਕੰਮ ਕਰਦਾ ਹੈ, ਉਸ ਦੇ ਤੌਰ ਤਰੀਕਿਆਂ 'ਚ ਤਬਦੀਲੀ ਨਹੀਂ ਆਉਂਦੀ ਤਾਂ ਅਸੀਂ ਜਲਦੀ ਹੀ ਮੁਸੀਬਤ 'ਚ ਫਸ ਜਾਵਾਂਗੇ। ਆਉਣ ਵਾਲੇ ਸਮੇਂ 'ਚ ਘੱਟ ਤੋਂ ਘੱਟ 30 ਕਰੋੜ ਬਜ਼ੁਰਗ ਹੋਣਗੇ ਅਤੇ ਉਨ੍ਹਾਂ 'ਚੋਂ ਕਈਆਂ ਦੀ ਉਮਰ 80 ਤੋਂ 90 ਸਾਲ ਹੋਵੇਗੀ। ਅਜਿਹੇ ਵੀ ਕਈ ਲੋਕ ਹੋਣਗੇ, ਜੋ ਕਮਾਉਣ ਦੀ ਉਮਰ 'ਚ ਹਰ ਸੰਭਵ ਬੱਚਤ ਕਰਨ ਦੇ ਬਾਵਜੂਦ ਬੁਢਾਪੇ 'ਚ ਪੈਸਿਆਂ ਦੀ ਮੁਸ਼ਕਲ ਨਾਲ ਸਾਹਮਣਾ ਕਰਨਗੇ।

ਅਜਿਹੀ ਹਾਲਤ 'ਚ ਕੀ ਐੱਨਪੀਐੱਸ ਸਲਿਊਸ਼ਨ ਕਾਰਗਰ ਹੋ ਸਕਦਾ ਹੈ? ਇਹ ਸਲਿਊਸ਼ਨ ਹੋ ਸਕਦਾ ਸੀ, ਜੇ ਲੋਕ ਇਸ 'ਚ ਵੱਡੀ ਸੰਖਿਆ 'ਚ ਭਾਗ ਲੈਂਦੇ। ਐੱਨਪੀਐੱਸ ਸਿਰਫ਼ ਇਨ੍ਹਾਂ ਅਰਥਾਂ 'ਚ ਕਾਮਯਾਬ ਮੰਨੀ ਜਾ ਸਕਦੀ ਹੈ ਕਿ ਇਸ ਨੇ ਸਰਕਾਰ ਦੀ ਅਗੇਤੀ ਪੈਨਸ਼ਨ ਦੇਣਦਾਰੀ ਖ਼ਤਮ ਕਰ ਦਿੱਤੀ ਹੈ। ਜਿੱਥੋਂ ਤਕ ਅਸੰਗਠਿਤ ਖੇਤਰਾਂ 'ਚ ਕਰੋੜਾਂ ਲੋਕਾਂ ਨੂੰ ਪੈਨਸ਼ਨ ਮੁਹੱਈਆ ਕਰਵਾਉਣ ਦੀ ਗੱਲ ਹੈ, ਇਸ ਦਿਸ਼ਾ 'ਚ ਕੁਝ ਖ਼ਾਸ ਨਹੀ ਹੋ ਰਿਹਾ।

ਸਰਕਾਰ ਨੇ ਇਸ ਦਿਸ਼ਾ 'ਚ ਅਹਿਮ ਕਦਮ ਚੁੱਕਦੇ ਹੋਏ ਐੱਨਪੀਐੱਸ ਦਾ ਸਸਤਾ ਵਰਜ਼ਨ ਅਟਲ ਪੈਨਸ਼ਨ ਯੋਜਨਾ ਪੇਸ਼ ਕੀਤਾ ਹੈ। ਇਸ ਸਕੀਮ 'ਚ 1000 ਤੋਂ 5000 ਰੁਪਏ ਪ੍ਰਤੀ ਮਹੀਨਾ ਤਕ ਦੇ ਪੰਜ ਪਲਾਨ ਹਨ। ਇਸ 'ਚ 1000 ਰੁਪਏ ਦੀ ਮਹੀਨਾਵਾਰ ਫੀਸ ਅਦਾ ਕਰਨੀ ਪੈਂਦੀ ਹੈ ਜਦਕਿ 5000 ਰੁਪਏ ਮਹੀਨਾਵਾਰ ਪੈਨਸ਼ਨ ਲਈ 39 ਸਾਲ ਦੇ ਵਿਅਕਤੀ ਨੂੰ 1318 ਰੁਪਏ ਮਹੀਨਾਵਾਰ ਫੀਸ ਦੇਣੀ ਪਵੇਗੀ।

ਸ਼ਹਿਰੀ ਐਸ਼ੋਆਰਾਮ 'ਚ ਜੀ ਰਿਹਾ ਭਾਰਤੀ ਨਾਗਰਿਕ ਕੁਝ ਕਹਿਣ ਦੀ ਸਥਿਤੀ 'ਚ ਨਹੀਂ ਹੋਵੇਗਾ। ਦੂਜੇ ਪਾਸੇ 1000 ਰੁਪਏ ਦੀ ਰਕਮ 40 ਸਾਲ ਤਕ ਮਹਿੰਗਾਈ ਝੱਲਣ ਤੋਂ ਬਾਅਦ ਮਹਿਜ 90 ਰੁਪਏ ਦਾ ਸਾਮਾਨ ਖ਼ਰੀਦਣਯੋਗ ਰਹਿ ਜਾਵੇਗੀ। ਰਿਟਾਇਰਮੈਂਟ 'ਤੇ ਬਸ ਇੰਨਾ ਹੀ ਮਿਲੇਗਾ ਤਾਂ ਕੀ ਫ਼ਾਇਦਾ ਹੋਵੇਗਾ? ਜੇ ਰਿਟਾਇਰਮੈਂਟ ਤੋਂ ਬਾਅਦ 20 ਸਾਲ ਹੋਰ ਜੋੜ ਲਏ ਜਾਣ ਤਾਂ ਸਾਡੀ ਮਹੀਨਾਵਾਰ ਤਨਖ਼ਾਹ ਇੰਨੀ ਨਹੀਂ ਹੋਵੇਗੀ ਕਿ ਉਸ ਤੋਂ ਲੋਕ ਸਸਤੀ ਤੋਂ ਸਸਤੀ ਜਗ੍ਹਾ 'ਤੇ ਵੀ ਇਕ ਦਿਨ ਖਾਣਾ ਖਾਧਾ ਜਾ ਸਕੇ।

ਜਿਵੇਂ ਅਸੀਂ ਸ਼ੁਰੂਆਤ 'ਚ ਕਿਹਾ ਸੀ ਕਿ ਲੋਕਾਂ ਦੀ ਪੈਨਸ਼ਨ ਦੀ ਜ਼ਰੂਰਤ ਘੱਟ ਤੋਂ ਘੱਟ ਹੋਵੇ। ਇਸ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਦੇਸ਼ 'ਚ ਪੈਨਸ਼ਨ ਦੀ ਹਾਲਤ ਇੰਨੀ ਖ਼ਰਾਬ ਹੈ ਕਿ ਸਾਨੂੰ ਮਹਿੰਗਾਈ ਜ਼ਿਆਦਾ ਹੋਣ ਅਤੇ ਪਬਲਿਕ ਹੈਲਥ ਸਿਸਟਮ ਬੇਕਾਰ ਹੋ ਜਾਣ ਦਾ ਡਰ ਸਤਾਉਂਦਾ ਹੈ। ਲੋਕਾਂ ਦੀ ਉਮਰ ਜਦੋਂ ਕਮਾਉਣ ਦੀ ਹੁੰਦੀ ਹੈ ਤਾਂ ਵੀ ਲੋਕ ਸੀਮਿਤ ਮਾਤਰਾ 'ਚ ਬਚਤ ਕਰ ਪਾਉਂਦੇ ਹਨ। ਅਜਿਹਾ ਇਨ੍ਹਾਂ ਦੋ ਕਾਰਨਾਂ ਕਰਕੇ ਹੈ। ਬੇਕਾਰ ਹੋ ਚੁੱਕਾ ਪਬਲਿਕ ਐਜੂਕੇਸ਼ਨ ਸਿਸਟਮ ਵੀ ਸਾਡੀ ਬੱਚਤ ਨੂੰ ਸੀਮਿਤ ਕਰਨ ਦਾ ਕੰਮ ਕਰਦਾ ਹੈ।

ਕੁਝ ਛੋਟੀਆਂ-ਛੋਟੀਆਂ ਚੀਜ਼ਾਂ ਵੀ ਹਨ। ਮਿਸਾਲ ਲਈ ਐੱਨਪੀਐੱਸ ਅਤੇ ਅਟਲ ਯੋਜਨਾ 'ਚ ਇਹ ਮੰਨ ਲਿਆ ਗਿਆ ਹੈ ਕਿ ਹਰ ਵਿਅਕਤੀ 60 ਸਾਲ ਦੀ ਉਮਰ 'ਚ ਕੰਮ ਕਰਨਾ ਅਤੇ ਯੋਗਦਾਨ ਦੇਣਾ ਬੰਦ ਕਰ ਦੇਵੇਗਾ ਅਤੇ ਪੈਨਸ਼ਨ ਲੈਣੀ ਸ਼ੁਰੂ ਕਰ ਦੇਵੇਗਾ। ਲੋਕ ਉਸ ਸਮੇਂ ਤਕ ਕੰਮ ਕਰਦੇ ਹਨ ਜਦੋਂ ਤਕ ਉਹ ਕਰ ਸਕਦੇ ਹਨ। ਬਹੁਤ ਸਾਰੇ ਲੋਕ ਤਾਂ 60-70 ਸਾਲ ਦੀ ਉਮਰ ਤੋਂ ਬਾਅਦ ਵੀ ਕਮਾਉਂਦੇ ਹਨ ਅਤੇ ਪੈਨਸ਼ਨ ਵੀ ਲੈਂਦੇ ਹਨ। •

# ਬਿਜ਼ਨਸ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਓ

**ਰਜਿਸਟ੍ਰੇਸ਼ਨ ਤੋਂ ਬਿਨਾ ਚਲਾਏ ਜਾਣ ਵਾਲੇ ਬਿਜ਼ਨਸ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਈ ਜਾਣੀ ਚਾਹੀਦੀ ਹੈ ਤਾਂ ਕਿ ਤੁਸੀਂ ਆਮਦਨ ਵਿਭਾਗ ਵੱਲੋਂ ਹੋਣ ਵਾਲੀ ਕਿਸੇ ਵੀ ਕਾਰਵਾਈ ਤੋਂ ਬਚ ਸਕੋ...**

ਕੇਂਦਰ ਸਰਕਾਰ ਵੱਲੋਂ ਲਏ ਗਏ ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਹੁਣ ਵਪਾਰੀ ਵਰਗ ਇਹ ਯਤਨ ਕਰਨ 'ਚ ਲੱਗਾ ਹੈ ਕਿ ਕਿਸ ਤਰ੍ਹਾਂ ਰਜਿਸਟ੍ਰੇਸ਼ਨ ਕਰਵਾਈ ਜਾਵੇ ਜਾਂ ਉਹ ਆਮਦਨ ਵਿਭਾਗ ਵੱਲੋਂ ਹੋਣ ਵਾਲੀ ਕਿਸੇ ਵੀ ਕਾਰਵਾਈ ਤੋਂ ਕਿਵੇਂ ਬਚ ਸਕਣ ਤੇ ਰਜਿਸਟਰਡ ਬਿਜ਼ਨਸ ਦੇ ਲਾਭ ਲੈ ਸਕਣ।

ਆਮਦਨ ਅਤੇ ਵੈਟ ਐਕਟ ਦੁਆਰਾ ਜਾਰੀ ਕੀਤੇ ਗਏ ਨਿਯਮਾਂ ਦਾ ਪਾਲਣ ਕਰ ਕੇ ਤੁਸੀਂ ਕਿਵੇਂ ਆਪਣੀ ਰਾਹ ਆਸਾਨ ਬਣਾ ਸਕਦੇ ਹੋ? ਆਓ, ਜਾਣਦੇ ਹਾਂ ਕਿ ਕਿੰਨੀ ਆਸਾਨੀ ਨਾਲ ਤੁਸੀਂ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾ ਸਕਦੇ ਹੋ ਅਤੇ ਉਸ ਦਾ ਤੁਹਾਨੂੰ ਕੀ ਫ਼ਾਇਦਾ ਹੋਵੇਗਾ।



### 1. ਇਕ ਰਜਿਸਟਰਡ ਵਪਾਰੀ ਦੇ ਰੂਪ 'ਚ ਕੰਮ ਕਰਨ ਦੇ ਲਾਭ

- ਈ-ਬਿਜ਼ਨਸ ਦੀ ਤਰ੍ਹਾਂ ਗਲੋਬਲ ਪੱਧਰ 'ਤੇ ਵਪਾਰ ਨੂੰ ਵਧਾਉਣ ਦੇ ਜ਼ਿਆਦਾ ਮੌਕੇ ਮਿਲਣਗੇ।
- ਉਧਾਰ ਲੈਣ ਦੇ ਜ਼ਿਆਦਾ ਸਾਧਨਾਂ ਦੀ ਉਪਲਬਧਤਾ ਹੈ, ਵਿਸ਼ੇਸ਼ ਤੌਰ 'ਤੇ ਐੱਮਐੱਸਐੱਮਈ ਰਜਿਸਟਰ ਲਈ (ਲਘੂ ਤੇ ਦਰਮਿਆਨੇ ਕਾਰੋਬਾਰ 'ਤੇ)
- ਬਰਾਮਦ ਵਧਾਉਣ ਦੇ ਮੌਕੇ ਵਧਦੇ ਹਨ ਪਰ ਇਸ ਦੇ ਲਈ ਆਯਾਤ-ਨਿਰਯਾਤ ਕੋਡ ਲੈਣ ਦੀ ਜ਼ਰੂਰਤ ਹੁੰਦੀ ਹੈ।
- ਆਪਣੇ ਵਪਾਰ ਨੂੰ ਪੇਟੈਂਟ ਜ਼ਰੂਰ ਕਰਵਾਓ।

### 2. ਬਿਜ਼ਨਸ ਨੂੰ ਕਿੱਥੇ ਰਜਿਸਟਰਡ ਕਰਵਾਇਆ ਜਾਵੇ?

- ਬਹੁਤ ਸਾਰੇ ਬਿਜ਼ਨਸਮੈਨ ਅਤੇ ਸਰਵਿਸ ਪ੍ਰੋਵਾਈਡਰ ਇਸ ਗੱਲ ਤੋਂ ਅਣਜਾਣ ਹੁੰਦੇ ਹਨ ਕਿ ਉਹ ਸਰਕਾਰ ਨੂੰ ਸਾਧਾਰਨ ਫ਼ੀਸਦੀ ਭੁਗਤਾਨ ਕਰ ਕੇ ਆਪਣੇ ਬਿਜ਼ਨਸ ਨੂੰ ਰਜ਼ਿਸਟਰਡ ਕਰਵਾ ਸਕਦੇ ਹਨ।
- ਤੁਸੀਂ ਚਾਹੇ ਟ੍ਰੇਡਰ ਹੋਵੇ ਜਾਂ ਹੋਲ-ਸੇਲਰ ਜਾਂ ਐਕਸਪੋਰਟਰ ਜਾਂ ਫਿਰ ਸਾਮਾਨ ਦੀ ਖ਼ਰੀਦ ਜਾਂ ਵਿੱਕਰੀ ਨਾਲ ਸਬੰਧਤ ਹੋ, ਤੁਹਾਨੂੰ ਆਪਣੇ ਸੂਬੇ ਦੇ ਵੈਟ ਐਕਟ ਤਹਿਤ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ।
- ਜੇ ਤੁਸੀਂ ਦਿੱਲੀ 'ਚ ਬਿਜ਼ਨਸ ਕਰ ਰਹੇ ਹੋ ਤਾਂ ਤੁਸੀਂ ਸਿਰਫ਼ 1025 ਰੁਪਏ ਦੇ ਭੁਗਤਾਨ ਨਾਲ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾ ਸਕਦੇ ਹੋ।
- ਜੇ ਤੁਸੀਂ ਸਰਵਿਸ ਪ੍ਰੋਵਾਈਡਰ ਹੋ ਤਾਂ ਤੁਸੀਂ ਬਿਨਾ ਕਿਸੇ ਫੀਸ ਦੇ ਸੈਂਟਰਲ ਬੋਰਡ ਅਤੇ ਉਤਪਾਦ ਤੋਂ ਇਲਾਵਾ ਐਕਸਾਈਜ਼ ਡਿਪਾਰਟਮੈਂਟ ਦੀ ਸਾਈਟ www.aces.gov.in 'ਤੇ ਜਾ ਕੇ ਆਪਣਾ ਬਿਜ਼ਨਸ ਰਜਿਸਟਰਡ ਕਰਵਾ ਸਕਦੇ ਹੋ।
- ਜੇ ਤੁਸੀਂ ਇਕ ਨਿਰਮਾਤਾ ਹੋ, ਉਤਪਾਦ ਸ਼ੁਲਕ ਵਾਲੀਆਂ ਵਸਤੂਆਂ ਦਾ ਨਿਰਮਾਣ ਕਰਦੇ ਹੋ, ਤੁਹਾਡਾ ਲੈਣ-ਦੇਣ 90 ਲੱਖ ਰੁਪਏ ਤੋਂ ਜ਼ਿਆਦਾ ਹੈ ਤਾਂ ਤੁਸੀਂ ਕੇਂਦਰੀ ਉਤਪਾਦ ਤੇ ਸੀਮਾ ਸ਼ੁਲਕ ਬੋਰਡ ਕੋਲ ਆਪਣੀ ਰਜਿਸਟ੍ਰੇਸ਼ਨ ਕਰਵਾਉਣੀ ਹੁੰਦੀ ਹੈ।
- ਜੇ ਤੁਸੀਂ ਵਸਤੂਆਂ ਅਤੇ ਸੇਵਾਵਾਂ ਦੇ ਐਕਸਪੋਰਟਰ ਦੇ ਰੂਪ 'ਚ ਆਪਣਾ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਵਿਦੇਸ਼ ਮਹਾਨਿਰਦੇਸ਼ਕ ਤੋਂ ਆਯਾਤ-ਨਿਰਯਾਤ ਕੋਡ ਲੈਣ ਦੀ ਜ਼ਰੂਰਤ ਹੋਵੇਗੀ।

### 3. ਕੌਣ ਕਰਵਾ ਸਕਦਾ ਹੈ ਰਜਿਸਟ੍ਰੇਸ਼ਨ?

- ਕੇਂਦਰ ਸਰਕਾਰ ਅਤੇ ਕਿਸੇ ਵੀ ਸੂਬਾ ਸਰਕਾਰ ਤੋਂ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਨਾ ਤਾਂ ਕੰਪਨੀ ਦਾ ਗਠਨ ਕਰਨ ਦੀ ਜ਼ਰੂਰਤ ਹੁੰਦੀ ਹੈ ਅਤੇ ਨਾ ਹੀ ਫਰਮ ਬਣਾਉਣ ਦੀ। ਵਿਅਕਤੀ ਆਪਣੇ ਨਾਂ 'ਤੇ ਮਾਲਿਕਾਨਾ ਹੱਕ ਦੇ ਤੌਰ 'ਤੇ ਰਜਿਸਟ੍ਰੇਸ਼ਨ ਪ੍ਰਾਪਤ ਕਰ ਸਕਦਾ ਹੈ।
- ਰਜਿਸਟ੍ਰੇਸ਼ਨ ਕਰਵਾਉਣ ਵਾਲੇ ਵਿਅਕਤੀ ਨੂੰ ਇਕ ਫੋਟੋ, ਪੈਨ ਕਾਰਡ ਨੰਬਰ, ਆਧਾਰ, ਬੈਂਕ ਅਕਾਊਂਟ ਡਿਟੇਲ ਅਤੇ ਰਿਹਾਇਸ਼ੀ ਸਬੂਤ ਦੇਣਾ ਪੈਂਦਾ ਹੈ। •

## ਫੈਂਗਸ਼ੂਈ



# ਖ਼ਤਰਨਾਕ ਹੈ ਰਸੋਈ ਘਰ 'ਚ ਲੱਗਿਆ ਸ਼ੀਸ਼ਾ

- ਸ਼ੀਸ਼ਾ ਹਮੇਸ਼ਾ ਘਰ 'ਚ ਪੂਰਬੀ, ਦੱਖਣ-ਪੂਰਬੀ, ਉੱਤਰ ਤੇ ਪੱਛਮ ਦਿਸ਼ਾ ਦੀ ਦੀਵਾਰ 'ਤੇ ਲਗਾਉਣਾ ਵਧੀਆ ਮੰਨਿਆ ਜਾਂਦਾ ਹੈ।
- ਘਰ 'ਚ ਪ੍ਰਵੇਸ਼ ਕਰਦੇ ਹੋਏ ਇਕਦਮ ਸਾਹਮਣੇ ਸ਼ੀਸ਼ਾ ਨਹੀਂ ਲੱਗਾ ਹੋਣਾ ਚਾਹੀਦਾ, ਮੰਨਿਆ ਜਾਂਦਾ ਹੈ ਕਿ ਘਰ 'ਚ ਪ੍ਰਵੇਸ਼ ਕਰਨ ਵਾਲੀ ਸਾਕਾਰਾਤਮਿਕ ਊਰਜਾ ਸ਼ੀਸ਼ੇ ਨਾਲ ਟਕਰਾਅ ਕੇ ਬਾਹਰ ਚਲੀ ਜਾਂਦੀ ਹੈ।
- ਰਸੋਈ ਘਰ 'ਚ ਚੁੱਲ੍ਹੇ ਕੋਲ ਸ਼ੀਸ਼ੇ ਦਾ ਹੋਣਾ ਸਿਹਤ ਲਈ ਖ਼ਤਰਨਾਕ ਮੰਨਿਆ ਜਾਂਦਾ ਹੈ।
- ਦੁਕਾਨ 'ਚ ਇਕ ਸ਼ੀਸ਼ਾ ਇਸ ਤਰ੍ਹਾਂ ਲਗਾਓ ਕਿ ਉਸ 'ਚ ਕੈਸ਼ ਕਾਊਂਟਰ ਦਿਖਾਈ ਦਵੇ। ਫੈਂਗਸ਼ੂਈ 'ਚ ਅਜਿਹਾ ਕਰਨ ਨਾਲ ਘਰ 'ਚ ਸਾਕਾਰਾਤਮਿਕ ਊਰਜਾ ਆਉਂਦੀ ਹੈ। ਜੇ ਕੈਸ਼ ਕਾਊਂਟਰ ਦਾ ਪ੍ਰਤੀਬਿੰਬ ਇਕ ਤੋਂ ਜ਼ਿਆਦਾ ਸ਼ੀਸ਼ਿਆਂ 'ਚ ਦਿਖਾਈ ਦਵੇਗਾ ਤਾਂ ਧਨ ਹਾਨੀ ਹੋਵੇਗੀ।
- ਡਾਈਨਿੰਗ ਟੇਬਲ ਕੋਲ ਇਕ ਵੱਡਾ ਸ਼ੀਸ਼ਾ ਇਸ ਤਰ੍ਹਾਂ ਲਗਾਓ ਕਿ ਉਸ 'ਚ ਭੋਜਨ ਵਾਲਾ ਟੇਬਲ ਅਤੇ ਉਸ 'ਤੇ ਰੱਖਿਆ ਖਾਣਾ ਦਿਖਾਈ ਦਿੰਦਾ ਹੋਵੇ। ਅਜਿਹਾ ਕਰਨ ਨਾਲ ਭੋਜਨ ਕਦੇ ਘੱਟ ਨਹੀ ਹੋਵੇਗਾ।
- ਸੌਂਦੇ ਸਮੇਂ ਸਰੀਰ ਦਾ ਕੋਈ ਵੀ ਭਾਗ ਸ਼ੀਸ਼ੇ 'ਚ ਦਿਖਾਈ ਨਾ ਦੇਵੇ ਨਹੀਂ ਤਾਂ ਹੌਲੀ-ਹੌਲੀ ਉਸ ਹਿੱਸੇ 'ਚ ਦਰਦ ਜਾਂ ਬਿਮਾਰੀ ਪੈਦਾ ਹੋ ਜਾਂਦੀ ਹੈ। ਘਰ 'ਚ ਟੁੱਟਾ ਸ਼ੀਸ਼ਾ ਨਾ ਰੱਖੋ। •



## ਜ਼ਰੂਰੀ ਜਾਣਕਾਰੀ

# ਬੈਂਕ ਨੇ ਸ਼ੁਰੂ ਕੀਤੇ ਨਵੇਂ ਨਿਯਮ

ਸਟੇਟ ਬੈਂਕ ਆਫ ਇੰਡੀਆ ਨੇ ਸਹਿਯੋਗੀ ਬੈਂਕਾਂ ਦੇ ਫਿਊਜ਼ਨ ਤੋਂ ਬਾਅਦ ਫਿਰ ਤੋਂ ਖਾਤੇ 'ਚ ਘੱਟ ਤੋਂ ਘੱਟ ਰਾਸ਼ੀ ਨਾ ਹੋਣ 'ਤੇ ਜੁਰਮਾਨਾ ਵਸੂਲਣਾ ਸ਼ੁਰੂ ਕਰ ਦਿੱਤਾ ਹੈ। ਪੰਜ ਸਾਲ ਤੋਂ ਬਾਅਦ ਇਹ ਜੁਰਮਾਨਾ ਅਪ੍ਰੈਲ ਤੋਂ ਦੇਸ਼ 'ਚ ਲਾਗੂ ਹੋ ਗਿਆ। ਇਸ ਤੋਂ ਇਲਾਵਾ ਬੈਂਕ ਨੇ ਏਟੀਐਮ ਤਹਿਤ ਹੋਰ ਸੇਵਾਵਾਂ ਦੇ ਸ਼ੁਲਕ 'ਚ ਵੀ ਤਬਦੀਲੀਆਂ ਕੀਤੀਆਂ ਹਨ। ਐਸਬੀਆਈ ਵੱਲੋਂ ਕੀਤੀਆਂ ਗਈਆਂ ਤਬਦੀਲੀਆਂ ਤੋਂ ਬਾਅਦ ਸਰਵਿਸ ਚਾਰਜ ਕਟੌਤੀ ਨੂੰ ਲੈ ਕੇ ਗ੍ਰਾਹਕ ਪਰੇਸ਼ਾਨੀ 'ਚ ਹਨ।

### ਘੱਟ ਬੈਲੇਂਸ (ਬਕਾਏ) 'ਤੇ


- 75 ਫ਼ੀਸਦੀ ਤੋਂ ਜ਼ਿਆਦਾ ਦੀ ਕਮੀ 'ਤੇ ਸਰਵਿਸ ਟੈਕਸ ਦੇ ਨਾਲ 100 ਰੁਪਏ ਦਾ ਚਾਰਜ
- 50 ਤੋਂ 75 ਫ਼ੀਸਦੀ ਵਿਚਕਾਰ ਸਰਵਿਸ ਟੈਕਸ ਦੇ ਨਾਲ 75 ਰੁਪਏ ਦਾ ਚਾਰਜ
- 50 ਫ਼ੀਸਦੀ ਤੋਂ ਘੱਟ ਬਕਾਏ 'ਤੇ ਸਰਵਿਸ ਟੈਕਸ ਦੇ ਨਾਲ 50 ਰੁਪਏ
- ਗ੍ਰਾਮੀਣ ਖੇਤਰਾਂ 'ਚ ਇਕ ਹਜ਼ਾਰ ਦਾ ਬਕਾਇਆ ਨਾ ਹੋਣ 'ਤੇ ਸਰਵਿਸ ਟੈਕਸ ਦੇ ਨਾਲ 20 ਤੋਂ 50 ਰੁਪਏ ਤਕ ਜੁਰਮਾਨਾ।

### ਇਹ ਹਨ ਨਿਯਮ

- ਬਚਤ ਖਾਤਾਧਾਰਕਾਂ ਨੂੰ ਮਹੀਨੇ 'ਚ ਤਿੰਨ ਵਾਰ ਬਿਨਾ ਸ਼ੁਲਕ ਨਕਦ ਪੈਸਾ ਜਮ੍ਹਾਂ ਕਰਨ ਦੀ ਇਜਾਜ਼ਤ ਹੈ। ਇਸ ਤੋਂ ਬਾਅਦ ਹਰ ਲੈਣ-ਦੇਣ 'ਤੇ 50 ਰੁਪਏ ਸ਼ੁਲਕ ਤੇ ਸੇਵਾ ਕਰ ਲੱਗੇਗਾ। ਚਾਲੂ ਖਾਤਿਆਂ ਦੇ ਮਾਮਲੇ 'ਚ ਇਹ ਸ਼ੁਲਕ ਜ਼ਿਆਦਾਤਰ 20 ਹਜ਼ਾਰ ਰੁਪਏ ਵੀ ਹੋ ਸਕਦਾ ਹੈ।
- ਹੋਰ ਬੈਂਕਾਂ ਦੇ ਏਟੀਐਮ 'ਚ ਮਹੀਨੇ 'ਚ ਤਿੰਨ ਵਾਰ ਤੋਂ ਜ਼ਿਆਦਾ ਨਿਕਾਸੀ 'ਤੇ 20 ਰੁਪਏ ਅਤੇ ਐਸਬੀਆਈ ਦੇ ਏਟੀਐਮ ਤੋਂ ਪੰਜ ਤੋਂ ਜ਼ਿਆਦਾ ਕਢਵਾਉਣ 'ਤੇ ਹਰ ਵਾਰ ਦਸ ਰੁਪਏ ਸ਼ੁਲਕ ਦੇਣਾ ਹੋਵੇਗਾ।
- ਖਾਤੇ 'ਚ 25 ਹਜ਼ਾਰ ਤੋਂ ਜ਼ਿਆਦਾ ਬਕਾਇਆ ਹੋਣ 'ਤੇ ਐਸਬੀਆਈ ਏਟੀਐਮ 'ਤੇ ਕੋਈ ਚਾਰਜ ਨਹੀਂ ਲੱਗੇਗਾ। ਉੱਥੇ ਖਾਤੇ 'ਚ ਇਕ ਲੱਖ ਰੁਪਏ ਤੋਂ ਜ਼ਿਆਦਾ ਬਕਾਇਆ ਹੋਣ 'ਤੇ ਹੋਰ ਬੈਂਕਾਂ ਦੇ ਏਟੀਐਮ ਸ਼ੁਲਕ ਤੋਂ ਮੁਕਤ ਹੋਣਗੇ।

\- ਤਿੰਨ ਮਹੀਨੇ 'ਚ ਔਸਤ 25 ਹਜ਼ਾਰ ਬਕਾਇਆ ਰੱਖਣ ਵਾਲੇ ਗਾਹਕਾਂ ਤੋਂ ਹਰ ਤਿਮਾਹੀ 15 ਰੁਪਏ ਐਮਐਮਐਸ ਚਾਰਜ ਦੇ ਤੌਰ 'ਤੇ ਲਏ ਜਾਣਗੇ। ਪਰ ਇਕ ਹਜ਼ਾਰ ਰੁਪਏ ਤਕ ਦੇ ਯੂਪੀਆਈ ਯੂਐਸਐਸਡੀ ਟ੍ਰਾਂਜ਼ੈਕਸ਼ਨ 'ਤੇ ਕੋਈ ਚਾਰਜ ਨਹੀਂ ਲੱਗੇਗਾ। •

## ਜੀਵਨ ਬੀਮਾ



**ਪਰਿਵਾਰ ਦੀ ਆਰਥਿਕ ਸੁਰੱਖਿਆ ਦੇ ਲਿਹਾਜ਼ ਨਾਲ ਲਾਈਫ ਇੰਸ਼ੋਰੈਂਸ ਦੀ ਚੋਣ ਕਾਫ਼ੀ ਬਿਹਤਰ ਰਹਿੰਦੀ ਹੈ। ਦੇਸ਼ 'ਚ ਕਾਫ਼ੀ ਲੋਕ ਜੀਵਨ ਬੀਮਾ ਕਰਵਾਉਂਦੇ ਹਨ ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਇਹ ਵੀ ਪਤਾ ਹੀ ਨਹੀਂ ਹੁੰਦਾ ਕਿ ਜੀਵਨ ਬੀਮਾ ਕਿੰਨੇ ਤਰ੍ਹਾਂ ਦਾ ਹੁੰਦਾ ਹੈ। ਆਓ, ਜੀਵਨ ਬੀਮਾ ਦੀਆਂ ਕਿਸਮਾਂ ਬਾਰੇ ਜਾਣਕਾਰੀ ਹਾਸਲ ਕਰੀਏ, ਤਾਂ ਜੋ ਪਲਾਨ ਲੈਣ 'ਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ...**

ਜੀਵਨ ਬੀਮਾ ਇਕ ਅਜਿਹਾ ਲਿਖਤੀ ਸਮਝੌਤਾ ਹੈ, ਜਿਸ ਤਹਿਤ ਕਿਸੇ ਘਟਨਾ ਦੇ ਵਾਪਰਨ ਜਾਂ ਕਿਸੇ ਦੀ ਮੌਤ ਹੋਣ ਦੀ ਸਥਿਤੀ 'ਚ ਤੈਅ ਕੀਤੀ ਗਈ ਰਕਮ ਅਦਾ ਕੀਤੀ ਜਾਂਦੀ ਹੈ। ਕੁਲ ਮਿਲਾ ਕੇ ਜੀਵਨ ਬੀਮਾ ਮੌਤ ਦੀ ਵਜ੍ਹਾ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਘੱਟ ਕਰਨ ਦਾ ਇਕ ਬਦਲ ਹੈ।

**ਲਾਈਫ ਇੰਸ਼ੋਰੈਂਸ ਦੋ ਤਰ੍ਹਾਂ ਦਾ ਹੁੰਦਾ ਹੈ**

### 1. ਪਿਓਰ ਲਾਈਫ ਇੰਸ਼ੋਰੈਂਸ – ਟਰਮ ਇੰਸ਼ੋਰੈਂਸ ਪਾਲਿਸੀ

ਇਹ ਇੰਸ਼ੋਰੈਂਸ ਸਭ ਤੋਂ ਜ਼ਿਆਦਾ ਸਸਤਾ ਤੇ ਆਸਾਨ ਹੁੰਦਾ ਹੈ। ਇਸ ਵਿਚ ਇਕ ਵਿਸ਼ੇਸ਼ ਸੀਮਾ ਲਈ ਆਰਥਿਕ ਸੁਰੱਖਿਆ ਉਪਲਬਧ ਕਰਵਾਈ ਜਾਂਦੀ ਹੈ। ਇਹ ਸੀਮਾ 15 ਤੋਂ 20 ਸਾਲ ਦੀ ਹੋ ਸਕਦੀ ਹੈ। ਟਰਮ ਇੰਸ਼ੋਰੈਂਸ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਇਸ ਦੁਨੀਆ 'ਚ ਨਾ ਰਹਿਣ 'ਤੇ ਤੁਹਾਡੇ ਪਰਿਵਾਰ ਨੂੰ ਯਕਮੁਸ਼ਤ ਰਾਸ਼ੀ ਮਿਲ ਜਾਵੇ। ਜੇ ਬੀਮਾਧਾਰਕ ਨੂੰ ਪਾਲਿਸੀ ਦੌਰਾਨ ਕੁਝ ਵੀ ਹੁੰਦਾ ਹੈ ਤਾਂ ਕਿਸੇ ਦਾ ਵੀ ਕੋਈ ਨੁਕਸਾਨ ਨਾ ਹੋਵੇ। ਇਸ ਦਾ ਪ੍ਰੀਮੀਅਮ ਹੋਰ ਪਾਲਿਸੀਆਂ ਤੋਂ ਵੀ ਸਸਤਾ ਹੁੰਦਾ ਹੈ।

### ਹੋਲ ਲਾਈਫ ਪਾਲਿਸੀ

ਇਹ ਇਸ਼ੋਰੈਂਸ ਅਤੇ ਨਿਵੇਸ਼ ਦਾ ਦੋਹਰਾ ਲਾਭ ਦਿੰਦੀ ਹੈ। ਹੋਲ ਲਾਈਫ ਇੰਸ਼ੋਰੈਂਸ ਪਾਲਿਸੀ ਜੀਵਨ ਭਰ ਲਈ ਜਾਂ 100 ਸਾਲ ਦੀ ਉਮਰ ਤਕ ਲਈ ਇੰਸ਼ੋਰੈਂਸ ਕਵਰ ਦਿੰਦੀ ਹੈ। ਇਸ ਤੋਂ ਇਲਾਵਾ ਇੰਸ਼ੋਰੈਂਸ ਕੰਪਨੀ ਸਮ-ਇੰਸ਼ੋਰਡ (ਇਕਮੁਸ਼ਤ ਰਾਸ਼ੀ) 'ਤੇ ਬੋਨਸ ਵੀ ਕੈਲਕੂਲੇਟ ਕਰਦੀ ਹੈ, ਇਹ ਰਾਸ਼ੀ ਬੀਮਾਧਾਰਕ ਦੇ ਨਾ ਰਹਿਣ 'ਤੇ ਬੀਮਾਧਾਰਕ ਵੱਲੋਂ ਨਾਮਜ਼ਦ ਕਰਵਾਏ ਗਏ ਵਿਅਕਤੀ ਨੂੰ ਦਿੱਤੀ ਜਾਂਦੀ ਹੈ।

### ਮਨੀ ਬੈਕ ਲਾਈਫ ਇੰਸ਼ੋਰੈਂਸ ਪਾਲਿਸੀ

ਇਸ ਪਾਲਿਸੀ ਤਹਿਤ ਬੀਮਾ ਕੰਪਨੀਆਂ ਬੀਮਾਧਾਰਕ ਨੂੰ ਸਮੇਂ-ਸਮੇਂ 'ਤੇ ਕੁਝ ਰਾਸ਼ੀ ਵਾਪਸ ਕਰਦੀ ਹੈ। ਇਹ ਸਿਲਸਿਲਾ ਉਸ ਸਮੇਂ ਤਕ ਜਾਰੀ ਰਹਿੰਦਾ ਹੈ ਜਦ ਤਕ ਪਾਲਿਸੀ ਚੱਲਦੀ ਰਹਿੰਦੀ ਹੈ, ਭਾਵ ਉਸ ਦੀ ਤੈਅ ਮਿਆਦ ਪੂਰੀ ਨਹੀਂ ਹੋ ਜਾਂਦੀ। ਇਸ ਤੋਂ ਇਲਾਵਾ ਇਸ ਤਹਿਤ ਬੀਮਾਧਾਰਕ ਦੀ ਮੌਤ ਹੋ ਜਾਣ 'ਤੇ ਇਕਮੁਸ਼ਤ ਰਾਸ਼ੀ ਉਸ ਦੇ ਵਾਰਿਸਾਂ ਨੂੰ ਦੇ ਦਿੱਤੀ ਜਾਂਦੀ ਹੈ।

### ਇਨਡਾਵਮੈਂਟ ਪਾਲਿਸੀ

ਇਹ ਤੁਹਾਨੂੰ ਇੰਸ਼ੋਰੈਂਸ ਅਤੇ ਨਿਵੇਸ਼, ਦੋਵਾਂ ਦੇ ਲਾਭ ਦਿੰਦੀ ਹੈ। ਭਾਵ ਖ਼ਤਰੇ ਤੋਂ ਸੁਰੱਖਿਆ ਦੇਣ ਦੇ ਨਾਲ-ਨਾਲ ਇਹ ਵਿੱਤੀ ਬੱਚਤ ਦਾ ਇਕ ਉਤਪਾਦ ਹੈ। ਬੀਮਾਧਾਰਕ ਦੇ ਪ੍ਰੀਮੀਅਮ ਨੂੰ ਦੋ ਹਿੱਸਿਆਂ 'ਚ ਵੰਡਿਆ ਜਾਂਦਾ ਹੈ। ਦੂਜੇ ਹਿੱਸੇ ਦਾ ਮਾਰਕੀਟ ਟੂਲ ਵਾਂਗ ਇਕੁਇਟੀ ਅਤੇ ਡੇਟ 'ਚ ਨਿਵੇਸ਼ ਕੀਤਾ ਜਾਂਦਾ ਹੈ।

**2. ਇੰਸ਼ੋਰੈਂਸ ਕਮ ਇਨਵੈਸਟਮੈਂਟ**

**– ਯੂਨਿਟ ਲਿੰਕਡ ਇੰਸ਼ੋਰੈਂਸ ਪਲਾਨ (ਯੂਲਿਪ)**

ਯੂਲਿਪ 'ਚ ਪ੍ਰੀਮੀਅਮ ਦਾ ਇਕ ਹਿੱਸਾ ਬੀਮਾਧਾਰਕ ਨੂੰ ਲਾਈਫ ਕਵਰ ਉਪਲਬਧ ਕਰਵਾਉਣ ਦੀ ਮੱਦ 'ਚ ਨਿਵੇਸ਼ ਹੋ ਜਾਂਦਾ ਹੈ, ਜਦਕਿ ਬਾਕੀ ਬਚਿਆ ਹੋਇਆ ਹਿੱਸਾ ਇਕੁਇਟੀ ਅਤੇ ਡੈਬਿਟ 'ਚ ਨਿਵੇਸ਼ ਕਰ ਦਿੱਤਾ ਜਾਂਦਾ ਹੈ। ਯੂਲਿਪ 'ਚ ਨਿਵੇਸ਼ ਨਾਲ ਤੁਹਾਡੇ ਅੰਦਰ ਇਕ ਨਿਸ਼ਚਿਤ ਸੇਵਿੰਗ ਦੀ ਆਦਤ ਪੈਦਾ ਹੋ ਜਾਂਦੀ ਹੈ ਜੋ ਤੁਹਾਡੀ ਪੂੰਜੀ ਨੂੰ ਵਧਾਉਣ 'ਚ ਮਦਦਗਾਰ ਹੁੰਦੀ ਹੈ। ਅਜਿਹੀਆਂ ਕਈ ਪਾਲਿਸੀਆਂ ਬੀਮਾਧਾਰਕ ਦੇ ਫ਼ਾਇਦੇ ਲਈ ਬਣਾਈਆਂ ਗਈਆਂ ਹਨ। ਜਿਨ੍ਹਾਂ ਨੂੰ ਛੋਟੇ ਅਤੇ ਵੱਡੇ ਰੂਪ 'ਚ ਲਿਆ ਜਾ ਸਕਦਾ ਹੈ। •

# ਬੈਂਕ ਨਹੀਂ ਤਨਖ਼ਾਹ ਤੈਅ ਕਰਦੀ ਹੈ- ਕਰਜ਼

ਜੇ ਤੁਸੀਂ ਨੌਕਰੀਪੇਸ਼ਾ ਹੋ ਤਾਂ ਹਰ ਮਹੀਨੇ ਤੁਹਾਡੇ ਖਾਤੇ 'ਚ ਇਕ ਨਿਸ਼ਚਿਤ ਰਕਮ ਆਉਂਦੀ ਹੋਵੇਗੀ। ਆਪਣੇ ਘਰ ਤੋਂ ਦੂਰ ਕਿਸੇ ਦੂਜੇ ਸ਼ਹਿਰ 'ਚ ਆਮਤੌਰ 'ਤੇ ਤਿੰਨ ਚਾਰ ਸਾਲ ਦੀ ਨੌਕਰੀ ਤੋਂ ਬਾਅਦ ਲੋਕ ਮਕਾਨ ਅਤੇ ਗੱਡੀ ਖ਼ਰੀਦਣ ਦੀ ਯੋਜਨਾ ਬਣਾਉਣ ਲੱਗ ਜਾਂਦੇ ਹਨ। ਇਸ ਯੋਜਨਾ 'ਚ ਕਿਸੇ ਵੀ ਤਰ੍ਹਾਂ ਦੀ ਫਾਈਨਾਂਸ਼ੀਅਲ ਉਲਝਣ ਨੂੰ ਬੈਂਕ ਦੂਰ ਕਰ ਦਿੰਦੇ ਹਨ ਜੋ ਆਪਣੇ ਗਾਹਕ ਨੂੰ ਆਕਰਸ਼ਕ ਕਰਨ ਲਈ ਹਮੇਸ਼ਾ ਆਫਰ ਪੇਸ਼ ਕਰਦੇ ਰਹਿੰਦੇ ਹਨ। ਪਰ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਬੈਂਕ ਤੁਹਾਡੇ ਕਰਜ਼ ਦੀ ਅਰਜ਼ੀ ਨੂੰ ਮਨਜ਼ੂਰੀ ਨਹੀਂ ਦਿੰਦਾ। ਇਸ ਦੀ ਮੁੱਖ ਵਜ੍ਹਾ ਕਰਜ਼ ਲੈਣ ਵਾਲੇ ਵਿਅਕਤੀ ਦੀ ਆਰਥਿਕ ਸੇਵਿੰਗ ਦਾ ਨਾ ਹੋਣਾ ਹੈ। ਅਜਿਹੇ 'ਚ ਅਸੀਂ ਤੁਹਾਨੂੰ ਇਸ ਲੇਖ ਜ਼ਰੀਏ ਇਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗੇ ਕਿ ਕਿਨ੍ਹਾਂ ਪੈਰਾਮੀਟਰ ਦੇ ਆਧਾਰ 'ਤੇ ਬੈਂਕ ਤੁਹਾਨੂੰ ਕਰਜ਼ ਮੁਹੱਈਆ ਕਰਾਉਂਦੇ ਹਨ।



### ਪਹਿਲਾ ਕਦਮ

ਕਰਜ਼ ਲੈਣ ਵਾਲਾ ਵਿਅਕਤੀ ਕਿੰਨੀ ਈਐੱਮਆਈ ਚੁਕਾਉਣ 'ਚ ਸਮਰੱਧ ਹੈ, ਬੈਂਕ ਇਸ ਆਧਾਰ 'ਤੇ ਕਰਜ਼ ਮਨਜ਼ੂਰ ਕਰਦੇ ਹਨ। ਕਰਜ਼ ਦੇਣ ਤੋਂ ਪਹਿਲਾਂ ਬੈਂਕ ਵਿਅਕਤੀ ਦਾ ਆਮਦਨ ਸਟੇਟਮੈਂਟ ਦੇਖਦੇ ਹਨ। ਇਸ ਲਈ ਬੈਂਕ ਤੁਹਾਡੀ ਸੈਲਰੀ ਸਲਿੱਪ, ਟੈਕਸ ਰਿਟਰਨ ਜਾਂ ਫਿਰ ਸੈਲਰੀ ਅਕਾਊਂਟ ਵਾਲਾ ਬੈਂਕ ਸਟੇਟਮੈਂਟ ਮੰਗਦੀ ਹੈ। ਬੈਂਕ ਤੁਹਾਡੀ ਕੁਲ ਮਹੀਨਾਵਾਰ ਆਮਦਨ 'ਚ ਤਨਖ਼ਾਹ, ਰੈਂਟਲ ਆਮਦਨ ਆਦਿ ਜੋੜ ਕੇ ਦੇਖਦਾ ਹੈ। ਇਹ ਸਾਰੀਆਂ ਜਾਣਕਾਰੀਆਂ ਤੁਹਾਡੀ ਬੈਂਕ ਸਟੇਟਮੈਂਟ 'ਚ ਹੁੰਦੀਆਂ ਹਨ।

### ਦੂਜਾ ਕਦਮ

ਕਰਜ਼ ਲੈਣ ਵਾਲੇ ਵਿਅਕਤੀ ਦੀ ਆਮਦਨ ਨੂੰ ਪਰਖਣ ਤੋਂ ਬਾਅਦ ਬੈਂਕ ਬੱਚਤ ਨੂੰ ਕੈਲਕੂਲੇਟ ਕਰਦਾ ਹੈ। ਬੱਚਤ ਆਮਤੌਰ 'ਤੇ ਆਮਦਨ ਦੀ ਸਤ੍ਹਾ ਅਤੇ ਰਹਿਣ-ਸਹਿਣ 'ਤੇ ਨਿਰਭਰ ਕਰਦੀ ਹੈ। ਇਸ ਲਈ ਬੈਂਕ ਥੰਬ-ਰੂਲ ਆਫ 30 ਅਪਨਾਉਂਦਾ ਹੈ। ਮੰਨ ਲਓ ਤੁਸੀਂ 50,000 ਰੁਪਏ ਮਹੀਨੇ ਕਮਾਉਂਦੇ ਹੋ ਤਾਂ ਬੈਂਕ ਇਹ ਮੰਨ ਲੈਂਦਾ ਹੈ ਕਿ ਤੁਸੀਂ 30 ਫ਼ੀਸਦੀ ਤਾਂ ਬੱਚਤ ਕਰਦੇ ਹੋ, ਭਾਵ 15 ਹਜ਼ਾਰ ਰੁਪਏ ਪ੍ਰਤੀ ਮਹੀਨਾ। ਬੈਂਕ ਇਸ ਰਕਮ ਨੂੰ ਤੁਹਾਡੀ ਮਹੀਨਾਵਾਰ ਬੱਚਤ ਮੰਨ ਲੈਂਦਾ ਹੈ।




### ਤੀਜਾ ਕਦਮ

ਜੇ ਤੁਸੀਂ ਕਰਜ਼ ਲੈਣ ਤੋਂ ਪਹਿਲਾਂ ਹੀ ਕਿਸੇ ਈਐੱਮਆਈ ਦਾ ਭੁਗਤਾਨ ਕਰ ਰਹੇ ਹੋ ਤਾਂ ਉਸ ਨੂੰ ਤੁਹਾਡੀ ਬੱਚਤ 'ਚੋਂ ਕੱਟ ਲਿਆ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਜੇ ਤੁਹਾਡੀ ਸੇਵਿੰਗ 15 ਹਜ਼ਾਰ ਰੁਪਏ ਮਹੀਨਾ ਹੈ ਅਤੇ ਤੁਸੀਂ 2400 ਰੁਪਏ ਦੀ ਈਐੱਮਆਈ ਕਾਰ ਲੋਨ ਦੇ ਤੌਰ 'ਤੇ ਦੇ ਰਹੇ ਹੋ ਤਾਂ ਬੈਂਕ ਤੁਹਾਡੀ ਨੈੱਟ ਸੇਵਿੰਗ 12,600 ਰੁਪਏ ਮੰਨੇਗਾ ਅਤੇ ਇਸ ਦੇ ਆਧਾਰ 'ਤੇ ਹੀ ਤੁਹਾਨੂੰ ਕਰਜ਼ ਦਵੇਗਾ।

### ਚੌਥਾ ਕਦਮ

ਕੁਝ ਹੋਰ ਜਾਂਚ ਪਰਖ ਅਤੇ ਕੈਲਕੂਲੇਸ਼ਨ ਤੋਂ ਬਾਅਦ ਇਹ ਦੇਖਿਆ ਜਾਂਦਾ ਹੈ ਕਿ ਕਿੰਨੀ ਈਐੱਮਆਈ ਦੇਣ ਲਈ ਤੁਸੀਂ ਬਚਤ ਕਰਨ ਦੇ ਸਮਰੱਥ ਹੋ। ਜੇ ਤੁਹਾਡੀ ਮਹੀਨਾਵਾਰ ਬੱਚਤ 12,600 ਰੁਪਏ ਹੈ ਤਾਂ ਬੈਂਕ ਮੰਨ ਲੈਂਦਾ ਹੈ ਕਿ ਤੁਸੀਂ ਕਿੰਨੀ ਈਐੱਮਆਈ ਦੇ ਸਕਦੇ ਹੋ।

### ਪੰਜਵਾਂ ਕਦਮ

ਪੰਜਵਾਂ ਕਦਮ ਸਭ ਤੋਂ ਅਹਿਮ ਕਦਮ ਸਿਬਿਲ ਸਕੋਰ ਹੁੰਦਾ ਹੈ, ਜੋ ਕਿ ਤੁਹਾਡੇ ਕਰਜ਼ ਦੀ ਮਨਜ਼ੂਰੀ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਕਰਜ਼ ਦੇਣ ਵਾਲਾ ਬੈਂਕ ਤੁਹਾਡੀ ਚੰਗੀ ਸਥਿਤੀ ਦੀ ਗਵਾਹੀ ਦੇ ਰਿਹਾ ਹੋਵੇ ਪਰ ਬੈਂਕ ਆਖ਼ਰੀ ਫ਼ੈਸਲਾ ਤੁਹਾਡੇ ਸਿਬਿਲ ਸਕੋਰ ਦੇ ਆਧਾਰ 'ਤੇ ਹੀ ਦਿੰਦਾ ਹੈ। ਸਿਬਿਲ ਸਕੋਰ ਵਧੀਆ ਹੈ ਤਾਂ ਬੈਂਕ ਤੁਹਾਡੇ ਲਈ ਕਰਜ਼ ਦੀ ਕੀਮਤ ਵਧਾ ਸਕਦਾ ਹੈ। •

# ਅਗਰਸੈਨ ਚੌਂਕ ਸੁਨਾਮ ਵਿਖੇ ਅਗਰਵਾਲ ਸਭਾ ਸੁਨਾਮ ਵੱਲੋਂ ਪਹਿਲਾ ਨਵਰਾਤਰੀ ਉਤਸਵ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ



**ਸੁਨਾਮ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਸਭਾ ਸੁਨਾਮ ਦੀ ਤਰਫੋਂ ਅਗਰਸੇਨ ਚੌਂਕ ਸੁਨਾਮ ਵਿਖੇ ਏਕਮ (ਪਹਿਲੀ ਨਵਰਾਤਰੀ) ਦਾ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੇ ਮੁੱਖ ਮੇਜ਼ਬਾਨ ਰਵੀ ਕਮਲ ਗੋਇਲ (ਮੁੱਖ ਪੈਟਰਨ) ਅਗਰਵਾਲ ਸਭਾ ਦੇ ਪਰਿਵਾਰ ਦੀ ਤਰਫੋਂ ਪੂਜਾ ਅਰਚਨਾ ਕੀਤੀ ਅਤੇ ਪ੍ਰਸ਼ਾਦ ਦੀ ਸੇਵਾ ਕੀਤੀ।ਅਗਰਵਾਲ ਸਭਾ ਦੇ ਜ਼ਿਲ੍ਹਾ ਪ੍ਰਧਾਨ ਅਗਰਤਨ ਮਾਸਟਰ ਸ਼ਾਮ ਲਾਲ, ਸੁਨਾਮ ਸਭਾ ਦੇ ਪ੍ਰਧਾਨ ਹਕੂਮਤ ਰਾਏ ਜਿੰਦਲ ਅਤੇ ਜਨਰਲ ਸਕੱਤਰ ਕ੍ਰਿਸ਼ਨ ਸੰਦੋਹਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਸੰਗਤਾਂ ਨੇ ਮਹਾਰਾਜਾ ਅਗਰਸੈਨ ਚੌਂਕ ਵਿਖੇ ਨਤਮਸਤਕ ਹੋ ਮਹਾਰਾਜਾ ਅਗਰਸੈਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੀ ਵੇਦ ਪ੍ਰਕਾਸ਼ ਹੋਡਲਾ, ਵਿਕਰਮ ਗਰਗ ਵਿੱਕੀ, ਪ੍ਰੇਮ ਭੂਸ਼ਨ ਜਿੰਦਲ, ਯਸ਼ਪਾਲ ਮੰਗਲਾ, ਮਨਪ੍ਰੀਤ ਬਾਂਸਲ, ਹਰੀਦੇਵ ਗੋਇਲ, ਰਵੀ ਕਮਲ ਗੋਇਲ, ਗਿਆਨ ਚੰਦ ਗਰਗ, ਯਸ਼ਪਾਲ ਸਿੰਗਲਾ, ਰਾਮ ਲਾਲ ਤਾਇਲ, ਲਾਜਪਤ ਰਾਏ, ਪ੍ਰਭਾਤ ਜਿੰਦਲ, ਰਾਮ ਲਾਲ ਰਾਮਾ, ਆਰ.ਕੇ.ਗੋਇਲ, ਨਰੇਸ਼ ਬੋਰੀਆ, ਸੰਦੀਪ ਜਿੰਦਲ, ਮਾਸਟਰ ਰਾਜੀਵ ਬਿੰਦਲ, ਪ੍ਰਿੰਸੀਪਲ ਦਿਨੇਸ਼ ਗੁਪਤਾ, ਰਮੇਸ਼ ਗਰਗ, ਗਿਰਧਾਰੀ ਲਾਲ ਜਿੰਦਲ, ਐਡਵੋਕੇਟ ਸ਼ਾਮ ਲਾਲ, ਅਜੇ ਮਸਤਾਨੀ, ਵਿੱਕੀ ਗਰਗ, ਗੌਰਵ ਜਨਾਲੀਆ, ਮੰਜੂ ਗਰਗ ਮਹਿਲਾ ਵਿੰਗ, ਮਾਸਟਰ ਛੱਜੂ ,ਸੁਭਾਸ਼ ਭਾਰਤੀ, ਸੁਰਿੰਦਰ ਜਿੰਦਲ, ਜਨਕ ਰਾਜ ਫੀਡ ਵਾਲੇ, ਰਾਜੀਵ ਬਿੱਟੂ, ਭੀਮ ਸੈਨ, ਸ਼੍ਰੀਮਤੀ ਹੈਪੀ ਜੈਨ, ਵਿਮਲ ਜੈਨ, ਮੁਕੇਸ਼ ਗਰਗ, ਅਸ਼ੋਕ ਕੁਮਾਰ, ਮੁਨੀਸ਼ ਗਰਗ ਮੋਨੂੰ ਅਤੇ ਖੁਸ਼ਦੀਪ ਮਿੰਕੂ ਹਾਜ਼ਰ ਸਨ।

# ਗੁ. ਸਾਹਿਬ ਹਾਅ ਦਾ ਨਾਅਰਾ ਦੀ ਨਵੀਂ ਪ੍ਰਬੰਧਕ ਕਮੇਟੀ ਉਪਰ ਤਿੰਨ ਸਾਬਕਾ ਪ੍ਰਧਾਨਾਂ ਨੇ ਖੜ੍ਹੇ ਕੀਤੇ ਗੰਭੀਰ ਸਵਾਲ

**ਮਲੇਰਕੋਟਲਾ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਧਰਮ ਚ ਆਪਣੀ ਵੱਡੀ ਪਹਿਚਾਣ ਬਣਾਉਣ ਵਾਲੇ ਗੁਰਦੁਆਰਾ ਸਾਹਿਬ ਹਾਅ ਦਾ ਨਾਅਰਾ ਮਲੇਰਕੋਟਲਾ ਦੇ ਟਰੱਸਟ ਦੇ ਵੱਲੋਂ ਨਿਯੁਕਤ ਕੀਤੀ ਨਵੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁੱਦੇਦਾਰਾਂ ਤੇ ਮੈਂਬਰਾਂ ਦੀ ਚੋਣ ਅਤੇ ਉਨ੍ਹਾਂ ਦੇ ਨਿੱਜੀ ਜੀਵਨ ਉਪਰ ਕਈ ਤਰ੍ਹਾਂ ਦੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਗੁਰਦੁਆਰਾ ਕਮੇਟੀ ਦੇ ਤਿੰਨ ਸਾਬਕਾ ਪ੍ਰਧਾਨਾਂ ਸਮੇਤ ਕੁੱਝ ਟਰੱਸਟ ਮੈਂਬਰਾਂ ਨੇ ਨਵੇਂ ਅਹੁਦੇਦਾਰਾਂ ਉਪਰ ਅੰਮ੍ਰਿਤਧਾਰੀ ਅਤੇ ਸਾਬਤ ਸੂਰਤ ਸਿੱਖ ਤੱਕ ਵੀ ਨਾ ਹੋਣ ਦੇ ਗੰਭੀਰ ਦੋਸ਼ ਲਾਏ ਹਨ।ਬੀਤੀ ਦਿਨੀ ਗੁਰਦੁਆਰਾ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਿੰਨ ਸਾਬਕਾ ਪ੍ਰਧਾਨਾਂ ਐਡਵੋਕੇਟ ਗੁਰਮੁੱਖ ਸਿੰਘ ਟਿਵਾਣਾ, ਗੁਰਬਾਜ ਸਿੰਘ ਅਤੇ ਬਹਾਦਰ ਸਿੰਘ ਨੇ ਟਰੱਸਟ ਦੇ ਮੈਂਬਰਾਂ ਡਾ.ਹਰਮੇਲ ਸਿੰਘ, ਕੁਲਦੀਪ ਸਿੰਘ ਸੋਨੀ ਅਤੇ ਭਲਭੀਤ ਸਿੰਘ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਕਰਨ ਵੇਲੇ ਟਰੱਸਟ ਵੱਲੋਂ ਕੋਈ ਮੀਟਿੰਗ ਬੁਲਾਈ ਹੀ ਨਹੀਂ ਗਈ ਜਿਸ ਵਿਚ ਚੋਣ ਕੀਤੀ ਗਈ ਹੋਏ।ਉਨ੍ਹਾਂ ਦਾਅਵਾ ਕੀਤਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਿਰਧਾਰਤ ਸਿੱਖ ਰਹਿਤ ਮਰਿਆਦਾ ਮੁਤਾਬਿਕ ਨਹੀਂ ਕੀਤੀ ਗਈ ਹੈ।ਸਾਬਕਾ ਪ੍ਰਧਾਨ ਐਡਵੋਕੇਟ ਟਿਵਾਣਾ ਅਤੇ ਗੁਰਬਾਜ ਸਿੰਘ ਨੇ ਦੋਸ਼ ਲਾਇਆ ਕਿ ਟਰੱਸਟ ਅਤੇ ਨਵੀਂ ਕਮੇਟੀ ਵਿਚ ਬਣਾਏ ਕਈ ਅਹੁਦੇਦਾਰ ਤੇ ਮੈਂਬਰ ਇਕ ਦੋ ਨੂੰ ਛੱਡ ਕੇ ਬਾਕੀ ਸਾਰੇ ਹੀ ਕੁਰਹਿਤੀਏ ਹਨ ਜਿੰਨ੍ਹਾਂ ਨੇ ਨਾ ਅੰਮ੍ਰਿਤਪਾਨ ਕੀਤਾ ਹੋਇਆ ਹੈ ਅਤੇ ਨਾ ਹੀ ਉਨ੍ਹਾਂ ਦਾ ਸਰੂਪ ਸਿੱਖੀ ਹੈ।



ਸਾਬਕਾ ਪ੍ਰਧਾਨ ਐਡਵੋਕੇਟ ਟਿਵਾਣਾ ਮੁਤਾਬਿਕ ਗੁਰਦੁਆਰਾ ਟਰੱਸਟ ਨਾਲ ਇੱਕ ਕੇਸ ਦੇ ਸਮਝੌਤੇ ਦੌਰਾਨ ਉਨ੍ਹਾਂ ਦਾ ਲਿਖਤੀ ਰਾਜ਼ੀਨਾਮਾ ਹੋਇਆ ਸੀ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਟਰੱਸਟ ਮੈਂਬਰਾਂ ਵਿੱਚੋਂ ਹਰ ਸਾਲ ਕੀਤੀ ਜਾਇਆ ਕਰੇਗੀ ਪ੍ਰੰਤੂ ਐਤਕੀਂ ਮਰਿਆਦਾ ਦੇ ਨਾਲ ਲਿਖਤੀ ਸਮਝੌਤੇ ਦੀਆਂ ਵੀ ਧੱਜੀਆਂ ਉਡਾ ਦਿਤੀਆਂ ਗਈਆਂ।ਤਿੰਨ ਸਾਬਕਾ ਪ੍ਰਧਾਨਾਂ ਨੇ ਦੋਸ਼ ਲਾਇਆ ਕਿ ਟਰੱਸਟ ਅਤੇ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਸਾਲਾਂ ਦਾ ਕੋਈ ਹਿਸਾਬ-ਕਿਤਾਬ ਵੀ ਨਹੀਂ ਦਿੱਤਾ ਗਿਆ। ਉਨ੍ਹਾਂ ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਮਾਨਯੋਗ ਜਥੇਦਾਰ ਸਾਹਿਬ ਨੂੰ ਲਿਖਤੀ ਸ਼ਿਕਾਇਤ ਕਰਕੇ ਵੀ ਮੰਗ ਕੀਤੀ ਹੈ ਕਿ ਗੁਰੂ ਘਰ ਦੀ ਸੇਵਾ ਪੂਰਨ ਗੁਰਸਿੱਖ ਅੰਮ੍ਰਿਤਧਾਰੀ ਸੇਵਾਦਾਰਾਂ ਹਵਾਲੇ ਕੀਤੀ ਜਾਵੇ।

ਇਸ ਮਾਮਲੇ ਦੀ ਲਿਖਤੀ ਸ਼ਿਕਾਇਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਹੋਣ ਕਾਰਨ ਅੱਜ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਮਾਮਲੇ ਦੀ ਪੜਤਾਲ ਕਰਨ ਲਈ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਭਾਈ ਡਿੰਪਲ ਸਿੰਘ ਜੀ ਅਤੇ ਭਾਈ ਮੋਹਨ ਸਿੰਘ ਜੀ ਨੂੰ ਪੜਤਾਲੀਆ ਅਧਿਕਾਰੀ ਨਿਯੁਕਤ ਕਰਕੇ ਵਿਸ਼ੇਸ਼ ਤੌਰ ਤੇ ਇੱਥੇ ਭੇਜਿਆ ਗਿਆ ਸੀ। ਜਿਨਾਂ ਵੱਲੋਂ ਇਸ ਮਾਮਲੇ ਸੰਬੰਧੀ ਦੋਵੇਂ ਧਿਰਾਂ ਨੂੰ ਮਿਲ ਕੇ ਉਹਨਾਂ ਦੇ ਵਿਚਾਰ ਅਤੇ ਸਬੂਤ ਲੈ ਲਏ ਗਏ ਹਨ। ਹੁਣ ਦੇਖਣਾ ਹੋਵੇਗਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਕਿੰਨੀ ਜਲਦੀ ਇਸ ਮਾਮਲੇ ਵਿੱਚ ਆਪਣਾ ਫੈਸਲਾ ਸੁਣਾਇਆ ਜਾਵੇਗਾ ਸੰਗਤਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ।

ਇਸ ਸਬੰਧੀ ਜਦੋਂ ਪੱਤਰਕਾਰਾਂ ਵੱਲੋਂ ਗੁਰਦੁਆਰਾ ਸਾਹਿਬ ਟਰੱਸਟ ਦੇ ਚੇਅਰਮੈਨ ਅਜੀਤ ਸਿੰਘ ਚੰਦੂਰਾਈਆਂ ਦੇ ਘਰ ਪਹੁੰਚ ਕੇ ਉਨ੍ਹਾਂ ਦਾ ਪੱਖ ਜਾਨਣਾ ਚਾਹਿਆ ਤਾਂ ਉਹਨਾਂ ਮੀਡੀਆ ਦੇ ਸਾਹਮਣੇ ਕਿਹਾ ਕਿ ਉਹ ਇਸ ਸਬੰਧੀ ਕੁਝ ਵੀ ਕਹਿਣਾ ਨਹੀਂ ਚਾਹੁੰਦੇ।ਇਸ ਸਬੰਧੀ ਨਵ ਨਿਯੁਕਤ ਪ੍ਰਧਾਨ ਚਮਕੌਰ ਸਿੰਘ ਬੂਲਾਪੁਰ ਦਾ ਕਹਿਣਾ ਕਿ ਇਸ ਸਬੰਧੀ ਅਜੇ ਕੁੱਝ ਨਹੀਂ ਕਹਿ ਸਕਦੇ ਕਿਉਂਕਿ ਉਨ੍ਹਾਂ 14 ਅਪ੍ਰੈਲ ਤੋਂ ਚਾਰਜ ਲੈਣਾ ਹੈ।

ਜਦੋਂ ਇਸ ਸਬੰਧੀ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਜਰਨੈਲ ਸਿੰਘ ਢੀਂਡਸਾ ਮਨਵੀ ਜੋ ਕਿ ਉਸ ਸਮੇਂ ਗੁਰਦੁਆਰਾ ਸਾਹਿਬ ਵਿੱਚ ਹੀ ਮੌਜੂਦ ਸਨ ਨੂੰ ਨਾਵਲ ਜੁਗਤ ਕਮੇਟੀ ਦੇ ਗਠਨ ਬਾਰੇ ਜਾਣਕਾਰੀ ਮੰਗੀ ਤਾਂ ਉਹਨਾਂ ਇਲਜ਼ਾਮ ਲਗਾਉਣ ਵਾਲੇ ਲੋਕਾਂ ਬਾਰੇ ਬਹੁਤ ਹੀ ਘਟੀਆ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਕਿਹਾ ਕਿ ਉਹ ਤੇ ਉਹ ਅਜਿਹੇ ਘਟੀਆ ਲੋਕਾਂ ਬਾਰੇ ਕੁਝ ਵੀ ਨਹੀਂ ਕਹਿਣਾ ਚਾਹੁੰਦੇ। ਉਹਨਾਂ ਇਸ ਮੌਕੇ ਪੱਤਰਕਾਰਾਂ ਨਾਲ ਵੀ ਬਦਤਮੀਜ਼ੀ ਕਰਨ ਦੀ ਕੋਸ਼ਿਸ਼ ਕੀਤੀ।ਕਿਉਂਕਿ ਕਿਉਂਕਿ ਇਸ ਮਾਮਲੇ ਦੀ ਲਿਖਤੀ ਸ਼ਿਕਾਇਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਕੀਤੀ ਗਈ ਹੈ ਉਹਨਾਂ ਵੱਲੋਂ ਜਿਹੜੇ ਪੜਤਾਲ ਕਰਨ ਲਈ ਨਿਯੁਕਤ ਕੀਤੇ ਗਏ ਭਾਈ ਡਿੰਪਲ ਸਿੰਘ ਅਤੇ ਭਾਈ ਮੋਹਨ ਸਿੰਘ ਜੋ ਕਿ ਤਖਤ ਸ੍ਰੀ ਦਮਦਮਾ ਸਾਹਿਬ ਜੀ ਸਾਬਕ ਵੀ ਤਲਵੰਡੀ ਤੋਂ ਵਿਸ਼ੇਸ਼ ਤੌਰ ਤੇ ਪੜਤਾਲ ਕਰਨ ਲਈ ਆਏ ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਨੇ ਦੋਵੇਂ ਧਿਰਾਂ ਨਾਲ ਗੱਲਬਾਤ ਕਰਕੇ ਉਹਨਾਂ ਦਾ ਪੱਖ ਸੁਣ ਅਤੇ ਸਬੂਤ ਲੈ ਲਏ ਹਨ ਜਿਸ ਦੀ ਰਿਪੋਰਟ ਬਣਾ ਕੇ ਉਹ ਅਕਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਭੇਜ ਦੇਣਗੇ ਉਹਨਾਂ ਕਿਹਾ ਕਿ ਇਸ ਸਬੰਧੀ ਅੰਤਿਮ ਫੈਸਲਾ ਅਤੇ ਕਾਰਵਾਈ ਮਾਨਯੋਗ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਹੀ ਕੀਤੀ ਜਾਣੀ ਹੈ। ਪੱਤਰਕਾਰਾਂ ਦੇ ਸਵਾਲ ਦਿਆਂ ਦਾ ਜਵਾਬ ਦਿੰਦਿਆਂ ਉਹਨਾਂ ਕਿਹਾ ਕਿ ਇਹ ਗੱਲ ਬਿਲਕੁਲ ਹੀ ਜਾਇਜ਼ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕੀਤਾ ਗਿਆ ਹੈ ਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਬਣੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵਿੱਚ ਜੋ ਮੈਂਬਰ ਅਤੇ ਅਹੁਦੇਦਾਰ ਲਏ ਜਾਣੇ ਹਨ ਉਨਾਂ ਦੇ ਨਾਮ ਦੇ ਨਾਲ ਸਿੰਘ ਜਾਂ ਕੌਰ ਲੱਗਿਆ ਹੋਣਾ ਚਾਹੀਦਾ ਹੈ ਇਸ ਤੋਂ ਇਲਾਵਾ ਉਹ ਅੰਮ੍ਰਿਤਧਾਰੀ ਅਤੇ ਪੂਰਨ ਗੁਰਸਿੱਖ ਵੀ ਹੋਣੇ ਚਾਹੀਦੇ ਹਨ।)

# ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋ ਪੰਜਾਬ ਬਚਾਓ ਯਾਤਰਾ ਪੰਜਾਬੀਆਂ ਨਾਲ ਕੌੜਾ ਮਜਾਕ

**ਭਾਦਸੋ,12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਤੋਂ ਵਿਸ਼ੇਸ਼ ਗੱਲਬਾਤ ਕਰਦਿਆਂ ਜਗਜੀਤ ਸਿੰਘ ਜੱਗੀ ਸਰਪੰਚ ਨੇ ਕਿਹਾ ਸੋ੍ਮਣੀ ਅਕਾਲੀ ਦਲ ਵਲੋਂ ਸ਼ੁਰੂ ਕੀਤੀ ਪੰਜਾਬ ਬਚਾਓ ਯਾਤਰਾ ਨੂੰ ਪੰਜਾਬ ਅਤੇ ਪੰਜਾਬੀਅਤ ਲਈ ਕੌੜਾ ਮਜਾਕ ਦੱਸਦਿਆ ਕਿਹਾ ਕਿ ਇਹ ਤਾ ਉਜ ਗੱਲ ਆ ਕਿ ਕਿਸੇ ਦੇ ਮਕਾਨ ਨੂੰ ਹੱਥੀਂ ਅੱਗ ਲਾ ਕੇ ਸੜਨ ਤੋਂ ਬਾਅਦ ਹੱਥ ਵਿਚ ਪਾਣੀ ਦੀ ਬਾਲਟੀ ਲੈ ਕੇ ਸਭ ਤੋਂ ਮੂਹਰੇ ਹੋ ਕੇ ਅੱਗ ਬੁਜਾਉਣ ਦਾ ਡਰਮਾ ਕਰੀਏ । ਉਨ੍ਹਾਂ ਅੱਗੇ ਬੋਲਦਿਆ ਕਿਹਾ ਕਿ ਉਹ ਕਿਹੜੇ ਮੂੰਹ ਨਾਲ ਪੰਜਾਬ ਬਚਾਉਣ ਦੀਆਂ ਗੱਲਾਂ ਕਰਦੇ ਨੇ ਜਿਨ੍ਹਾਂ ਦੀ ਪਾਰਟੀ ਲੰਮੇ ਸਮੇਂ ਤੋਂ ਪੰਜਾਬ ਤੇ ਰਾਜ ਕਰਦਿਆਂ ਪੰਜਾਬ ਨੂੰ ਖੂਬ ਲੁਟਿਆ ਤੇ ਕੁਟਿਆ ਹੈ । ਉਹ ਅੱਜ ਕਿਹੜੇ ਮੂੰਹ ਨਾਲ ਲੋਕ ਕਚਹਿਰੀ ਵਿਚ ਝੂਠ ਦੀ ਜਾਗੋ ਲੈ ਕੇ ਆ ਰਹੇ ਹਨ।ਪੰਜਾਬ ਦੀ ਏਵਾਮ ਨੂੰ ਇਹਨਾਂ ਦਾ ਡੱਟ ਕੇ ਵਿਰੋਧ ਹੀ ਨਹੀਂ ਸਗੋ ਰੋਸ ਵੀ ਕਰਨਾ ਚਾਹੀਦਾ ਹੈ ।ਕਿ ਕਿਸਾਨੀ ਨੂੰ ਸੜਕਾਂ ਉਤੇ ਰੋਲਣ ਵਾਲੀ ਇਹ ਅਤੇ ਇਹਨਾਂ ਦੀ ਭਾਈਵਾਲ ਭਾਜਪਾ ਪਾਰਟੀ ਹੀ ਹੈ ਸਿਆਸੀ ਸੋਦਿਆ ਵਿਚ ਜਮੀਨਾਂ ਰਾਇ ਸ਼ੋਰਸ਼ਸ ਦੇ ਮਾਲਕ ਬਣਿਆ ਨੂੰ ਹੁਣ ਪੰਜਾਬ ਬਚਾਉਣ ਦਾ ਨਾਹਰਾ ਲੈਕੇ ਆਪਣੇ ਪਰਿਵਾਰ ਬਚਾਉਣ ਦੀਆਂ ਗੱਲਾਂ ਕਰਨੀਆ ਪੈ ਰਹੀਆਂ ਹਨ।ਉਨ੍ਹਾਂ ਨੇ ਪੂਰਾ ਪੰਜਾਬ ਨੂੰ ਅਪੀਲ ਕੀਤੀ ਤੇ ਆਪਣੇ ਹਲਕੇ ਨੂੰ ਵਿਸ਼ੇਸ਼ ਤੌਰ ਤੇ ਕਿਹਾ ਕਿ ਇਹੋ ਜਿਹੀਆਂ ਫਰੋਡ ਅਤੇ ਧੋਖੇਬਾਜ ਪਾਰਟੀ ਵਾਲੀਆਂ ਯਾਤਰਾਵਾਂ ਦਾ ਡੱਟ ਕੇ ਵਿਰੋਧ ਕਰਨ ਨਾ ਕੇ ਉਨ੍ਹਾਂ ਨੂੰ ਸਮੱਰਥ ਕਿਉਕਿ ਇਹ ਲੋਕ ਅਕਸਰ ਪੰਥ ਦੇ ਨਾ ਤੇ ਵੋਟਾਂ ਲੈ ਕੇ ਸਾਡੇ ਸਟੇਟ ਤੇ ਰਾਜ ਕਰਦੇ ਰਹੇ ਨੇ ਪੰਥ ਸਾਡੀ ਇਕ ਲਾਇਦਾ ਚੀਜ਼ ਆ।ਲੋਕਾਂ ਨੂੰ ਇਹਨਾਂ ਯਾਤਰਾਵਾਂ ਤੋਂ ਦੂਰ ਰਹਿਣਾ ਚਾਹੀਦਾ ਹੈ ।

ਇਸ ਮੌਕੇ ਗਗਨ ਗਰੇਵਾਲ ,ਪਰਮਜੀਤ ਭਿੰਡਰ ,ਲਵਪਰੀਤ ਜਵੰਧਾ,ਸਿਮਨਰ ਹੰਜਰਾ, ਰਣਜੀਤ ਸਿੰਘ ਸੰਧੂ , ਇਬਜਤ ਖਾਨ,ਦੀਪਇੰਦਰ ਗਰੇਵਾਲ ਆਦਿ ਹਾਜ਼ਰ ਸਨ।

# ਸ਼ਹੀਦ ਭਾਈ ਜੁਗਰਾਜ ਸਿੰਘ ਕਬੱਡੀ ਕੱਪ ਕਰਵਾਇਆ ਗਿਆ



**ਗੁਰਦਾਸਪੁਰ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਦੀ ਯਾਦ ਵਿੱਚ ਪਿੰਡ ਚੀਮਾ ਖੁਡੀ ਵਿਖੇ ਕਬੱਡੀ ਕੱਪ ਕਰਵਾਇਆ ਗਿਆ ਜਿਸ ਵਿੱਚ ਪਹਿਲਾ ਇਨਾਮ ਹਰਦੀਪ ਸਿੰਘ ਜੇਪੀ ਯੂਐਸਏ ਵੱਲੋਂ ਸਪੋਂਸਰ ਕੀਤਾ ਗਿਆ

ਇਸ ਕਬੱਡੀ ਕੱਪ ਵਿੱਚ ਵੱਖ-ਵੱਖ ਇਨਾਮੀ ਕਲੱਬਾਂ ਵੱਲੋਂ ਇਸ ਕਬੱਡੀ ਵਿੱਚ ਆਪਣੇ ਜੌਹਰ ਵਿਖਾਏ ਗਏ ਜੇਤੂ ਖਿਡਾਰੀਆਂ ਨੂੰ ਕਮੇਟੀ ਵੱਲੋਂ ਇਨਾਮ ਤਕਸੀਮ ਕੀਤੇ ਗਏ ਇਸ ਮੌਕੇ ਕਮੇਟੀ ਪ੍ਰਧਾਨ ਸਿਕੰਦਰ ਸਿੰਘ ਚੀਮਾ ਭਾਈ ਜੁਗਰਾਜ ਸਿੰਘ ਤੂਫਾਨ ਦੇ ਜਵਾਈ ਭਾਈ ਇੰਦਰਜੀਤ ਸਿੰਘ ਭੈਣ ਸਿਮਰਨਜੀਤ ਕੌਰ ਭਾਣਜਾ ਮਹਿਤਾਬ ਸਿੰਘ ਤੋਂ ਇਲਾਵਾ ਜਥੇਦਾਰ ਗੁਰਪ੍ਰੀਤ ਸਿੰਘ ਵੈਦ ਗੁਰਦੁਆਰਾ ਧੰਨ ਧੰਨ ਬਾਬਾ ਰਾਮ ਥੰਮਣ ਜੀ ਹਰਪ੍ਰੀਤ ਸਿੰਘ ਸਾਹ ਡਾਕਟਰ ਨਰਿੰਦਰ ਸਿੰਘ ਬੱਬੂ ਬਲਾਕ ਪ੍ਰਧਾਨ ਕਵੀਸ਼ਰ ਭਾਈ ਸੁਲੱਖਣ ਸਿੰਘ ਜੀ ਰਿਆੜ ਸੀਨੀਅਰ ਆਗੂ ਲਾਜਵੰਤ ਸਿੰਘ ਲਾਟੀ ਮਚਰਾਵਾਂ ਰਜਿੰਦਰ ਸਿੰਘ ਪਿੰਟੂ ਸੁਖਵਿੰਦਰ ਸਿੰਘ ਸੱਖਾ ਤੂੰ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ

# ਜ਼ਿਲ੍ਹਾ ਪ੍ਰਧਾਨ ਖਨੌੜਾ ਨੇ ਭਾਦਸੋਂ ਬਲਾਕ ਪ੍ਰਧਾਨਾਂ ਨਾਲ ਕੀਤੀ ਮੀਟਿੰਗ

**ਭਾਦਸੋ,12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਚੋਣਾਂ ਦੀਆਂ ਸਰਗਰਮੀਆਂ ਨੂੰ ਤੇਜ਼ ਕਰਦੇ ਹੋਏ ਜਿਲਾ ਕਾਂਗਰਸ ਕਮੇਟੀ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਨੇ ਭਾਦਸੋਂ ਬਲਾਕ ਪ੍ਰਧਾਨਾਂ ਨਾਲ ਮੀਟਿੰਗ ਕੀਤੀ ।ਮੀਟਿੰਗ ਵਿੱਚ ਵਿਚਾਰਾਂ ਸਾਂਝੀਆਂ ਕਰਦੇ ਹੋਏ ਖਨੌੜਾ ਨੇ ਕਿਹਾ ਕਿ ਟਿਕਟਾਂ ਦੇਣ ਦਾ ਫੈਸਲਾ ਕਾਂਗਰਸ ਹਾਈਕਮਾਂਡ ਵੱਲੋਂ ਕੀਤਾ ਜਾਂਦਾ ਹੈ। ਆਲ ਇੰਡੀਆਂ ਕਾਂਗਰਸ ਚੇਅਰਪਰਸਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਪ੍ਰਧਾਨ ਮਲਿਕਾ ਅਰਜੁਨ ਖੜਗੇ ਲੋਕ ਸਭਾ ਪਟਿਆਲਾ ਲਈ ਜਿਸ ਉਮੀਦਵਾਰ ਦਾ ਐਲਾਨ ਕਰਨਗੇ, ਉਸ ਦੀ ਸੂਬਾ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿੱਚ ਇਕਜੁੱਟ ਹੋ ਕੇ ਪੂਰੀ ਮਜ਼ਬੂਤੀ ਨਾਲ ਚੋਣ ਲੜਕੇ ਜਿੱਤ ਯਕੀਨੀ ਬਣਾਈ ਜਾਵੇ । ਉਨਾਂ ਕਿਹਾ ਕਿ ਜਦੋਂ ਤੱਕ ਹਾਈ ਕਮਾਂਡ ਵੱਲੋਂ ਉਮੀਦਵਾਰ ਦੇ ਨਾਮ ਦਾ ਐਲਾਨ ਨਹੀਂ ਕੀਤਾ ਜਾਂਦਾ ਉਦੋਂ ਤੱਕ ਕਿਸੇ ਤਰ੍ਹਾਂ ਦੀ ਵੀ ਬਿਆਨਬਾਜੀ ਕਰਨ ਤੋਂ ਗੁਰੇਜ ਕੀਤਾ ਜਾਵੇ ।

ਮੀਟਿੰਗ ਵਿੱਚ ਹਾਜ਼ਰ ਸੀਨੀਅਰ ਕਾਂਗਰਸੀ ਆਗੂ ਭਗਵੰਤ ਸਿੰਘ ਮਣਕੂ, ਜ਼ਿਲ੍ਹਾ ਮੀਤ ਪ੍ਰਧਾਨ ਅਮਿਤ ਕੁਮਾਰ ਕੋਹਲੀ ਬੱਬੂ, ਜ਼ਿਲ੍ਹਾ ਮੀਤ ਸਕੱਤਰ ਗੁਰਮੀਤ ਸਿੰਘ ਰੈਸਲ, ਡਿੰਪਲ ਅਗਰਵਾਲ, ਡਾ. ਦਰਸ਼ਨ ਸਿੰਘ ਲੋਟੇ, ਸਜੀਵ ਕੁਮਾਰ, ਸੁਖਜੀਵਨ ਭੋਲਾ, ਡਾ. ਜੀਵਨ ਜੀਦਲ, ਡਾ. ਮਨੀਸ਼ ਸ਼ਰਮਾ, ਸੁਰੇਸ ਕੁਮਾਰ ਸ਼ਰਮਾ, ਕ੍ਰਿਸ਼ਨ ਕੁਮਾਰ ਸ਼ਰਮਾ, ਨਿਰਜ ਸ਼ਰਮਾ, ਨਿਰਮਲ ਪਾਲ ਨੇ ਕਿਹਾ ਹੈ ਕਿ ਕਾਂਗਰਸ ਪੂਰੀ ਮਜ਼ਬੂਤੀ ਨਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਤਿਆਰ ਹੈ ।

ਲੋਕ ਸਭਾ ਹਲਕਾ ਪਟਿਆਲਾ ਤੋਂ ਜਿਸ ਉਮੀਦਵਾਰ ਨੂੰ ਕਾਂਗਰਸ ਹਾਈ ਕਮਾਂਡ ਵੱਲੋਂ ਟਿਕਟ ਦਿੱਤੀ ਜਾਵੇਗੀ, ਉਸ ਦਾ ਸੂਬਾ ਪ੍ਰਧਾਨ ਰਾਜਾ ਵੜਿੰਗ ਅਤੇ ਜਿਲਾ ਪ੍ਰਧਾਨ ਮਹੰਤ ਖਨੌੜਾ ਦੀ ਅਗਵਾਈ ਵਿੱਚ ਡੱਟ ਕੇ ਸਮਰਥਨ ਕੀਤਾ ਜਾਵੇਗਾ । ਇਸ ਮੌਕੇ ਵੱਡੀ ਗਿਣਤੀ ਵਿਚ ਭਾਦਸੋਂ ਹਲਕੇ ਦੇ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਹਿੱਸਾ ਲਿਆ।

# ਸਾਹਿਤ ਸਭਾ (ਰਜਿ:)ਜਲਾਲਾਬਾਦ (ਪੱ)ਵੱਲੋਂ ਕਰਵਾਇਆ ਗਿਆ ਰੂ-ਬ-ਰੂ ਅਤੇ ਸਨਮਾਨ ਸਮਾਗਮ



ਸਾਹਿਤ ਸਭਾ (ਰਜਿ:)ਜਲਾਲਾਬਾਦ (ਪੱ)ਵੱਲੋਂ ਕਰਵਾਇਆ ਗਿਆ ਰੂ-ਬ-ਰੂ ਅਤੇ ਸਨਮਾਨ ਸਮਾਗਮ

**ਜਲਾਲਾਬਾਦ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੀ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੀ ਜਲਾਲਾਬਾਦ ਦੀ ਸਹਿਤ ਸਭਾ ਵੱਲੋਂ ਬੀਤੇ ਦਿਨ ਰੂ-ਬ-ਰੂ ਅਤੇ ਸਨਮਾਨ ਸਮਾਗਮ ਐਫੀਸ਼ੈਂਟ ਕਾਲਜ ਵਿਖੇ ਅਯੋਜਿਤ ਗਿਆ।

ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਪ੍ਰਸਿੱਧ ਸ਼ਾਇਰ ਜਨਾਬ ਡਾ.ਸੰਦੇਸ਼ ਤਿਆਗੀ ਜੀ,ਜਨਾਬ ਜਗਜੀਤ ਕਾਫ਼ਿਰ ਜੀ,ਵਿਸ਼ੇਸ਼ ਮਹਿਮਾਨ ਉੱਘੇ ਸਮਾਜਸੇਵੀ ਸਵੀਟਾ ਮਦਾਨ ਜੀ,ਸਾਹਿਤਕਾਰ ਸ਼੍ਰੀ ਪ੍ਰਕਾਸ਼ ਦੋਸ਼ੀ ਜੀ,ਸਾਹਿਤ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਬਰਾੜ, ਜਨਰਲ ਸੱਕਤਰ ਮੀਨਾ ਮਹਿਰੋਕ,ਖਜਾਨਚੀ ਨੀਰਜ ਛਾਬੜਾ ਸ਼ਾਮਿਲ ਸਨ।ਮੰਚ ਦਾ ਸੰਚਾਲਨ ਸਾਹਿਤ ਸਭਾ ਦੇ ਜਨਰਲ ਸਕੱਤਰ ਮੀਨਾ ਮਹਿਰੋਕ ਦੁਆਰਾ ਕੀਤਾ ਗਿਆ।ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਬਰਾੜ ਨੇ ਆਏ ਹੋਏ ਮੁੱਖ ਸਾਹਿਤਕਾਰਾਂ,ਵਿਸ਼ੇਸ਼ ਮਹਿਮਾਨਾਂ ਦਾ ਅਤੇ ਹਾਜ਼ਰ ਆਏ ਮੈਂਬਰਜ ਸਾਹਿਬਾਨ ਜੀ ਨੂੰ ਜੀ ਆਇਆ ਆਖਿਆ।ਸਭਾ ਦੇ ਸਾਬਕਾ ਪ੍ਰਧਾਨ ਪ੍ਰਵੇਸ਼ ਖੰਨਾ ਜੀ ਅਤੇ ਪ੍ਰੀਤੀ ਬਬੂਟਾ ਜੀ ਨੇ ਦੋਵਾਂ ਸਾਹਿਤਕਾਰਾਂ ਦੇ ਸਾਹਿਤਕ ਸਫ਼ਰ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ

ਜਿੱਥੇ ਜਨਾਬ ਜਗਜੀਤ ਕਾਫ਼ਿਰ ਜੀ ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਕੋਲੋਂ ਵਾਹ ਵਾਹ ਖੱਟੀ,ਉਥੇ ਹੀ ਜਨਾਬ ਡਾ. ਸੰਦੇਸ਼ ਤਿਆਗੀ ਦੁਆਰਾ ਆਪਣੀਆਂ ਰਚਨਾਵਾਂ ਅਤੇ ਆਪਣੇ ਖ਼ੂਬਸੂਰਤ ਅੰਦਾਜ਼ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।ਵਿਸ਼ੇਸ਼ ਮਹਿਮਾਨ ਸ਼੍ਰੀ ਸਵੀਟਾ ਮਦਾਨ ਜੀ ਅਤੇ ਸ਼੍ਰੀ ਪ੍ਰਕਾਸ਼ ਦੋਸ਼ੀ ਜੀ ਨੇ ਜਿੱਥੇ ਸਾਹਿਤ ਸਭਾ ਵੱਲੋਂ ਇਸ ਕੀਤੇ ਗਏ ਉਪਰਾਲੇ ਨੂੰ ਸਲਾਹਿਆ ਉੱਥੇ ਹੀ ਉਹਨਾਂ ਨੇ ਆਉਣ ਵਾਲੇ ਸਮੇਂ ਵਿੱਚ ਵੀ ਸਾਹਿਤ ਸਭਾ ਨੂੰ ਹਰ ਤਰਾਂ ਦਾ ਸਾਥ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਆਏ ਹੋਏ ਮੁੱਖ ਸ਼ਾਇਰਾਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਭਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ।ਇਸ ਸਮਾਗਮ ਵਿੱਚ ਸੁਧਾ ਤਿਆਗੀ ਸ਼੍ਰੀ ਗੰਗਾਨਗਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਇਸ ਤੋਂ ਇਲਾਵਾ ਬਲਬੀਰ ਸਿੰਘ ਰਹੇਜਾ,ਪ੍ਰਵੇਸ਼ ਖੰਨਾ,ਤਿਲਕ ਰਾਜ ਕਾਹਲ,ਸੰਦੀਪ ਝਾਂਬ,ਪ੍ਰੀਤੀ ਬਬੂਟਾ, ਗੋਪਾਲ ਬਜਾਜ, ਕੁਲਦੀਪ ਬਰਾੜ ਸਾਰੇ ਸਾਬਕਾ ਪ੍ਰਧਾਨ,ਸੂਬਾ ਸਿੰਘ ਨੰਬਰਦਾਰ, ਰੋਸ਼ਨ ਲਾਲ ਅਸੀਜਾ, ਰਜਿੰਦਰ ਸਿੱਧੂ, ਅਰਚਨਾ ਗਾਬਾ,ਸੁਰੇਸ਼ ਗਾਬਾ,ਸੋਨੀਆ ਬਜਾਜ, ਦੀਪਕ ਨਾਰੰਗ,ਦਵਿੰਦਰ ਕੁੱਕੜ ਜ਼ਿਲਾ ਪ੍ਰਧਾਨ ਬੀ ਵੀ ਪੀ,ਸੰਜੀਵ ਛਾਬੜਾ, ਚਮਕੌਰ ਸਿੰਘ,ਗੁਰਚਰਨਜੀਤ ਸਿੰਘ,ਸੁਖਦੀਪ ਸਿੰਘ,ਜਸਵੰਤ ਸਿੰਘ ,ਰਾਜ ਕੁਮਾਰ ਗਗਨੇਜਾ ,ਅਮਨਪ੍ਰੀਤ, ਭੁਪਿੰਦਰ ਕੰਬੋਜ, ਵਿਨੇ ਸ਼ਰਮਾ,ਅਕਾਸ਼ ਖੰਨਾ, ਨਰੇਸ਼ ਅਰੋੜਾ, ਪਾਰਸ ਕੁਬੇਰ ਕੇਸਰੀ ਅਤੇ ਵਿਦਿਆਰਥੀ ਹਾਜ਼ਰ ਹੋਏ।

# ਵਿਸਾਖੀ ਦਾ ਤਿਉਹਾਰ 13 ਅਪ੍ਰੈਲ ਨੂੰ ਮਨਾਇਆ ਜਾਵੇਗਾ: ਬਾਬਾ ਮੇਹਰਬਾਨ ਸਿੰਘ

**ਜਲਾਲਾਬਾਦ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਦੇ ਤਿਉਹਾਰ ਨੂੰ ਮਨਾਉਣ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ

13 ਅਪ੍ਰੈਲ ਦਿਨ ਸ਼ਨੀਵਾਰ ਨੂੰ ਪਿੰਡ ਹਿਸਾਨਵਾਲਾ ਸਥਿਤ ਗੁਰਦੁਆਰਾ ਬਾਬਾ ਸੇਵਾ ਸਿੰਘ ਵਿਖੇ ਵਿਸਾਖੀ ਦਾ ਤਿਉਹਾਰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।

ਜਾਣਕਾਰੀ ਦਿੰਦਿਆਂ ਬਾਬਾ ਮੇਹਰਬਾਨ ਸਿੰਘ ਨੇ ਦੱਸਿਆ ਕਿ ਵਿਸਾਖੀ ਮੌਕੇ ਗੁਰਦੁਆਰਾ ਸਾਹਿਬ ਵਿਖੇ 14 ਮਾਰਚ ਤੋਂ ਆਰੰਭ ਕੀਤੇ ਜਾ ਰਹੇ ਧਾਰਮਿਕ ਸਮਾਗਮ ਦੌਰਾਨ ਰੱਖੇ ਗਏ 221 ਸ੍ਰੀ ਅਖੰਡ ਪਾਠ ਸਾਹਿਬ ਜੀ ਕੀ ਲਾਡੀ ਦੇ ਭੋਗ ਪਾਏ ਜਾਣਗੇ।

ਇਸ ਮੌਕੇ ਰਾਗੀ ਜਥਿਆਂ ਵਿੱਚੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਭਾਈ ਜਤਿੰਦਰ ਸਿੰਘ, ਭਾਈ ਪਿੰਦਰਪਾਲ ਸਿੰਘ ਮਰਦਾਨੇ, ਭਾਈ ਰਤਨ ਸਿੰਘ, ਭਾਈ ਕੇਹਰ ਸਿੰਘ, ਭਾਈ ਬਾਜ ਸਿੰਘ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨਗੇ। ਗੁਰੂ ਘਰ ਦਾ ਅਤੁੱਟ ਲੰਗਰ ਸਾਰਾ ਦਿਨ ਵਰਤਾਇਆ ਜਾਵੇਗਾ।

ਬਾਬਾ ਮੇਹਰਬਾਨ ਸਿੰਘ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਵਿਸਾਖੀ ਵਾਲੇ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਘਰ ਦਾ ਆਸ਼ੀਰਵਾਦ ਲੈਣ ਦੀ ਅਪੀਲ ਕੀਤੀ ਹੈ।

# ਟਰਾਲੀ ਦੇ ਥੱਲੇ ਆਉਣ ਕਾਰਨ ਮਜ਼ਦੂਰ ਦੀ ਹੋਈ ਮੌਤ

**ਜਲਾਲਾਬਾਦ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ ਦੇ ਫਿਰੋਜ਼ਪੁਰ ਫਾਜ਼ਿਲਕਾ ਹਾਈਵੇ ਬੀਐਸਐਫ ਕੈਂਪਸ ਤੇ ਸਾਹਮਣੇ ਇੱਕ ਖਾਦ ਦੀ ਭਰੀ ਹੋਈ ਟਰਾਲੀ ਜਲਾਲਾਬਾਦ ਤੋਂ ਫਿਰੋਜ਼ਪੁਰ ਵੱਲ ਨੂੰ ਜਾ ਰਹੀ ਸੀ ਤਾਂ ਇਸ ਟਰਾਲੀ ਤੇ ਸਵਾਰ ਇੱਕ ਵਿਅਕਤੀ ਟਰੈਕਟਰ ਤੋਂ ਉੱਠ ਕੇ ਚਲਦੀ ਟਰਾਲੀ ਤੇ ਚੜਨ ਲੱਗਾ ਤਾਂ ਉਸ ਦਾ ਬੈਲੈਂਸ ਵਿਗੜ ਗਿਆ ਜਿਸ ਕਾਰਨ ਉਹ ਟਰਾਲੀ ਤੋਂ ਥੱਲੇ ਡਿੱਗ ਪਿਆ ਤੇ ਟਰਾਲੀ ਦਾ ਟਾਇਰ ਉਸਦੇ ਉੱਤੋਂ ਲੰਘ ਗਿਆ। ਜਿਸਨੂੰ ਇਲਾਜ ਦੇ ਲਈ ਫੌਰੀ ਤੌਰ ਤੇ ਜਲਾਲਾਬਾਦ ਤੇ ਸਿਵਲ ਹਸਪਤਾਲ ਲਜਾਇਆ ਗਿਆ, ਜਿੱਥੇ ਡਾਕਟਰਾਂ ਦੇ ਵੱਲੋਂ ਉਸ ਦਾ ਇਲਾਜ ਕੀਤਾ ਗਿਆ

ਦੌਰਾਨੇ ਇਲਾਜ ਕਾਲਾ ਸਿੰਘ ਵਾਸੀ ਰਥੋੜਾਂ ਮੁਹੱਲਾ ਦੀ ਮੌਤ ਹੋ ਗਈ। ਭੈਣ ਮਨਪ੍ਰੀਤ ਕੌਰ ਦਾ ਕਹਿਣਾ ਕਿ ਉਹਨਾਂ ਨੂੰ ਸੂਚਨਾ ਮਿਲੀ ਸੀ ਕਿ ਐਕਸੀਡੈਂਟ ਕਾਰਨ ਉਹਨਾਂ ਤੇ ਕਾਲਾ ਸਿੰਘ ਦੀ ਲੱਤ ਟੁੱਟ ਗਈ ਪਰ ਇੱਥੇ ਆ ਕੇ ਜਦ ਉਹਨਾਂ ਨੇ ਦੇਖਿਆ ਤਾਂ ਕਾਲਾ ਸਿੰਘ ਦੀ ਮੌਤ ਹੋ ਚੁੱਕੀ ਸੀ।ਫਿਲਹਾਲ ਕਾਲਾ ਸਿੰਘ ਦੀ ਮੌਤ ਹੋਣ ਤੋਂ ਬਾਅਦ ਉਸਦੇ ਪਰਿਵਾਰ ਦੇ ਵੱਲੋਂ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ।

# ਬਾਬਾ ਮਹਿੰਦਰ ਸਿੰਘ ਟਰਾਂਸਪੋਟਰ ਨੇ ਪ੍ਰਧਾਨ ਬਾਦਲ ਨੂੰ ਦਿੱਤਾ ਫੁੱਲਾਂ ਦਾ ਗੁਲਦਸਤਾ ਅਤੇ ਆਏ ਹੋਏ ਵਰਕਰਾਂ ਦਾ ਕੀਤਾ ਧੰਨਵਾਦ

**ਭਾਦਸੋ,12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਹਲਕਾ ਨਾਭਾ ਵਿੱਚ ਉਸ ਸਮੇਂ ਕਰਾਰਾ ਝਟਕਾ ਲੱਗਿਆ ਜਦੋਂ ਪੰਜਾਬ ਪ੍ਰਦੇਸ਼ ਦੇ ਜਨਰਲ ਸੈਕਟਰੀ ਜਸਵਿੰਦਰ ਕੌਰ ਭੁੱਲਰ , ਹੰਸ ਰਾਜ ਜੀ ਈ ਅਤੇ ਗਗਨਦੀਪ ਤੇ ਉਹਨਾਂ ਦੇ ਸਾਥੀਆਂ ਨੂੰ ਗੁਰਦੇਵ ਸਿੰਘ ਦੇ ਮਾਨ ਐਮ ਐਲ ਏ ਨਾਭਾ ਦੀ ਅਗਵਾਈ ਵਿੱਚ ਸਿਰੋਪਾਓ ਪਾ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕੀਤਾ ਗਿਆ ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਮੈਡਮ ਭੁੱਲਰ ਬੜੇ ਸੂਝਵਾਨ ਅਤੇ ਮਿਹਨਤੀ ਇਨਸਾਨ ਹਨ

ਜਿਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਦਿਆਂ ਉਹ ਮਾਣ ਮਹਿਸੂਸ ਕਰ ਰਹੇ ਹਨ ਇਹੋ ਜਿਹੇ ਆਗੂਆਂ ਦੀ ਪਾਰਟੀ ਕਦਰ ਕਰਦੀ ਹੈ ਮੈਡਮ ਭੁੱਲਰ ਨੇ ਵਿਧਾਇਕ ਦੇਵ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਪਾਰਟੀ ਜੋ ਵੀ ਸੇਵਾ ਪ ਮੈਨੂੰ ਸੌਂਪੇ ਗਈ

ਮੈ ਉਸ ਨੂੰ ਤਨਦੇਹੀ ਨਾਲ ਨਿਵਾਵਾਂਗੀ ਅਤੇ ਪਾਰਟੀ ਦੀ ਨੀਤੀਆ ਨੂੰ ਘਰ ਘਰ ਪਹੁੰਚਾਉਣ ਗਏ ਇਸ ਸਮੇਂ ਉਹਨਾਂ ਦੇ ਨਾਲ ਉੱਗੇ ਸਮਾਜ ਸੇਵਕ ਨਰਿੰਦਰ ਜੋਸ਼ੀ , ਮੀਤ ਪ੍ਰਧਾਨ ਗੋਪਾਲ ਸਿੰਘ ਖਨੌੜਾ, ਤੇਜਿੰਦਰ ਸਿੰਘ ਚੌਧਰੀ ਮਾਜਰਾ , ਭੁਪਿੰਦਰ ਸਿੰਘ ਕੱਲਰ ਮਾਜਰੀ , ਮੈਡਮ ਜਸਲੀਨ ਕੌਰ ਅਕਾਲਗੜ੍ਹ , ਕਾਲਾ ਕਿਤਾਬਾਂ ਵਾਲਾ , ਸ਼ਿਵ ਲਾਲ , ਵਿੱਕੀ ਭਾਦਸੋਂ, ਜਸਵੀਰ ਸਿੰਘ ਵਜੀਦਪੁਰ ਅਤੇ ਹੋਰ ਵੱਡੀ ਗਿਣਤੀ ਵਿੱਚ ਬੀਬੀਆਂ ਸ਼ਾਮਿਲ ਸਨ।



# ਮਿਡ ਡੇ ਮੀਲ ਵਰਕਰ ਦੀ ਸਕੂਲ ਵਿੱਚ ਬੱਚਿਆਂ ਦਾ ਖਾਣਾ ਬਣਾਉਂਦੇ ਸਮੇਂ ਅੱਗ ਲੱਗਣ ਨਾਲ ਹੋਈ ਦਰਦਨਾਕ ਮੌਤ

**ਮਾਛੀਵਾੜਾ ਸਾਹਿਬ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਰੋਪੜ ਰੋਡ ਤੇ ਸਥਿਤ ਪਿੰਡ ਮਾਛੀਵਾੜਾ ਖਾਮ ਵਿਖੇ ਅੱਜ ਉਸ ਵੇਲੇ ਹਾਹਾਕਾਰ ਮੱਚ ਗਈ ਜਦੋਂ ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਦਾ ਖਾਣਾ ਬਣਾਉਣ ਵਾਲੀ ਮੇਡ ਡੇ ਮੀਲ ਵਰਕਰ ਮਨਜੀਤ ਕੌਰ( 50 ਸਾਲ )ਦੀ ਅਚਾਨਕ ਅੱਗ ਲੱਗਣ ਨਾਲ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਮਿਡ ਡੇ ਮੀਲ ਵਰਕਰ ਮਨਜੀਤ ਕੌਰ ਬੱਚਿਆਂ ਦਾ ਖਾਣਾ ਬਣਾ ਰਹੀ ਸੀ ਕਿ ਕੋਲ ਪਏ ਸਿਲੰਡਰ ਦੀ ਗੈਸ ਪਾਈਪ. ਲੀਕ ਹੋ ਗਈ ਜਿਸ ਨਾਲ ਉਸ ਦੇ ਕੱਪੜਿਆਂ ਨੂੰ ਅੱਗ ਪੈ ਗਈ ਡਿਊਟੀ ਕਰ ਰਹੇ ਅਧਿਆਪਕ ਚਰਨਜੀਤ ਸਿੰਘ ਨੇ ਮਨਜੀਤ ਕੌਰ ਦੇ ਕੱਪੜਿਆਂ ਨੂੰ ਲੱਗੀ ਅੱਗ ਨੂੰ ਬੜੀ ਮੁਸ਼ੱਕਤ ਨਾਲ ਬੁਝਾਇਆ ਪਰ ਉਦੋਂ ਤੱਕ ਉਸਦਾ ਸਰੀਰ ਅੱਗ ਨਾਲ ਬੁਰੀ ਤਰ੍ਹਾਂ ਝੁਲਸ ਚੁੱਕਾ ਸੀ।

ਜਿਸ ਨੂੰ ਸਿਵਲ ਹਸਪਤਾਲ ਮਾਛੀਵਾੜਾ ਵਿਖੇ ਲਿਆਂਦਾ ਗਿਆ ਜਿੱਥੇ ਡਾਕਟਰ ਸੁੱਭਮ ਦੱਤ ਨੇ ਦੱਸਿਆ ਕਿ ਇਲਾਜ ਦੌਰਾਨ ਉਹ ਆਪਣੇ ਜਖਮਾਂ ਦੀ ਤਾਬ ਨੂੰ ਨਾ ਝੱਲਦਿਆਂ ਦਮ ਤੋੜ ਗਈ।

# ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮੰਢਾਲਾ ਵਿਖੇ ਰੇਤੇ ਦੀ ਖੱਡ ਚਲਾਉਣ ਦਾ ਲਿਆ ਜਾਇਜ਼ਾ

**ਮਾਛੀਵਾੜਾ ਸਾਹਿਬ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਸ਼ਹਿਰ ਦੇ ਨਜ਼ਦੀਕ ਹੀ ਸਤਲੁਜ ਦਰਿਆ ਵਿੱਚ ਚਿੱਟਾ ਸੋਨਾ ਮੌਜੂਦ ਪਿਆ ਹੈ ਪਰ ਇਹ ਦਰਿਆ ਹਰ ਵਾਰ ਹੀ ਸੁਰਖੀਆਂ ਵਿੱਚ ਰਹਿੰਦਾ ਹੈ ਇਸੇ ਤਹਿਤ ਅੱਜ ਮੰਢਾਲਾ ਪਿੰਡ ਜ਼ਿਲ੍ਹਾ ਨਵਾਂਸ਼ਹਿਰ ਦੇ ਅਧੀਨ ਸਤਲੁਜ ਦਰਿਆ ਵਿੱਚ ਪ੍ਰਸ਼ਾਸਨ ਨੇ ਰੇਤੇ ਦੇ ਖੱਡ ਨੂੰ ਚਲਾਉਣ ਲਈ ਜਾਇਜ਼ਾ ਲਿਆ ਉੱਥੇ ਹੀ ਪਹੁੰਚੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਕਿ ਜੇਕਰ ਇਸ ਜਗ੍ਹਾ ਉੱਪਰ ਰੇਤੇ ਦੀ ਖੱਡ ਚਲਾਈ ਜਾਵੇ ਤਾਂ ਕਿਸੇ ਨੂੰ ਕੋਈ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਇਸ ਨੂੰ ਦੇਖਦੇ ਹੋਏ ਆਲੇ ਦੁਆਲੇ ਦੇ ਪਿੰਡਾਂ ਦੇ ਮਜ਼ਦੂਰੀ ਕਰਦੇ ਲੋਕਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਹਾ ਕਿ ਜੇਕਰ ਇਸ ਜਗ੍ਹਾ ਉੱਪਰ ਜਨਤਕ ਖੱਡ ਚਲਾਈ ਜਾਵੇ ਤਾਂ ਸਾਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਪਰੇਸ਼ਾਨੀ ਨਹੀਂ ਹੈ ਕਿਉਂਕਿ ਇਸ ਜਨਤਕ ਖੱਡ ਚੱਲਣ ਦੇ ਨਾਲ ਸਾਡੇ ਘਰਾਂ ਦੇ ਠੰਡੇ ਪਏ ਚੁੱਲਿਆਂ ਵਿੱਚ ਦੁਬਾਰਾ ਤੋਂ ਅੱਗ ਬਲ ਪਵੇਗੀ।ਉਥੇ ਮੌਜੂਦ ਲੇਬਰ ਕਰਨ ਵਾਲਿਆਂ ਨੇ ਕਿਹਾ ਕਿ ਕਈ ਸਾਲਾਂ ਤੋਂ ਕੰਮ ਬੰਦ ਪਿਆ ਹੈ,ਜੇਕਰ ਇਸ ਜਗ੍ਹਾ ਉੱਪਰ ਜਨਤਕ ਖੱਡ ਚਲਾ ਦਿੱਤੀ ਜਾਵੇ ਤਾਂ ਸਾਨੂੰ ਕੁਝ ਰਾਹਤ ਮਿਲ ਸਕਦੀ ਹੈ।ਜਿਸ ਨਾਲ 20-25 ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ।ਜਿਸ ਨਾਲ ਉਹ ਆਪਣੇ ਘਰ ਅਤੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਸਕਦੇ ਹਨ ਕਿਉਂਕਿ ਜਿਆਦਾਤਰ ਘਰਾਂ ਦੇ ਕੰਮ ਰੇਤੇ ਦੇ ਸਿਰ ਤੋਂ ਹੀ ਹਨ, ਜਿਸ ਨਾਲ ਮਜ਼ਦੂਰਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ। ਉਨਾਂ ਨੇ ਕਿਹਾ ਕਿ ਦਰਿਆ ਅਤੇ ਬੰਨ੍ਹ ਦਾ ਇੱਕ ਕਿਲੋਮੀਟਰ ਤੋਂ ਵੀ ਵੱਧ ਦਾ ਫ਼ਰਕ ਹੈ, ਜੇਕਰ ਦਰਿਆ ਵਿੱਚੋਂ ਰੇਤਾ ਚੱਕਿਆ ਜਾਵੇਗਾ ਤਾਂ ਦਰਿਆ ਦੀ ਸਫਾਈ ਵੀ ਹੁੰਦੀ ਹੈ, ਜਿਸ ਨਾਲ ਬੰਨ੍ਹ ਟੁੱਟਣ ਦਾ ਵੀ ਕੋਈ ਖਤਰਾ ਨਹੀਂ ਪੈਂਦਾ। ਇਸ ਮੌਕੇ ਉੱਥੇ ਹਾਜ਼ਰ ਲੇਬਰ ਵਾਲਿਆਂ ਨੇ ਕਿਹਾ ਕਿ ਅਸੀਂ ਸਰਕਾਰ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਜੇਕਰ ਉਹ ਇਸ ਰੇਤੇ ਦੀ ਜਨਤਕ ਖੱਡ ਨੂੰ ਚਲਾਉਣ ਦੀ ਮਨਜ਼ੂਰੀ ਦੇ ਦੇਵੇ।ਇਸ ਮੌਕੇ ਉਨ੍ਹਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਹਾ ਕਿ ਸਾਡੀ ਇੱਕ ਬੇਨਤੀ ਵੀ ਹੈ ਜੇਕਰ ਇੱਥੇ ਖੱਡ ਚਲਾਉਣੀ ਹੈ ਤਾਂ ਇਸ ਬੰਨ੍ਹ ਦੀ ਮੁਰੰਮਤ ਵੀ ਨਾਲ ਦੀ ਨਾਲ ਹੋਣੀ ਚਾਹੀਦੀ ਹੈ ਤਾਂ ਜੋ ਬਰਸਾਤਾਂ ਵਿੱਚ ਪਿੰਡਾਂ ਵਾਲਿਆਂ ਨੂੰ ਕੋਈ ਮੁਸ਼ਕਲ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਮੌਜੂਦ ਪਿੰਡਾਂ ਦੇ ਵਾਸੀ ਰੋਹੀ ਰਾਮ,ਸ਼ੁਕਰ ਸਿੰਘ,ਸੁਰਮੁੱਖ ਸਿੰਘ, ਗੁਰਮੀਤ ਸਿੰਘ, ਕਸ਼ਮੀਰ ਸਿੰਘ, ਬਿੰਦਰ ਸਿੰਘ, ਗੁਲਜਾਰ ਸਿੰਘ, ਕਾਲਾ ਸਿੰਘ, ਸੁਖਦੇਵ ਸਿੰਘ, ਸੱਤਾ, ਗੋਗਾ, ਧਰਮਾ ਆਦਿ ਮੌਜੂਦ ਸਨ।

ਇਸ ਮੌਕੇ ਜਦੋਂ ਨਵਾਂ ਸ਼ਹਿਰ ਜ਼ਿਲ੍ਹੇ ਦੇ ਕੁਝ ਉੱਚ ਅਧਿਕਾਰੀ ਦਰਿਆ ਉੱਤੇ ਰੇਤੇ ਦੇ ਖੱਡ ਚਲਾਉਣ ਦੇ ਸੰਬੰਧ ਵਿੱਚ ਜਾਇਜ਼ਾ ਲੈਣ ਆਏ ਤਾਂ ਕੁਝ ਕੁ ਬੰਦਿਆਂ ਨੇ ਇਸ ਖੱਡ ਨੂੰ ਨਾ ਚੱਲਣ ਦਾ ਵਿਰੋਧ ਵੀ ਕੀਤਾ ਉਹਨਾਂ ਨੇ ਕਿਹਾ ਕਿ ਜੇਕਰ ਇਹ ਖੱਡ ਚੱਲਦੀ ਹੈ ਤਾਂ ਸਾਡੀਆਂ ਫਸਲਾਂ ਅਤੇ ਘਰਾਂ ਨੂੰ ਇਸ ਦਾ ਨੁਕਸਾਨ ਪਹੁੰਚਦਾ ਹੈ ਉੱਥੇ ਹਾਜ਼ਰ ਕੁਝ ਕੁ ਬੰਦਿਆਂ ਨੇ ਕਿਹਾ ਕਿ ਅਸੀਂ ਇਸ ਖੱਡ ਨੂੰ ਕਿਸੇ ਵੀ ਹਾਲਤ ਵਿੱਚ ਨਹੀਂ ਚੱਲਣ ਦੇਵਾਂਗੇ।

# ਸਟੀਫਨ ਇੰਟਰਨੈਸ਼ਨਲ ਸਕੂਲ, ਵੱਲੋਂ ਵਿਦਿਆਰਥੀਆਂ ਲਈ ਸੈਰ ਸਪਾਟਾ ਕਰਵਾਇਆ ਗਿਆ

**ਸੁਨਾਮ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਐਲ ਅਤੇ ਐਲ ਕਲਾਸਾਂ ਦੇ ਛੋਟੇ-ਛੋਟੇ ਬੱਚੇ ਘਰਾਂ ਤੋਂ ਪਾਣੀ ਦੀਆਂ ਬੋਤਲਾਂ ਲੈ ਕੇ ਆਏ ਅਤੇ ਬਹੁਤ ਉਤਸ਼ਾਹ ਨਾਲ ਦੇਖਿਆ ਗਿਆ।ਗੁਰਦੁਆਰਾ ਸਾਹਿਬ ਪਹੁੰਚ ਕੇ ਉਨ੍ਹਾਂ ਨੇ ਹੱਥ-ਮੂੰਹ ਧੋਤੇ। ਅਧਿਆਪਕਾਂ ਨੇ ਹਰ ਵਿਦਿਆਰਥੀ ਦਾ ਧਿਆਨ ਰੱਖਿਆ ਅਤੇ ਉਨ੍ਹਾਂ ਦੀ ਹਰ ਪੱਖੋਂ ਮਦਦ ਕੀਤੀ।ਉਪਰੰਤ ਵਿਦਿਆਰਥੀਆਂ ਨੂੰ ਦਰਬਾਰ ਸਾਹਿਬ ਲਿਜਾਇਆ ਗਿਆ ਜਿੱਥੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ।

ਫਿਰ ਵਿਦਿਆਰਥੀਆਂ ਨੂੰ ਲੰਗਰ ਹਾਲ ਵਿੱਚ ਲਿਜਾਇਆ ਗਿਆ ਅਤੇ ਉਨ੍ਹਾਂ ਨੇ ਪੂਰੇ ਸਤਿਕਾਰ ਨਾਲ ਲੰਗਰ ਛਕਿਆ। ਸਾਰਿਆਂ ਨੇ ਇਸ ਯਾਤਰਾ ਦਾ ਆਨੰਦ ਮਾਣਿਆ ਜੋ ਕਿ ਜਾਣਕਾਰ ਵੀ ਸੀ। ਇਸ ਤਰ੍ਹਾਂ ਦੀਆਂ ਯਾਤਰਾਵਾਂ ਮਾਪਿਆਂ ਦੀ ਵੀ ਮੰਗ ਹਨ।

ਮੁੱਖ ਫੋਕਸ ਤਾਲਮੇਲ ਅਤੇ ਸਹਿਯੋਗ ਵਰਗੇ ਨੈਤਿਕ ਮੁੱਲਾਂ 'ਤੇ ਸੀ।ਸਕੂਲ ਦੇ ਯੋਗ ਚੇਅਰਮੈਨ ਸ਼੍ਰੀ ਦੀਪਕ ਗੁਪਤਾ ਅਤੇ ਡਾਇਰੈਕਟਰ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਵੀ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਰਹਿਣ ਅਤੇ ਵਾਹਿਗੁਰੂ ਜੀ ਦਾ ਆਸ਼ੀਰਵਾਦ ਲੈਣ ਲਈ ਸੇਧ ਦਿੱਤੀ।

# ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਅਨਿਲ ਜੈਨ ਦੀ ਪ੍ਰਧਾਨਗੀ ਹੇਠ ਕਾਰਜਕਾਰਨੀ ਦੀ ਮੀਟਿੰਗ ਆਯੋਜਿਤ



**ਸੁਨਾਮ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਕਾਸ ਪ੍ਰੀਸ਼ਦ ਦੇ ਨਵ-ਨਿਯੁਕਤ ਚੇਅਰਮੈਨ ਅਨਿਲ ਜੈਨ ਦੀ ਪ੍ਰਧਾਨਗੀ ਹੇਠ ਸੰਸਥਾ ਦੇ ਅਹੁਦੇਦਾਰਾਂ, ਕਾਰਜਕਾਰੀ ਮੈਂਬਰਾਂ (53), ਬੋਰਡ ਆਫ਼ ਡਾਇਰੈਕਟਰਜ਼ ਦੀ ਪਹਿਲੀ ਮੀਟਿੰਗ ਹੋਈ।

ਜਿਸ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਮੀਡੀਆ ਕੋਆਰਡੀਨੇਟਰ ਅਤੇ ਸੰਸਥਾ ਦੇ ਜਨਰਲ ਸਕੱਤਰ ਜਤਿੰਦਰ ਜੈਨ ਵੀ ਮੌਜੂਦ ਸਨ। ਇਸ ਵਿਸ਼ੇਸ਼ ਮੀਟਿੰਗ ਵਿੱਚ ਸੂਬਾ ਇਕਾਈ ਦੇ ਮੁੱਖ ਸਲਾਹਕਾਰ ਗੋਪਾਲ ਸ਼ਰਮਾ ਸਮੇਤ 24 ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਕਲੱਬ ਦੇ ਪ੍ਰਧਾਨ ਅਨਿਲ ਜੈਨ ਨੇ ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਮੀਟਿੰਗ 'ਚ ਆਉਣ ਵਾਲੇ ਦਿਨਾਂ 'ਚ ਕੀਤੇ ਜਾਣ ਵਾਲੇ ਪ੍ਰਸਤਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਇਸ ਤਹਿਤ ਪਹਿਲੀ ਨਵਰਾਤਰੀ ਨੂੰ ਸ਼੍ਰੀ ਬ੍ਰਹਮਸੀਰਾ ਮੰਦਿਰ 'ਚ ਸੁੰਦਰ ਕਾਂਡ ਦੇ ਪਾਠ ਦੇ ਪ੍ਰਸਤਾਵ ਅਤੇ ਹੋਰ ਕਈ ਪ੍ਰਸਤਾਵਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਮੌਕੇ 'ਤੇ ਸੂਬਾ ਇਕਾਈ ਦੇ ਮੁੱਖ ਸਲਾਹਕਾਰ ਗੋਪਾਲ ਸ਼ਰਮਾ ਅਤੇ ਟੀਮ ਭਾਰਤ ਵਿਕਾਸ ਪ੍ਰੀਸ਼ਦ ਅਨਿਲ ਜੈਨ ਪ੍ਰਧਾਨ, ਜਤਿੰਦਰ ਜੈਨ ਜਨਰਲ ਸਕੱਤਰ, ਰਾਕੇਸ਼ ਕੁਮਾਰ ਗਰਗ ਸਕੱਤਰ, ਦਿਨੇਸ਼ ਗੁਪਤਾ ਵਿੱਤ ਸਕੱਤਰ, ਸੰਜੀਵ ਜਿੰਦਲ ਸੰਯੁਕਤ ਵਿੱਤ ਸਕੱਤਰ ਦੇ ਨਾਲ ਨਾਲ ਸਾਬਕਾ ਪ੍ਰਧਾਨ ਭੂਸ਼ਣ ਕਾਂਸਲ, ਡਾ: ਪੁਰਸ਼ੋਤਮ ਵਸ਼ਿਸ਼ਟ, ਪ੍ਰਿੰਸੀਪਲ ਅਮਿਤ ਡੋਗਰਾ, ਜਗਦੀਪ ਭਾਰਦਵਾਜ, ਐਡਵੋਕੇਟ ਰਵਿੰਦਰ ਭਾਰਦਵਾਜ, ਪਵਨ ਚੱਠਾ, ਵੇਦ ਕਪੂਰ, ਗਿਆਨ ਚੰਦ, ਦਿਨੇਸ਼ ਗੁਪਤਾ, ਪੁਨੀਤ ਬਾਂਸਲ, ਧੀਰਜ ਕਾਂਸਲ, ਮਨਪ੍ਰੀਤ ਬਾਂਸਲ ,ਪ੍ਰਵੀਨ ਗਰਗ, ਯਸ਼ਪਾਲ ਮੰਗਲਾ, ਨਰਿੰਦਰ ਸ਼ਰਮਾ, ਰਵੀ ਕਮਲ, ਹਰੀਸ਼ ਗੱਖੜ, ਸ਼ਿਵ ਜੈਨ, ਐਡਵੋਕੇਟ ਸੁਭਾਸ਼ ਕੁਮਾਰ, ਸਤੀਸ਼ ਕੁਮਾਰ ਅਤੇ ਮਨਦੀਪ ਕੁਮਾਰ ਹਾਜ਼ਰ ਸਨ।

# ਸਥਾਨਕ ਕ੍ਰਿਸ਼ਨਾ ਮੰਦਰ ਵਾਲੀ ਗਲੀ 'ਚ ਮੋਟਰਸਾਇਕਲ ਚੋਰੀ

**ਮਾਛੀਵਾੜਾ ਸਾਹਿਬ, 12 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ ਸਥਾਨਕ ਕ੍ਰਿਸ਼ਨਾ ਮੰਦਰ ਵਾਲੀ ਗਲੀ 'ਚ ਮੋਟਰਸਾਇਕਲ ਚੋਰੀ ਹੋਣ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੋਟਰਸਾਇਕ ਮਾਲਿਕ ਸੁਰਜੀਤ ਸਿੰਘ ਪੁੱਤਰ ਅਰਜਨ ਸਿੰਘ ਨੇ ਦੱਸਿਆ ਕਿ ਉਸਦਾ ਘਰ ਕ੍ਰਿਸ਼ਨਾ ਮੰਦਰ ਵਾਲੀ ਗਲੀ 'ਚ ਹੈ ਤੇ ਬੀਤੀ ਰਾਤ ਉਹ 8.30 ਵਜੇ ਘਰ ਦੇ ਬਾਹਰ ਮੋਟਰਸਾਇਕਲ ਨੂੰ ਲਾਕ ਲਗਾ ਕੇ ਘਰ ਅੰਦਰ ਗਿਆ ਅਤੇ 10-15 ਮਿੰਟਾਂ ਬਾਅਦ ਬਾਹਰ ਆ ਕੇ ਵੇਖਿਆ ਤਾਂ ਉਸਦਾ ਮੋਟਰਸਾਇਕਲ ਹੋਂਡਾ ਨੰ.ਪੀ.ਬੀ.61-ਸੀ 3687 ਚੋਰੀ ਹੋ ਚੁੱਕਿਆ ਸੀ, ਜਿਸਦੀ ਬਹੁਤ ਭਾਗ ਕੀਤੀ, ਪਰ ਮੋਟਰਸਾਇਕਲ ਨਹੀ ਮਿਲਿਆ, ਜਿਸ ਸਬੰਧੀ ਉਨ੍ਹਾਂ ਨੇ ਥਾਣਾ ਸਿਟੀ ਦਰਖਾਸਤ ਦੇ ਦਿੱਤੀ ਹੈ ਤੇ ਸੁਰਜੀਤ ਸਿੰਘ ਨੇ ਪੁਲਸ ਪ੍ਰਸ਼ਾਸ਼ਨ ਅੱਗੇ ਮੰਗ ਕੀਤੀ ਹੈ ਕਿ ਉਸ ਦਾ ਮੋਟਰਸਾਇਕਲ ਜਲਦ ਲੱਭ ਕੇ ਦਿੱਤਾ ਜਾਵੇ।

# ਬੱਚਿਆਂ ਦਾ ਭਵਿੱਖ ਖਤਰੇ 'ਚ ! ਸਖਤ ਹਦਾਇਤਾਂ ਦੇ ਬਾਵਜੂਦ 800 ਸਕੂਲਾਂ ਨੇ ਆਨਲਾਈਨ ਅੰਕ ਨਹੀਂ ਕੀਤੇ ਅਪਲੋਡ

ਲੁਧਿਆਨਾ 12 ਅਪ੍ਰੈਲ। ਹੁਣ ਇਸ ਨੂੰ ਚਾਹੇ ਸਕੂਲਾਂ ਦੀ ਢਿੱਲੀ ਕਾਰਜਪ੍ਰਣਾਲੀ ਕਹੋ ਜਾਂ ਫਿਰ ਕੋਈ ਤਕਨੀਕੀ ਅੜਚਨ, ਪਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਕਈ ਯਤਨਾਂ ਦੇ ਬਾਵਜੂਦ ਉਕਤ ਦੋਵੇਂ ਕਾਰਨਾਂ ਕਰ ਕੇ 8ਵੀਂ ਦਾ




ਨਤੀਜਾ ਐਲਾਨੇ ਜਾਣ 'ਚ ਅਜੇ ਕੁਝ ਸਮਾਂ ਹੋਰ ਲੱਗ ਸਕਦਾ ਹੈ। ਇਸ ਦਾ ਕਾਰਨ ਹੈ ਕਿ ਬੋਰਡ ਵੱਲੋਂ ਵਾਰ-ਵਾਰ ਮੰਗੇ ਜਾਣ ਦੇ ਬਾਵਜੂਦ ਸੂਬੇ ਦੇ ਕਰੀਬ 800 ਸਕੂਲ ਅਜਿਹੇ ਹਨ, ਜਿਨ੍ਹਾਂ ਨੇ ਅਜੇ ਤੱਕ ਪ੍ਰੈਕਟੀਕਲ ਪ੍ਰੀਖਿਆ ਅਤੇ ਸੀ.ਸੀ.ਈ. ਅੰਕ ਆਨਲਾਈਨ ਅਪਲੋਡ ਨਹੀਂ ਕੀਤੇ ਹਨ। ਹਾਲਾਂਕਿ 8ਵੀਂ ਕਲਾਸ ਦੀ ਬੋਰਡ ਦੀ ਪ੍ਰੀਖਿਆ ਖਤਮ ਹੋਏ ਲਗਭਗ 2 ਹਫਤੇ ਬੀਤੇ ਚੁੱਕੇ ਹਨ ਪਰ ਬੋਰਡ ਦਾ ਨਤੀਜਾ ਅਜੇ ਤੱਕ ਕਈ ਸਕੂਲਾਂ ਦੀ ਵਜ੍ਹਾ ਕਰ ਕੇ ਲਟਕਿਆ ਹੋਇਆ ਹੈ। ਪਹਿਲਾਂ ਪੀ.ਐੱਸ.ਈ.ਬੀ. ਨੇ ਅੰਕ ਅਪਲੋਡ ਕਰਨ ਲਈ 9 ਅਪ੍ਰੈਲ ਦੀ ਤਰੀਕ ਨਿਰਧਾਰਤ ਕੀਤੀ ਸੀ ਪਰ ਵੱਡੀ ਗਿਣਤੀ 'ਚ ਸਕੂਲਾਂ ਵੱਲੋਂ ਸਮੇਂ 'ਤੇ ਕੰਮ ਪੂਰਾ ਨਾ ਕਰਨ ਕਰ ਕੇ ਨਤੀਜੇ ਦਾ ਐਲਾਨ ਲਟਕ ਗਿਆ। ਬੋਰਡ ਨੇ ਯੋਗਤਾ ਵਾਲੀ ਪ੍ਰੀਖਿਆ 'ਚ ਲਗਾਤਾਰ ਹੋ ਰਹੀ ਦੇਰੀ 'ਤੇ ਸਖਤ ਨੋਟਿਸ ਲਿਆ ਹੈ ਕਿਉਂਕਿ ਇਸ ਨਾਲ ਨਤੀਜਾ ਐਲਾਨਣ 'ਚ ਦੇਰ ਹੋ ਸਕਦੀ ਹੈ। ਬੋਰਡ ਨੇ ਉਕਤ ਕੰਮ ਨੂੰ ਪੂਰਾ ਕਰਨ ਦੀ ਆਖਰੀ ਤਰੀਕ ਨੂੰ ਵਧਾਉਂਦੇ ਹੋਏ ਸਾਰੇ ਸਕੂਲਾਂ ਨੂੰ 12 ਅਪ੍ਰੈਲ ਤੱਕ ਹਰ ਹਾਲ 'ਚ ਇਹ ਕੰਮ ਪੂਰਾ ਕਰਨ ਦਾ ਨਿਰਦੇਸ਼ ਦਿੱਤਾ ਹੈ। ਬੋਰਡ ਨੇ ਬਾਕਾਇਦਾ ਸਰਕਾਰੀ ਅਤੇ ਨਿੱਜੀ ਸਕੂਲਾਂ ਦੀ ਲਿਸਟ ਜਾਰੀ ਕਰ ਕੇ ਕਿਹਾ ਹੈ ਕਿ ਇਸ ਤੋਂ ਬਾਅਦ ਪ੍ਰੀਖਿਆਰਥੀਆਂ ਦੇ ਅੰਕ ਆਨਲਾਈਨ ਅਪਲੋਡ ਕਰਨ ਦੀ ਤਰੀਕ ਨਹੀਂ ਵਧਾਈ ਜਾਵੇਗੀ। ਬੋਰਡ ਨੇ ਸਾਫ ਕਰ ਦਿੱਤਾ ਹੈ ਕਿ ਜੇਕਰ ਆਨਲਾਈਨ ਮਾਰਕਸ ਅਪਲੋਡ ਨਾ ਕਰਨ ਕਰ ਕੇ ਪ੍ਰੀਖਿਆਰਥੀਆਂ ਦੇ ਨਤੀਜੇ 'ਤੇ ਕੋਈ ਅਸਰ ਪੈਂਦਾ ਹੈ ਤਾਂ ਇਸ ਦੀ ਪੂਰੀ ਜ਼ਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।

# ਕੈਨੇਡੀਅਨ ਜਾਸੂਸੀ ਏਜੰਸੀ ਦਾ ਦਾਅਵਾ; ਭਾਰਤ ਨੇ ਨਹੀਂ ਸਗੋਂ ਇਸ ਦੇਸ਼ ਨੇ ਕੀਤੀ ਸੀ ਚੋਣਾਂ 'ਚ ਦਖਲਅੰਦਾਜੀ

**ਕਿਸ਼ਨ ਪਾਲ**

ਓਟਾਵਾ 12 ਅਪ੍ਰੈਲ। ਭਾਰਤ 'ਤੇ ਕੈਨੇਡਾ ਦੀਆਂ ਚੋਣਾਂ 'ਚ ਦਖਲਅੰਦਾਜੀ ਦਾ ਦੋਸ ਲਗਾਉਣ ਵਾਲੀ ਜਸਟਿਨ ਟਰੂਡੋ ਸਰਕਾਰ ਨੇ ਹੁਣ ਆਪਣੇ ਹੀ ਦਾਅਵਿਆਂ ਅਤੇ ਦੋਸਾਂ 'ਤੇ ਯੂ-ਟਰਨ ਲੈ ਲਿਆ ਹੈ। ਕੈਨੇਡਾ ਦੀ ਖੁਫੀਆ ਏਜੰਸੀ ਸੀ.ਐੱਸ.ਆਈ.ਐੱਸ. ਨੇ ਪ੍ਰਧਾਨ ਮੰਤਰੀ ਟਰੂਡੋ ਦੇ ਦਫਤਰ ਨੂੰ ਸੌਂਪੀ ਆਪਣੀ ਜਾਂਚ ਰਿਪੋਰਟ ਵਿੱਚ ਅਧਿਕਾਰਤ ਤੌਰ 'ਤੇ ਦਾਅਵਾ ਕੀਤਾ ਹੈ ਕਿ ਪਿਛਲੀਆਂ ਦੋ ਸੰਸਦੀ ਚੋਣਾਂ ਵਿੱਚ ਚੀਨ ਨੇ ਦਖਲਅੰਦਾਜੀ ਕੀਤੀ ਸੀ। ਕੈਨੇਡੀਅਨ ਏਜੰਸੀ ਨੇ ਇਸ ਦੇ ਸਮਰਥਨ ਵਿੱਚ ਕਈ ਠੋਸ ਸਬੂਤ ਪ੍ਰਧਾਨ ਮੰਤਰੀ ਦਫਤਰ ਨੂੰ ਸੌਂਪੇ ਹਨ। ਕੈਨੇਡਾ ਦੇ ਸੀ.ਟੀ.ਵੀ. ਨਿਊਜ ਦੀ ਰਿਪੋਰਟ ਅਨੁਸਾਰ, ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ (ਸੀ.ਐੱਸ.ਆਈ.ਐੱਸ.) ਵੱਲੋਂ ਤਿਆਰ ਇੱਕ ਦਸਤਾਵੇਜ, ਜਿਸ ਦਾ ਸਿਰਲੇਖ ਕੈਨੇਡਾ ਦੇ ਡੈਮੋਕ੍ਰੇਟਿਕ ਅਦਾਰਿਆਂ ਵਿੱਚ ਵਿਦੇਸੀ ਦਖਲਅੰਦਾਜੀ ਦੇ ਖਤਰਿਆਂ 'ਤੇ ਪ੍ਰਧਾਨ ਮੰਤਰੀ ਦਫਤਰ ਨੂੰ ਬ੍ਰੀਫਿੰਗ ਹੈ, ਵਿਚ ਕਿਹਾ ਗਿਆ ਹੈ, 'ਅਸੀਂ ਜਾਣਦੇ ਹਾਂ ਕਿ ਪੀ.ਆਰ.ਸੀ. 2019 ਅਤੇ 2021 ਦੀਆਂ ਆਮ ਚੋਣਾਂ ਵਿੱਚ ਗੁਪਤ ਅਤੇ ਧੋਖੇ ਨਾਲ ਦਖਲਅੰਦਾਜੀ ਕੀਤੀ ਸੀ।' ਇੱਥੇ ਪੀ.ਆਰ.ਸੀ. ਦਾ ਅਰਥ ਹੈ ਪੀਪਲਜ ਰੀਪਬਲਿਕ ਆਫ ਚਾਈਨਾ। ਦੱਸ ਦਈਏ ਕਿ ਤਿੰਨ ਦਿਨ ਪਹਿਲਾਂ ਹੀ ਕੈਨੇਡੀਅਨ ਏਜੰਸੀ ਨੇ ਭਾਰਤ ਅਤੇ ਪਾਕਿਸਤਾਨ 'ਤੇ ਦੋ ਸੰਘੀ ਚੋਣਾਂ 2019 ਅਤੇ 2021 'ਚ ਦਖਲਅੰਦਾਜੀ ਕਰਨ ਦੇ ਦੋਸ ਲਗਾਏ ਸਨ। ਓਟਾਵਾ ਦੇ ਇਨ੍ਹਾਂ ਦੋਸਾਂ 'ਤੇ ਭਾਰਤ ਨੇ



ਸਖਤ ਪ੍ਰਤੀਕਿਰਿਆ ਦਿੱਤੀ ਸੀ ਅਤੇ ਕੈਨੇਡਾ ਦੇ ਖੁਫੀਆ ਵਿਭਾਗ ਦੇ ਦੋਸਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ। ਭਾਰਤੀ ਵਿਦੇਸ ਮੰਤਰਾਲਾ ਨੇ ਇੱਕ ਬਿਆਨ ਜਾਰੀ ਕਰਕੇ ਅਜਿਹੇ ਦੋਸਾਂ ਨੂੰ ਬੇਬੁਨਿਆਦ ਦੱਸਿਆ ਸੀ ਅਤੇ ਕਿਹਾ ਸੀ ਕਿ ਭਾਰਤ ਸਿਹਤਮੰਦ ਲੋਕਤੰਤਰ ਦਾ ਸਮਰਥਕ ਰਿਹਾ ਹੈ ਅਤੇ ਕਿਸੇ ਵੀ ਵਿਦੇਸੀ ਮਾਮਲੇ ਵਿੱਚ ਦਖਲਅੰਦਾਜੀ ਨਹੀਂ ਕਰਦਾ ਹੈ। ਕੈਨੇਡੀਅਨ ਚੋਣਾਂ ਵਿੱਚ ਭਾਰਤ ਦੀ ਦਖਲਅੰਦਾਜੀ ਤੋਂ ਇਨਕਾਰ ਕਰਨ ਦੀ ਰਿਪੋਰਟ ਕੈਨੇਡੀਅਨ ਨਿਊਜ ਆਊਟਲੈਟ ਗਲੋਬ ਐਂਡ ਮੇਲ ਦੇ ਸੀਨੀਅਰ ਪਾਰਲੀਮਾਨੀ ਰਿਪੋਰਟਰ ਸਟੀਵਨ ਚੇਜ ਨੇ ਵੀ ਦਿੱਤੀ ਸੀ। ਉਨ੍ਹਾਂ ਨੇ ਐਕਸ 'ਤੇ ਇੱਕ ਪੋਸਟ ਵਿੱਚ ਲਿਖਿਆ ਸੀ, "2021 ਦੀਆਂ ਚੋਣਾਂ ਦੀ ਨਿਗਰਾਨੀ ਕਰਨ ਵਾਲੇ ਨੌਕਰਸਾਹਾਂ ਦੇ ਪੈਨਲ ਨੇ ਵਿਦੇਸ਼ੀ ਦਖਲਅੰਦਾਜੀ ਦੀ ਜਾਂਚ ਬਾਰੇ ਦੱਸਿਆ ਹੈ ਕਿ ਉਨ੍ਹਾਂ ਨੂੰ 2021 ਦੀਆਂ ਚੋਣਾਂ ਵਿੱਚ ਭਾਰਤ ਵੱਲੋਂ ਕਿਸੇ ਵੀ ਤਰ੍ਹਾਂ ਦੀ ਸੰਭਾਵੀ ਚੋਣ ਦਖਲ ਜਾਂ ਇਸ ਨਾਲ ਸਬੰਧਤ ਗਤੀਵਿਧੀ ਦੀ ਸੂਚਨਾ ਨਹੀਂ ਦਿੱਤੀ ਹੈ।" ਦੱਸ ਦੇਈਏ ਕਿ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੇ 2019 ਅਤੇ 2021 ਦੀਆਂ ਸੰਘੀ ਚੋਣਾਂ ਜਿੱਤੀਆਂ ਸਨ ਅਤੇ ਉਹ ਪ੍ਰਧਾਨ ਮੰਤਰੀ ਬਣੇ ਸਨ। ਤਾਜਾ ਖੁਫੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਦੋਵਾਂ ਚੋਣਾਂ ਵਿੱਚ ਭਾਰਤੀ ਦਖਲਅੰਦਾਜੀ ਦੇ ਕੋਈ ਸਬੂਤ ਨਹੀਂ ਹਨ। ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਪਿਛਲੇ ਸਾਲ ਸਤੰਬਰ ਤੋਂ ਤਣਾਅ ਬਣਿਆ ਹੋਇਆ ਹੈ। ਪਿਛਲੇ ਸਾਲ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਦੀ ਸਮੂਲੀਅਤ ਦਾ ਦੋਸ ਲਾਇਆ ਸੀ ਪਰ ਜਦੋਂ ਭਾਰਤ ਨੇ ਸਬੂਤ ਮੰਗੇ ਤਾਂ ਕੈਨੇਡਾ ਨੇ ਮੂੰਹ ਫੇਰਨਾ ਸੁਰੂ ਕਰ ਦਿੱਤਾ। ਅੱਜ ਤੱਕ ਕੈਨੇਡਾ ਉਸ ਮਾਮਲੇ ਵਿੱਚ ਕੋਈ ਸਬੂਤ ਪੇਸ ਨਹੀਂ ਕਰ ਸਕਿਆ ਹੈ।

# ਕੇਕ ਖਾਣ ਨਾਲ ਬੱਚੀ ਦੀ ਹੋਈ ਮੌਤ ਦੇ ਮਾਮਲੇ 'ਚ ਹਾਈ ਕੋਰਟ ਤੋਂ ਮਿਲਿਆ ਝਟਕਾ

ਚੰਡੀਗੜ੍ਹ 12 ਅਪ੍ਰੈਲ। ਜਨਮਦਿਨ 'ਤੇ ਕੇਕ ਖਾਣ ਕਾਰਨ 10 ਸਾਲਾ ਬੱਚੀ ਮਾਨਵੀ ਦੀ ਮੌਤ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਨੂੰ ਲੈ ਕੇ ਦਾਖਲ ਜਨਹਿੱਤ ਪਟੀਸਨ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਅਦਾਲਤ ਨੇ ਮੋਹਾਲੀ ਨਿਵਾਸੀ ਪਟੀਸਨਰ ਵਕੀਲ ਕੁੰਵਰ ਪਾਹੁਲ ਸਿੰਘ ਨੂੰ ਕਿਹਾ ਕਿ ਇਸ ਘਟਨਾ ਸਬੰਧੀ ਜਿਥੇ ਪਹਿਲਾਂ ਸ਼ਿਕਾਇਤ ਦਰਜ ਕਰਵਾਈ ਸੀ, ਉਥੋਂ ਜਵਾਬ ਆਉਣ ਦੀ ਉਡੀਕ ਕਰਨ। ਇਸ ਪਟੀਸਨ 'ਚ ਪੰਜਾਬ ਸਰਕਾਰ ਸਮੇਤ ਖੁਰਾਕ ਤੇ ਸਪਲਾਈ ਵਿਭਾਗ ਤੇ ਹੋਰਨਾਂ ਨੂੰ ਧਿਰ ਬਣਾਇਆ ਗਿਆ ਸੀ। ਇਹ ਘਟਨਾ ਇਸ ਸਾਲ 24 ਮਾਰਚ ਨੂੰ ਪੰਜਾਬ ਦੇ ਪਟਿਆਲਾ 'ਚ ਵਾਪਰੀ ਸੀ। ਪਟੀਸਨ 'ਚ ਕਿਹਾ ਗਿਆ ਸੀ ਕਿ 2016 'ਚ ਇਕ ਹੋਰ ਮਾਮਲੇ 'ਚ ਸੁਪਰੀਮ ਕੋਰਟ ਨੇ ਸਾਰੇ ਸੂਬਿਆਂ ਨੂੰ ਫੂਡ ਸੇਫਟੀ ਸਟੈਂਡਰਡ ਐਕਟ ਦੀ ਪਾਲਣਾ ਕਰਨ ਦੇ ਹੁਕਮ ਦਿੱਤੇ ਸਨ। ਇਸ ਦੇ ਬਾਵਜੂਦ ਮਿਲਾਵਟਖੋਰੀ ਦਾ ਧੰਦਾ ਰੁਕ ਨਹੀਂ ਰਿਹਾ। ਪਟੀਸ਼ਨ 'ਚ ਦੱਸਿਆ ਗਿਆ ਹੈ ਕਿ ਅਮਨ ਨਗਰ ਪਟਿਆਲਾ ਦੇ ਰਹਿਣ ਵਾਲੇ ਅਜਲ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ, ਜਿਸ 'ਚ ਕਿਹਾ ਗਿਆ ਸੀ ਕਿ 24 ਮਾਰਚ ਨੂੰ ਕੰਪਨੀ ਤੋਂ ਆਨਲਾਈਨ ਕੇਕ ਆਰਡਰ ਕੀਤਾ ਸੀ। ਸ਼ਾਮ ਨੂੰ ਜਦੋਂ ਕੇਕ ਕੱਟਿਆ ਗਿਆ ਤਾਂ ਉਸ ਨੂੰ ਖਾਣ ਤੋਂ ਬਾਅਦ ਮਾਨਵੀ ਤੇ ਹੋਰ ਪਰਿਵਾਰਕ ਮੈਂਬਰਾਂ ਦੀ ਸਿਹਤ ਖਰਾਬ ਹੋ ਗਈ ਸੀ। ਮਾਨਵੀ ਤੇ ਉਸ ਦੀ ਛੋਟੀ ਭੈਣ ਦੀ ਸਿਹਤ ਜ਼ਿਆਦਾ ਖਰਾਬ ਹੋਣ 'ਤੇ ਦੋਵਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਅਗਲੇ ਦਿਨ ਮਾਨਵੀ ਦੀ ਮੌਤ ਹੋ ਗਈ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਬੈਠੇ ਵਿਅਕਤੀ ਦੀ ਨਸ਼ਾ ਕਰਦੇ ਵੀਡੀਓ ਵਾਇਰਲ, ਅਕਾਲ ਤਖਤ ਵਲੋਂ ਸਖਤ ਨੋਟਿਸ

ਅੰਮ੍ਰਿਤਸਰ 12 ਅਪ੍ਰੈਲ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਇਕ ਵਿਅਕਤੀ ਵਲੋਂ ਕਿਸੇ ਨਸ਼ੀਲੇ ਪਦਾਰਥ ਦਾ ਸੇਵਨ ਕਰਨ ਦੀ ਪਿਛਲੇ ਦਿਨਾਂ ਤੋਂ ਸੋਸਲ ਮੀਡੀਆ 'ਤੇ ਵਾਇਰਲ ਵੀਡੀਓ ਦੇ ਮਾਮਲੇ 'ਚ ਗੰਭੀਰ ਨੋਟਿਸ ਲਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਨਸੀਲਾ ਪਦਾਰਥ ਸੇਵਨ ਕਰਨ ਵਾਲੇ ਵਿਅਕਤੀ ਅਤੇ ਸਥਾਨ ਬਾਰੇ ਮੁੱਢਲੇ ਤੌਰ 'ਤੇ ਕੋਈ ਪਤਾ ਨਹੀਂ ਲੱਗ ਰਿਹਾ, ਜਦੋਂਕਿ ਇਸ ਵੀਡੀਓ ਨੂੰ ਵੇਖ ਕੇ ਹਰੇਕ ਗੁਰੂ ਨਾਨਕ ਨਾਮ ਲੇਵਾ ਸਿੱਖ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵਲੋਂ ਆਦੇਸ ਹੋਇਆ ਹੈ ਕਿ ਸਮੂਹ ਸਿੰਘ ਸਭਾਵਾਂ, ਜਥੇਬੰਦੀਆਂ, ਸੰਪਰਦਾਵਾਂ ਅਤੇ ਅਖੰਡ ਪਾਠੀ ਵੈੱਲਫੇਅਰ ਸੋਸਾਇਟੀਆਂ ਆਦਿ, ਜਿਸ ਕਿਸੇ ਕੋਲ ਵੀ ਇਸ ਵੀਡੀਓ ਵਿਚ ਦਿਖਾਈ ਦੇ ਰਹੇ ਦੁਸਟ ਵਿਅਕਤੀ ਦੀ ਪਛਾਣ-ਪਤੇ ਬਾਰੇ ਕੋਈ ਵੀ ਜਾਣਕਾਰੀ ਹੋਵੇ ਤਾਂ ਉਹ ਜਲਦ ਤੋਂ ਜਲਦ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚਾਉਣ ਦੀ ਖੇਚਲ ਕਰੇ, ਤਾਂ ਜੋ ਸਿੱਖ ਭਾਵਨਾਵਾਂ ਨੂੰ ਪੁੱਜੀ ਭਾਰੀ ਠੇਸ ਦੇ ਗੰਭੀਰ ਮਾਮਲੇ ਵਿਚ ਪੰਥਕ ਪ੍ਰੰਪਰਾਵਾਂ ਅਨੁਸਾਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਸਕੇ।

# ਲੋਕ ਸਭਾ ਚੋਣਾਂ: ਪੰਜਾਬ 'ਚ 1967 'ਚ ਹੋਈ ਸੀ ਸਭ ਤੋਂ ਵੱਧ 71.13% ਵੋਟਿੰਗ, 1992 'ਚ ਸਿਰਫ 23%

**ਏਜੰਸੀਆਂ**

ਚੰਡੀਗੜ੍ਹ 12 ਅਪ੍ਰੈਲ। ਪੰਜਾਬ ਦੇ ਪੁਨਰਗਠਨ ਤੋਂ ਬਾਅਦ ਪਿਛਲੇ 57 ਸਾਲਾਂ ਦੌਰਾਨ ਸੂਬੇ 'ਚ ਵੋਟਰਾਂ ਦੀ ਗਿਣਤੀ 'ਚ 3 ਗੁਣਾ ਤੋਂ ਜ਼ਿਆਦਾ ਦਾ ਵਾਧਾ ਹੋ ਚੁੱਕਾ ਹੈ। ਪੰਜਾਬ ਦੇ ਹਰਿਆਣਾ ਤੋਂ ਵੱਖ ਹੋਣ ਤੋਂ ਬਾਅਦ 1967 ਵਿਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਵਿਚ ਕੁੱਲ 63,11,501 ਵੋਟਰ ਸਨ ਜਦਕਿ ਸੂਬੇ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਅਨੁਸਾਰ 2024 ਦੀਆਂ ਲੋਕ ਸਭਾ ਚੋਣਾਂ 'ਚ 2,13,21,705 ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰ ਸਕਣਗੇ। ਹੁਣ ਤੱਕ ਹੋਈਆਂ 14 ਲੋਕ ਸਭਾ ਚੋਣਾਂ ਵਿਚ ਸਭ ਤੋਂ ਵੱਧ ਵੋਟਿੰਗ 1967 ਵਿਚ ਹੀ ਦਰਜ ਕੀਤੀ ਗਈ ਜਦੋਂ 44,89,663 ਭਾਵ 71.13 ਫੀਸਦੀ ਵੋਟਰਾਂ ਨੇ ਵੋਟ ਪਾਈ ਸੀ। ਖਾਸ ਗੱਲ ਇਹ ਹੈ ਕਿ ਉਸ ਸਮੇਂ ਪੰਜਾਬ ਭਰ ਵਿਚ 6866 ਪੋਲਿੰਗ ਸਟੇਸ਼ਨ ਬਣਾਏ ਗਏ ਸਨ, ਜਿਨ੍ਹਾਂ ਦੀ ਗਿਣਤੀ ਵਧਾ ਕੇ 2024 ਦੀਆਂ ਲੋਕ ਸਭਾ ਚੋਣਾਂ ਲਈ 24,433 ਕਰ ਦਿੱਤੀ ਗਈ ਹੈ। ਖਾਸ ਗੱਲ ਇਹ ਹੈ ਕਿ ਸਾਲ 1989 ਵਿਚ ਪੰਜਾਬ 'ਚ ਮਰਦ ਵੋਟਰਾਂ ਦੀ ਗਿਣਤੀ



69,63,068 ਸੀ, ਜੋ ਕਿ 22 ਸਾਲ ਪਹਿਲਾਂ 1967 ਦੇ ਕੁੱਲ ਵੋਟਰਾਂ ਤੋਂ ਵੀ ਜ਼ਿਆਦਾ ਸਨ। ਇਸ ਤੋਂ ਸਿਰਫ਼ ਦੋ ਲੋਕ ਸਭਾ ਚੋਣਾਂ ਬਾਅਦ 1996 ਵਿਚ ਮਹਿਲਾ ਵੋਟਰਾਂ ਦੀ ਗਿਣਤੀ ਨੇ 1967 ਦੇ ਕੁੱਲ ਵੋਟਰਾਂ ਦਾ ਰਿਕਾਰਡ ਤੋੜ ਦਿੱਤਾ। 1996 'ਚ ਪੰਜਾਬ 'ਚ 68,55,344 ਮਹਿਲਾ ਵੋਟਰ ਸਨ। ਪੰਜਾਬ 'ਚ ਦੋ ਮੌਕੇ ਅਜਿਹੇ ਵੀ ਆਏ ਹਨ ਜਦੋਂ ਪੂਰੇ ਦੇਸ਼ ਨਾਲ ਇੱਥੇ ਚੋਣਾਂ ਨਹੀਂ ਹੋਈਆਂ। ਸਾਲ 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਸਿੱਖ ਵਿਰੋਧੀ ਦੰਗਿਆਂ ਕਾਰਨ ਇੱਥੇ ਚੋਣਾਂ ਮੁਲਤਵੀ ਕਰਨੀਆਂ ਪਈਆਂ ਸਨ ਅਤੇ 1985 ਵਿਚ ਆਸਾਮ ਦੇ ਨਾਲ ਇੱਥੇ ਚੋਣਾਂ ਕਰਵਾਈਆਂ ਗਈਆਂ ਸਨ। ਇਸ ਤੋਂ ਬਾਅਦ 1991 ਵਿਚ ਜਦੋਂ ਪੂਰੇ ਦੇਸ਼ ਵਿਚ ਚੋਣਾਂ ਸਨ ਤਾਂ ਪੰਜਾਬ ਵਿਚ ਅੱਤਵਾਦ ਕਾਰਨ ਚੋਣਾਂ ਮੁਲਤਵੀ ਕਰਨੀਆਂ ਪਈਆਂ। ਉਸ ਸਮੇਂ ਬਹੁਤ ਸਾਰੇ ਸਿਆਸੀ ਕਤਲਾਂ ਕਾਰਨ 1992 ਵਿਚ ਚੋਣਾਂ ਹੋ ਸਕੀਆਂ ਸਨ ਪਰ ਦਹਿਸ਼ਤ ਦੇ ਸਾਏ ਹੇਠ ਵੋਟਿੰਗ ਸਿਰਫ਼ 23.96 ਫ਼ੀਸਦੀ ਤੱਕ ਹੀ ਪਹੁੰਚ ਸਕੀ ਸੀ। ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਇਤਿਹਾਸ ਵਿਚ ਇਹ ਹੁਣ ਤੱਕ ਦੀ ਸਭ ਤੋਂ ਘੱਟ ਵੋਟਿੰਗ ਪ੍ਰਤੀਸ਼ਤਤਾ ਹੈ।

# ਗਾਜਾ ਜੰਗ ਹੁਣ ਵੀ ਲਾ ਰਹੀ ਕਰੂਡ 'ਚ ਅੱਗ, ਚੋਣਾਂ ਤੋਂ ਬਾਅਦ ਮਹਿੰਗਾ ਹੋਣ ਵਾਲਾ ਹੈ ਪੈਟਰੋਲ-ਡੀਜਲ !

**ਏਜੰਸੀਆਂ**

ਨਵੀਂ ਦਿੱਲੀ 12 ਅਪ੍ਰੈਲ। ਇਜਰਾਈਲ ਅਤੇ ਹਮਾਸ ਦਰਮਿਆਨ ਗਾਜਾ ਪੱਟੀ 'ਚ ਜਾਰੀ ਜੰਗ ਨੇ ਪੂਰੇ ਪੱਛਮੀ ਏਸ਼ੀਆ ਦੀ ਰਾਜਨੀਤੀਕ ਵਿਵਸਥਾ ਨੂੰ ਢਹਿ-ਢੇਰੀ ਕਰ ਦਿੱਤਾ ਹੈ। ਅਜਿਹੇ 'ਚ ਕੱਚੇ ਤੇਲ ਦੀਆਂ ਕੀਮਤਾਂ ਰੋਜ ਨਵੇਂ ਰਿਕਾਰਡ ਬਣਾ ਰਹੀਆਂ ਹਨ। ਫਿਲਹਾਲ ਕਰੂਡ ਆਇਲ ਦੀਆਂ ਕੀਮਤਾਂ ਆਪਣੇ ਹਾਈ ਲੈਵਲ ਨਾਲੋਂ ਥੋੜ੍ਹੀ ਹੇਠਾਂ ਆਈਆਂ ਹੈ ਪਰ ਅਜੇ ਵੀ 5 ਮਹੀਨਿਆਂ ਦੇ ਉੱਚੇ ਪੱਧਰ 'ਤੇ ਹੀ ਹਨ। ਇਸ ਦੇ ਨਾਲ ਓਪੇਕ ਦੇਸ਼ਾਂ ਦੇ ਪ੍ਰਮੁੱਖ ਕਾਰਕ ਈਰਾਨ ਦੇ ਸਪਲਾਈ ਘਟਾਉਣ ਦਾ ਜੋਖਿਮ ਵੀ ਬਣਿਆ ਹੋਇਆ ਹੈ। ਅਜਿਹੇ 'ਚ ਸੰਭਵ ਹੈ ਕਿ ਆਉਣ ਵਾਲੇ ਦਿਨਾਂ 'ਚ ਕੱਚੇ ਤੇਲ ਦੇ ਭਾਅ ਦੁਨੀਆ 'ਚ ਕਹਿਰ ਮਚਾਉਣਗੇ ਅਤੇ ਭਾਰਤ ਵਰਗੇ ਦੇਸ਼ਾਂ 'ਚ ਪੈਟਰੋਲ-ਡੀਜਲ ਮਹਿੰਗਾ ਹੋ ਜਾਵੇਗਾ, ਕਿਉਂਕਿ ਇਹ ਕੱਚੇ ਤੇਲ ਦੀ ਦਰਾਮਦ 'ਤੇ ਨਿਰਭਰ ਹੈ। ਭਾਰਤ ਦੁਨੀਆ ਦਾ ਤੀਜਾ ਵੱਡਾ ਕਰੂਡ ਇੰਪੋਰਟਰ ਹੈ। ਆਪਣੀ ਜਰੂਰਤ ਦਾ 85 ਫੀਸਦੀ ਕਰੂਡ ਆਇਲ ਭਾਰਤ ਦਰਾਮਦ ਕਰਦਾ ਹੈ। ਇਸ ਤਰ੍ਹਾਂ ਲਗਾਤਾਰ ਕੱਚੇ ਤੇਲ ਦੀਆਂ ਕੀਮਤਾਂ ਵੱਧਣ ਨਾਲ ਦੇਸ਼ 'ਚ ਜਲਦੀ ਹੀ ਪੈਟਰੋਲ-ਡੀਜਲ ਦੀਆਂ ਕੀਮਤਾਂ 'ਚ ਵਾਧਾ ਦੇਖਣ ਨੂੰ ਮਿਲ ਸਕਦਾ ਹੈ। ਸੰਭਵ ਹੈ ਕਿ ਚੋਣਾਂ ਖਤਮ ਹੋਣ ਤੋਂ ਬਾਅਦ ਹੀ ਇਹ ਵਾਧਾ ਹੋ ਜਾਵੇ। ਮੰਗਲਵਾਰ ਨੂੰ ਕੱਚੇ ਤੇਲ ਦੀਆਂ ਕੀਮਤਾਂ ਸਥਿਰ ਬਣੀ ਰਹੀ। ਬ੍ਰੇਂਟ ਕਰੂਡ ਆਇਲ ਦੇ ਪ੍ਰਾਈਸ 'ਚ ਮਾਮੂਲੀ ਹੀ ਸਹੀ ਫਿਰ ਤੋਂ ਵਾਧਾ ਦਰਜ ਕੀਤਾ ਗਿਆ ਹੈ। ਬ੍ਰੇਂਟ ਕਰੂਡ ਆਇਲ 5 ਸੈਂਟਸ ਵੱਧ ਕੇ 90.43 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਿਆ, ਜਦੋਂਕਿ ਵੈਸਟ ਟੈਕਸਾਸ ਇੰਟਰਮੀਡੀਏਟ (ਡਬਲਯੂ. ਟੀ. ਆਈ.) ਕੱਚੇ ਤੇਲ ਦੇ ਭਾਅ 86.33



ਡਾਲਰ 'ਤੇ ਬਣਿਆ ਹੋਇਆ ਹੈ। ਇਜਰਾਈਲ ਅਤੇ ਹਮਾਸ ਦਰਮਿਆਨ ਸੀਜਫਾਇਰ ਲਈ ਕਾਹਿਰਾ 'ਚ ਸ਼ੁਰੂ ਹੋਈ ਨਵੇਂ ਦੌਰ ਦੀ ਗੱਲਬਾਤ ਪਿੱਛੋਂ ਸੋਮਵਾਰ ਨੂੰ ਬ੍ਰੇਂਟ ਅਤੇ ਡਬਲਯੂ. ਟੀ. ਆਈ. ਦੋਵਾਂ 'ਚ ਹੀ ਕਾਫੀ ਫਰਕ ਤੋਂ ਬਾਅਦ ਗਿਰਾਵਟ ਦਰਜ ਕੀਤੀ ਗਈ ਸੀ। ਹਾਲਾਂਕਿ ਮੰਗਲਵਾਰ ਨੂੰ ਬ੍ਰੇਂਟ 'ਚ ਆਏ ਮਾਮੂਲੀ ਉਛਾਲ ਨੇ ਮਾਰਕੀਟ ਦੀਆਂ ਆਸਾਂ ਨੂੰ ਤੋੜ ਦਿੱਤਾ। ਇਕ ਖਬਰ ਮੁਤਾਬਕ ਇਸ ਦਾ ਇਕ ਕਾਰਨ ਇਜਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਾਨਿਆਹੂ ਦਾ ਉਹ ਬਿਆਨ ਵੀ ਰਿਹਾ, ਜਿਸ 'ਚ ਉਨ੍ਹਾਂ ਨੇ ਕਿਹਾ ਕਿ ਗਾਜਾ ਦੇ ਰਫਾਹ ਐਨਕਲੇਵ 'ਚ ਇਜਰਾਈਲ ਦੇ ਹਮਲੇ ਦੀ ਤਰੀਕ ਤੈਅ ਹੋ ਚੁੱਕੀ ਹੈ। ਇਸ ਨੇ ਬਾਜਾਰ ਦੀਆਂ ਬਚੀਆਂ ਹੋਈਆਂ ਆਸਾਂ 'ਤੇ ਵੀ ਪਾਣੀ ਫੇਰ ਦਿੱਤਾ। ਐਕਸਪਰਟਸ ਦਾ ਕਹਿਣਾ ਹੈ ਕਿ ਪੱਛਮੀ ਏਸ਼ੀਆ 'ਚ ਜੇਕਰ ਇਸੇ ਤਰ੍ਹਾਂ ਦੇ ਹਾਲਾਤ ਬਣੇ ਰਹੇ ਤਾਂ ਕੱਚਾ ਤੇਲ ਮਹਿੰਗਾ ਹੋ ਜਾਵੇਗਾ ਅਤੇ ਇਸ ਦਾ ਅਸਰ ਪੈਟਰੋਲ-ਡੀਜਲ ਦੀਆਂ ਕੀਮਤਾਂ 'ਤੇ ਪਵੇਗਾ। ਹਮਾਸ ਨੂੰ ਈਰਾਨ ਦੀ ਹਮਾਇਤ ਹਾਸਲ ਹੈ, ਜੋ ਤੇਲ ਉਤਪਾਦਨ ਦੇਸ਼ਾਂ (ਓਪੇਕ) 'ਚ ਤੀਜਾ ਸਭ ਤੋਂ ਵੱਡਾ ਆਇਲ ਪ੍ਰੋਡਿਊਸਰ ਦੇਸ਼ ਹੈ। ਅਜਿਹੇ 'ਚ ਕੱਚੇ ਤੇਲ ਦੀਆਂ ਕੀਮਤਾਂ 'ਚ ਉਛਾਲ ਦਾ ਜੋਖਮ ਬਣਿਆ ਹੋਇਆ ਹੈ। ਇਸ ਦੌਰਾਨ ਤੁਰਕੀਏ ਨੇ ਵੀ ਮੰਗਲਵਾਰ ਨੂੰ ਜੈੱਟ ਫਿਊਲ ਸਮੇਤ ਕਈ ਹੋਰ ਪੈਟਰੋਲੀਅਮ ਪ੍ਰੋਡਕਟ ਦੇ ਐਕਸਪੋਰਟ 'ਤੇ ਪਾਬੰਦੀ ਲਾ ਦਿੱਤੀ। ਇਹ ਪਾਬੰਦੀ ਗਾਜਾ 'ਚ ਸੀਜਫਾਇਰ ਨਹੀਂ ਹੁੰਦਾ। ਉੱਥੇ ਮੈਕਸੀਕੋ ਦੀ ਸਰਕਾਰੀ ਤੇਲ ਕੰਪਨੀ ਪੇਮੈਕਸ ਦਾ ਕਹਿਣਾ ਹੈ ਕਿ ਉਹ ਆਪਣੀ ਬਰਾਮਦ ਘਟਾ ਕੇ 3,30,000 ਬੈਰਲ ਪ੍ਰਤੀ ਦਿਨ 'ਤੇ ਲਿਆਵੇਗੀ। ਇਸ ਨਾਲ ਅਮਰੀਕੀ, ਯੂਰਪੀ ਅਤੇ ਏਸ਼ੀਆਈ ਦੇਸ਼ਾਂ ਨੂੰ ਕੰਪਨੀ ਤੋਂ ਹੋਣ ਵਾਲੀ ਸਪਲਾਈ ਇਕ ਤਿਹਾਈ ਤੱਕ ਘਟੇਗੀ। ਇਸੇ ਤਰ੍ਹਾਂ ਮਾਰਕੀਟ 'ਚ ਕੱਚੇ ਤੇਲ ਦੀਆਂ ਕੀਮਤਾਂ ਹੋਰ ਵਧਣ ਦੀ ਆਸ ਹੈ।

# 18 ਮਹੀਨਿਆਂ ਦੀ ਬੱਚੀ ਦਾ ਕਤਲ ਮਗਰੋਂ ਕਬਰ 'ਚ ਦਫਨਾਈ ਲਾਸ਼

ਠਾਣੇ 12 ਅਪ੍ਰੈਲ। ਮਹਾਰਾਸ਼ਟਰ ਦੇ ਠਾਣੇ ਸ਼ਹਿਰ ਵਿਚ ਇਕ ਦਿਲ ਨੂੰ ਵਲੂੰਧਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਪਤੀ-ਪਤਨੀ ਵਲੋਂ ਆਪਣੀ 18 ਮਹੀਨੇ ਦੀ ਬੱਚੀ 'ਤੇ ਕਤਲ ਕੀਤੇ ਜਾਣ ਅਤੇ ਲਾਸ਼ ਨੂੰ ਚੁੱਪਚਾਪ ਇਕ ਕਬਰਸਤਾਨ 'ਚ ਦਫਨਾ ਦਿੱਤਾ ਗਿਆ। ਬੱਚੀ ਨੂੰ ਕਬਰਸਤਾਨ 'ਚ ਦਫਨਾਉਣ ਦੀ ਘਟਨਾ ਦੇ 3 ਹਫਤਿਆਂ ਤੋਂ ਵੱਧ ਸਮੇਂ ਬਾਅਦ ਪੁਲਸ ਨੇ ਲਾਸ਼ ਨੂੰ ਕਬਰ 'ਚੋਂ ਕੱਢਿਆ ਅਤੇ ਪਤੀ-ਪਤਨੀ ਨੂੰ ਗ੍ਰਿਫਤਾਰ ਕਰ ਲਿਆ। ਇਕ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਪੁਲਸ ਨੂੰ ਕਿਸੇ ਅਣਜਾਣ ਵਿਅਕਤੀ ਨੇ ਚਿੱਠੀ ਭੇਜ ਕੇ ਘਟਨਾ ਦੀ ਜਾਣਕਾਰੀ ਦਿੱਤੀ ਸੀ। ਚਿੱਠੀ ਵਿਚ ਦੱਸਿਆ ਗਿਆ ਕਿ ਸ਼ਹਿਰ ਦੇ ਮੁੰਬਰਾ 'ਚ ਰਹਿਣ ਵਾਲੇ ਜਾਹਿਦ ਸ਼ੇਖ (38) ਅਤੇ ਉਸ ਦੀ ਪਤਨੀ (28) ਨੂਰਾਮੀ ਨੂੰ 18 ਮਾਰਚ ਨੂੰ ਕੀਤੇ ਗਏ ਕਤਲ ਦੇ ਦੋਸ਼ 'ਚ ਬੁੱਧਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਮੁੰਬਰਾ ਪੁਲਸ ਥਾਣੇ ਦੇ ਸੀਨੀਅਰ ਪੁਲਸ ਇੰਸਪੈਕਟਰ ਅਨਿਲ ਸ਼ਿੰਦੇ ਨੇ ਦੱਸਿਆ ਕਿ ਪੁਲਸ ਨੂੰ ਹਾਲ ਵਿਚ ਇਕ ਗੁੰਮਨਾਮ ਚਿੱਠੀ ਮਿਲੀ ਸੀ, ਜਿਸ 'ਚ ਦੱਸਿਆ ਗਿਆ ਸੀ ਕਿ ਜੋੜੇ ਨੇ ਆਪਣੀ ਬੱਚੀ ਲਬੀਬਾ ਦਾ ਕਤਲ ਕਰ ਕੇ ਲਾਸ਼ ਨੂੰ ਚੁੱਪਚਾਪ ਕਬਰਸਤਾਨ 'ਚ ਦਫਨਾ ਦਿੱਤਾ ਹੈ। ਪੁਲਸ ਨੇ ਜਾਂਚ ਸ਼ੁਰੂ ਕੀਤੀ ਅਤੇ ਜੋੜੇ ਨੂੰ ਹਿਰਾਸਤ ਵਿਚ ਲਿਆ ਗਿਆ। ਸ਼ੁਰੂਆਤ ਵਿਚ ਦੋਸ਼ੀਆਂ ਨੇ ਸਹਿਯੋਗ ਨਹੀਂ ਕੀਤਾ ਪਰ ਬਾਅਦ ਵਿਚ ਉਨ੍ਹਾਂ ਨੇ ਜੁਰਮ ਦੀ ਪੂਰੀ ਦਾਸਤਾਨ ਸੁਣਾਈ। ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੇ ਬੱਚੀ ਦਾ ਕਤਲ ਕਿਉਂ ਕੀਤਾ। ਜੋੜੇ ਨੇ ਇਹ ਦੱਸਿਆ ਕਿ ਉਨ੍ਹਾਂ ਨੇ 18 ਮਾਰਚ ਨੂੰ ਆਪਣੀ ਬੱਚੀ ਦਾ ਕਤਲ ਕੀਤਾ ਅਤੇ ਲਾਸ਼ ਨੂੰ ਇਕ ਸਥਾਨਕ ਕਬਰਸਤਾਨ ਵਿਚ ਦਫਨਾ ਦਿੱਤਾ। ਇਸ ਤੋਂ ਬਾਅਦ ਪੁਲਸ ਨੇ ਬੱਚੀ ਦੀ ਲਾਸ਼ ਨੂੰ ਕਬਰ 'ਚੋਂ ਕੱਢਿਆ। ਪੋਸਟਮਾਰਟਮ ਰਿਪੋਰਟ ਵਿਚ ਬੱਚੀ ਦੇ ਸਿਰ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਸੱਟਾਂ ਦੇ ਨਿਸ਼ਾਨ ਹੋਣ ਦੀ ਗੱਲ ਸਾਹਮਣੇ ਆਈ ਹੈ। ਜੋੜੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਇੰਸਪੈਕਟਰ ਐੱਸ. ਏ. ਦਾਵਨੇ ਨੇ ਦੱਸਿਆ ਕਿ ਜੋੜੇ ਨੂੰ ਬੁੱਧਵਾਰ ਨੂੰ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੂੰ 15 ਅਪ੍ਰੈਲ ਤੱਕ ਪੁਲਸ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ।

# ਲੋਕ ਸਭਾ ਚੋਣਾਂ ਦੌਰਾਨ ਦਲ-ਬਦਲੀ ਜਾਰੀ, ਅਕਾਲੀ ਤੇ ਕਾਂਗਰਸ ਨੂੰ ਮੁੜ ਝਟਕਾ ਦੇਵੇਗੀ ਭਾਜਪਾ

**ਏਜੰਸੀਆਂ**

ਜਲੰਧਰ 12 ਅਪ੍ਰੈਲ। ਭਾਜਪਾ 'ਚ ਅਗਲੇ ਇਕ-ਦੋ ਦਿਨਾਂ 'ਚ ਕੁਝ ਅਕਾਲੀ ਅਤੇ ਕਾਂਗਰਸੀ ਪਰਿਵਾਰ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਨੂੰ ਲੈ ਕੇ ਭਾਜਪਾ ਦੇ ਕੇਂਦਰੀ ਪੱਧਰ 'ਤੇ ਗੱਲਬਾਤ ਚੱਲ ਰਹੀ ਹੈ। ਭਾਜਪਾ ਦੇ ਭਰੋਸੇਯੋਗ ਆਗੂਆਂ ਦਾ ਮੰਨਣਾ ਹੈ ਕਿ ਮਾਲਵਾ ਨਾਲ ਸੰਬੰਧ ਰੱਖਦੇ ਅਕਾਲੀ ਅਤੇ ਕਾਂਗਰਸੀ ਪਰਿਵਾਰਾਂ ਨੂੰ ਲੈ ਕੇ ਗੱਲਬਾਤ ਅੰਤਿਮ ਦੌਰ ਤੱਕ ਪੁੱਜ ਚੁੱਕੀ ਹੈ। ਅਕਾਲੀ ਪਰਿਵਾਰ ਸਾਬਕਾ ਅਕਾਲੀ ਮੰਤਰੀ ਦੇ ਨਾਲ ਸੰਬੰਧ ਰੱਖਦਾ ਹੈ ਅਤੇ ਮਾਲਵਾ ਖੇਤਰ 'ਚ ਉਨ੍ਹਾਂ ਦਾ ਕਾਫੀ ਪ੍ਰਭਾਵ ਦੱਸਿਆ ਜਾਂਦਾ ਹੈ। ਭਾਜਪਾ ਨੂੰ ਇਸ ਸਮੇਂ ਮਾਲਵਾ 'ਚ ਕਈ ਸੀਟਾਂ 'ਤੇ ਉਮੀਦਵਾਰਾਂ ਦੀ ਚੋਣ ਕਰਨ 'ਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਜਪਾ ਨੇ ਅਜੇ ਤਕ ਮਾਲਵਾ ਦੀਆਂ ਕਈ ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਕਿਉਂਕਿ ਭਾਜਪਾ ਹੋਰ ਪਾਰਟੀਆਂ ਤੋਂ ਆਗੂਆਂ ਨੂੰ ਆਪਣੀ ਪਾਰਟੀ 'ਚ ਲਿਆ ਕੇ ਉਨ੍ਹਾਂ ਨੂੰ ਉਮੀਦਵਾਰ ਬਣਾਉਣਾ ਚਾਹੁੰਦੀ ਹੈ। ਭਾਜਪਾ ਨੇ ਅਜੇ ਸੰਗਰੂਰ, ਬਠਿੰਡਾ, ਫਿਰੋਜਪੁਰ ਆਦਿ ਅਹਿਮ ਸੀਟਾਂ 'ਤੇ ਆਪਣੇ ਉਮੀਦਵਾਰ ਐਲਾਨੇ ਹਨ। ਹੁਸ਼ਿਆਰਪੁਰ ਲੋਕ ਸਭਾ ਸੀਟ 'ਤੇ ਵੀ ਭਾਜਪਾ ਨੇ ਅਜੇ ਆਪਣਾ ਉਮੀਦਵਾਰ ਨਹੀਂ ਐਲਾਨਿਆ। ਜੀ. ਟੀ. ਰੋਡ ਬੈਲਟ 'ਤੇ ਭਾਜਪਾ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਪਟਿਆਲਾ 'ਚ




ਆਪਣੇ ਉਮੀਦਵਾਰ ਐਲਾਨ ਚੁੱਕੀ ਹੈ। ਦੱਖਣੀ ਮਾਲਵਾ ਖੇਤਰ 'ਚ ਪਾਰਟੀ ਨੂੰ ਮਜਬੂਤ ਉਮੀਦਵਾਰਾਂ ਦੀ ਭਾਲ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਵੀ ਅਜੇ ਤੱਕ ਕੋਈ ਵੀ ਉਮੀਦਵਾਰ ਨਹੀਂ ਐਲਾਨਿਆ। ਸਿਰਫ ਆਮ ਆਦਮੀ ਪਾਰਟੀ ਨੇ ਹੀ ਅਜੇ ਤੱਕ ਸਭ ਤੋਂ ਵੱਧ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਸਿਆਸੀ ਹਲਕਿਆਂ 'ਚ ਮੰਨਿਆ ਜਾ ਰਿਹਾ ਹੈ ਕਿ ਅਗਲਾ ਇਕ ਹਫਤਾ ਕਾਫੀ ਅਹਿਮ ਸਿੱਧ ਹੋ ਸਕਦਾ ਹੈ। ਦੂਜੇ ਪਾਸੇ ਭਾਜਪਾ ਦੇ ਕੁਝ ਆਗੂ ਕਿਸਾਨਾਂ ਦੀ ਬੈਠਕ ਕੇਂਦਰੀ ਲੀਡਰਸ਼ਿਪ ਨਾਲ ਕਰਵਾਉਣ ਦਾ ਯਤਨ ਕਰ ਰਹੇ ਹਨ ਕਿਉਂਕਿ ਸੂਬੇ 'ਚ ਭਾਜਪਾ ਦੇ ਕੁਝ ਉਮੀਦਵਾਰਾਂ ਨੂੰ ਕਿਸਾਨਾਂ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਇਕਾਈ ਦੇ ਆਗੂ ਚਾਹੁੰਦੇ ਹਨ ਕਿ ਚੋਣ ਨੋਟੀਫਿਕੇਸ਼ਨ ਹੋਣ ਤੋਂ ਪਹਿਲਾਂ ਹੀ ਕਿਸਾਨਾਂ ਦੀ ਬੈਠਕ ਪ੍ਰਧਾਨ ਮੰਤਰੀ ਨਾਲ ਕਰਵਾ ਦਿੱਤੀ ਜਾਵੇ ਤਾਂ ਕਿ ਕਿਸਾਨਾਂ ਨੂੰ ਸ਼ਾਂਤ ਕੀਤਾ ਜਾ ਸਕੇ।

# ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਸ਼੍ਰੀ ਰਾਮਨੌਮੀ ਉਤਸਵ ਕਮੇਟੀ ਦੇ ਅਹੁਦੇਦਾਰਾਂ ਨਾਲ ਕੀਤੀ ਬੈਠਕ, ਪ੍ਰਬੰਧਾਂ ਦਾ ਲਿਆ ਜਾਇਜਾ

**ਸਰਦੂਲ ਸਿੰਘ**

ਜਲੰਧਰ 12 ਅਪ੍ਰੈਲ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਬੁੱਧਵਾਰ ਸ਼੍ਰੀ ਵਿਜੇ ਕੁਮਾਰ ਚੋਪੜਾ ਦੀ ਪ੍ਰਧਾਨਗੀ ਵਿਚ ਸ਼੍ਰੀ ਰਾਮਨੌਮੀ ਉਤਸਵ ਕਮੇਟੀ (ਰਜਿ.) ਵੱਲੋਂ 17 ਅਪ੍ਰੈਲ ਨੂੰ ਰਾਮਨੌਮੀ ਦੇ ਦਿਨ ਸਥਾਨਕ ਹਿੰਦ ਸਮਾਚਾਰ ਗਰਾਊਂਡ ਤੋਂ ਨਿਕਲਣ ਵਾਲੀ ਸ਼ੋਭਾ ਯਾਤਰਾ ਨੂੰ ਲੈ ਕੇ ਕਮੇਟੀ ਦੇ ਅਹੁਦੇਦਾਰਾਂ ਨਾਲ ਬੈਠਕ ਕੀਤੀ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਜਾਇਜਾ ਲਿਆ। ਉਨ੍ਹਾਂ ਨੇ ਇਸ ਦੌਰਾਨ ਮੌਜੂਦ ਕਮਿਸ਼ਨਰੇਟ ਪੁਲਸ, ਨਗਰ ਨਿਗਮ, ਸਿਹਤ ਵਿਭਾਗ, ਪਾਵਰਕਾਮ, ਪੀ. ਡਬਲਿਊ. ਡੀ., ਮੰਡੀ ਬੋਰਡ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਡਿਊਟੀਆਂ ਸੌਂਪਦਿਆਂ ਸ਼੍ਰੀ ਰਾਮ ਭਗਤਾਂ ਦੀ ਸਹੂਲਤ ਲਈ ਸਾਰੀਆਂ ਵਿਵਸਥਾਵਾਂ ਸਮੇਂ 'ਤੇ ਯਕੀਨੀ ਕਰਨ ਦੇ ਨਿਰਦੇਸ਼ ਵੀ ਦਿੱਤੇ। ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਚ ਆਯੋਜਿਤ ਮੀਟਿੰਗ ਦੌਰਾਨ ਵਰਿੰਦਰ ਸ਼ਰਮਾ ਯੋਗੀ, ਅਵਨੀਸ਼ ਅਰੋੜਾ, ਨਵਲ ਕੰਬੋਜ, ਵਿਵੇਕ ਖੰਨਾ, ਪ੍ਰਿੰਸ ਅਸ਼ੋਕ ਗਰੋਵਰ, ਐੱਮ. ਡੀ. ਸੱਭਰਵਾਲ, ਵਿਨੋਦ ਅਗਰਵਾਲ, ਡਾ. ਮੁਕੇਸ਼ ਵਾਲੀਆ, ਸੋਮੇਸ਼ ਆਨੰਦ, ਪਵਨ ਭੋਡੀ, ਅਮਿਤ ਤਲਵਾੜ, ਜਤਿੰਦਰ ਚੋਪੜਾ ਅਤੇ ਹੋਰਨਾਂ ਨੇ ਡਿਪਟੀ ਕਮਿਸ਼ਨਰ ਨੂੰ ਸ਼ੋਭਾ ਯਾਤਰਾ ਦੇ ਸ਼ੁੱਭ ਆਰੰਭ ਤੋਂ ਪਹਿਲਾਂ ਹਿੰਦ ਸਮਾਚਾਰ ਗਰਾਊਂਡ ਵਿਚ ਆਯੋਜਿਤ ਕੀਤੇ ਜਾਣ ਵਾਲੇ ਧਾਰਮਿਕ ਪ੍ਰੋਗਰਾਮ ਤੋਂ ਇਲਾਵਾ ਸ਼ੋਭਾ ਯਾਤਰਾ ਮਾਰਗ 'ਤੇ ਟ੍ਰੈਫਿਕ ਰੂਟ ਨੂੰ ਡਾਇਵਰਟ ਕਰਨਾ, ਸੜਕਾਂ ਅਤੇ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ, ਨਿਰਵਿਘਨ ਬਿਜਲੀ ਦੀ ਸਪਲਾਈ, ਪੀਣ ਵਾਲੇ ਪਾਣੀ ਅਤੇ ਆਰਜੀ ਪਖਾਨੇ, ਐਂਬੂਲੈਂਸ ਵਿਵਸਥਾ ਅਤੇ ਮੈਡੀਕਲ ਟੀਮਾਂ ਦੀ ਤਾਇਨਾਤੀ, ਚੌਕਾਂ ਦੀ ਸਜਾਵਟ ਅਤੇ ਹੋਰ ਪ੍ਰਬੰਧਾਂ ਨੂੰ ਲੈ ਕੇ ਆਪਣੇ ਵਿਚਾਰ ਰੱਖੇ। ਉਨ੍ਹਾਂ ਦੱਸਿਆ ਕਿ ਹਰ ਸਾਲ ਵਾਂਗ ਸ਼ੋਭਾ ਯਾਤਰਾ ਸ਼੍ਰੀ ਰਾਮ ਚੌਕ, ਭਗਵਾਨ ਵਾਲਮੀਕਿ ਚੌਕ, ਬਸਤੀ ਅੱਡਾ, ਪਟੇਲ ਚੌਕ, ਮਾਈ ਹੀਰਾਂ ਗੇਟ, ਟਾਂਡਾ ਚੌਕ, ਹੁਸ਼ਿਆਰਪੁਰ ਅੱਡਾ ਚੌਕ, ਸ਼ਹੀਦ ਭਗਤ ਸਿੰਘ ਚੌਕ, ਮਿਲਾਪ ਚੌਕ ਤੋਂ ਹੁੰਦੇ ਹੋਏ ਹਿੰਦ ਸਮਾਚਾਰ ਗਰਾਊਂਡ ਵਿਚ ਪਹੁੰਚੇਗੀ, ਜਿੱਥੇ ਸ਼ੋਭਾ ਯਾਤਰਾ ਨੂੰ ਆਰਾਮ ਦਿੱਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਦੌਰਾਨ ਸ਼ਰਧਾਲੂਆਂ ਦੀ




ਆਮਦ ਅਤੇ ਸਹੂਲਤ ਲਈ ਸਮੇਂ ਸਿਰ ਵਿਵਸਥਾ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਡਾ. ਹਿਮਾਂਸ਼ੂ ਅਗਰਵਾਲ ਨੇ ਮੀਟਿੰਗ ਵਿਚ ਮੌਜੂਦ ਜੁਆਇੰਟ ਪੁਲਸ ਕਮਿਸ਼ਨਰ ਸੰਦੀਪ ਸ਼ਰਮਾ, ਐਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਮੇਜਰ ਡਾ. ਅਮਿਤ ਮਹਾਜਨ, ਐੱਸ. ਡੀ. ਐੱਮ.-1 ਜੈਇੰਦਰ ਸਿੰਘ, ਐੱਸ. ਡੀ. ਐੱਮ.-2 ਬਲਬੀਰ ਰਾਜ ਸਿੰਘ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਪੁਨੀਤ ਸ਼ਰਮਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਰੂਟ ਦੀ ਸਫਾਈ ਵਿਵਸਥਾ ਨੂੰ ਦਰੁੱਸਤ ਰੱਖਣ, ਮੇਨ ਪੁਆਇੰਟਸ 'ਤੇ ਐਂਬੂਲੈਂਸ ਅਤੇ ਮੈਡੀਕਲ ਟੀਮ ਅਤੇ ਮਹਿਲਾ ਡਾਕਟਰਾਂ ਦੀ ਤਾਇਨਾਤੀ ਤੋਂ ਇਲਾਵਾ ਐਮਰਜੈਂਸੀ ਦਵਾਈਆਂ ਦਾ ਵੀ ਪ੍ਰਬੰਧ ਕਰਨ ਲਈ ਕਿਹਾ। ਡਿਪਟੀ ਕਮਿਸ਼ਨਰ ਨੇ ਸੜਕਾਂ 'ਤੇ ਪਾਣੀ ਦਾ ਛਿੜਕਾਅ, ਪੀਣ ਵਾਲੇ ਪਾਣੀ ਦੀ ਵਿਵਸਥਾ, ਮੋਬਾਈਲ ਪਖਾਨੇ, ਫਾਇਰ ਬ੍ਰਿਗੇਡ, ਸਟਰੀਟ ਲਾਈਟ ਵਿਵਸਥਾ ਨੂੰ ਦਰੁੱਸਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਾਵਰਕਾਮ ਅਧਿਕਾਰੀਆਂ ਨੂੰ ਸਮੁੱਚੇ ਸ਼ੋਭਾ ਯਾਤਰਾ ਰੋਡ 'ਤੇ ਸੜਕਾਂ ਵਿਚੋਂ ਲੰਘਦੀਆਂ ਬਿਜਲੀ ਦੀਆਂ ਲਟਕਦੀਆਂ ਤਾਰਾਂ ਨੂੰ 15-16 ਫੁੱਟ ਤੋਂ ਉੱਪਰ ਤਕ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਸ਼ੋਭਾ ਯਾਤਰਾ ਵਿਚ ਸ਼ਾਮਲ ਉੱਚੀਆਂ ਝਾਕੀਆਂ ਨੂੰ ਕੋਈ ਦਿੱਕਤ ਨਾ ਆ ਸਕੇ। ਇਸ ਤੋਂ ਇਲਾਵਾ ਸਾਰੇ ਸੁਲਭ ਪਖਾਨਿਆਂ ਦੀ ਸਮੁੱਚੀ ਸਫਾਈ ਯਕੀਨੀ ਕੀਤੀ ਜਾਵੇ। ਉਨ੍ਹਾਂ ਨੇ ਪੁਲਸ ਵਿਭਾਗ ਨੂੰ ਸ਼ੋਭਾ ਯਾਤਰਾ ਦੌਰਾਨ ਸੁਰੱਖਿਆ, ਸੁਚਾਰੂ ਆਵਾਜਾਈ ਵਿਵਸਥਾ, ਮਹਿਲਾ ਪੁਲਸ ਦੀ ਤਾਇਨਾਤੀ, ਬੈਰੀਕੇਡਿੰਗ ਅਤੇ ਢੁੱਕਵੀਂ ਪਾਰਕਿੰਗ ਯਕੀਨੀ ਕਰਨ ਦਾ ਨਿਰਦੇਸ਼ ਦਿੱਤਾ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਪੂਰੀ ਵਿਵਸਥਾ ਦੀ ਨਿੱਜੀ ਨਿਗਰਾਨੀ ਕਰਨ ਲਈ ਕਿਹਾ ਤਾਂ ਜੋ ਕੋਈ ਮੰਦਭਾਗੀ ਘਟਨਾ ਨਾ ਵਾਪਰ ਸਕੇ। ਉਨ੍ਹਾਂ ਨੇ ਸ਼੍ਰੀ ਰਾਮਨੌਮੀ ਉਤਸਵ ਕਮੇਟੀ ਦੇ ਅਹੁਦੇਦਾਰਾਂ ਨੂੰ ਭਰੋਸਾ ਦਿੱਤਾ ਕਿ ਸ਼ੋਭਾ ਯਾਤਰਾ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਚਿਤ ਵਿਵਸਥਾਵਾਂ ਕਰਦਿਆਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਇਸ ਦੌਰਾਨ ਕਮੇਟੀ ਦੇ ਅਹੁਦੇਦਾਰਾਂ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਹੋਰ ਅਧਿਕਾਰੀਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਮਨਮੋਹਨ ਕਪੂਰ, ਗੁਲਸ਼ਨ ਸੱਭਰਵਾਲ, ਸੰਜੀਵ ਦੇਵ ਸ਼ਰਮਾ, ਪ੍ਰਦੀਪ ਛਾਬੜਾ, ਗੌਰਵ ਮਹਾਜਨ, ਮੱਟੂ ਸ਼ਰਮਾ, ਸੁਨੀਲ ਸ਼ਰਮਾ ਅਤੇ ਹੋਰ ਵੀ ਹਾਜਰ ਸਨ।